19-OCT-PAGE-1.qxd 10/18/2022 9:49 PM Page 1

ਬੁੱਧਵਾਰ, 19 ਅਕਤੂਬਰ, 2022
3 ਕੱਤਕ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 139

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 19 OCTOBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਕਾਮਰੇਡ ਡੀ ਰਾਜਾ ਸੀ ਪੀ ਆਈ ਦੇ ਮੁੜ ਜਨਰਲ ਸਕੱਤਰ ਚੁਣੇ ਗਏ

## ਬੰਤ ਬਰਾੜ ਤੇ ਗੋਰੀਆ ਕੌਮੀ ਐਗਜ਼ੈਕਟਿਵ ਦੇ ਮੈਂਬਰ ਬਣੇ, ਕੌਮੀ ਕੌਂਸਲ 'ਚ ਪੰਜਾਬ ਦੇ 7 ਮੈਂਬਰ

**ਵਿਜੇਵਾੜਾ (ਆਂਧਰਾ ਪ੍ਰਦੇਸ਼) (ਗਿਆਨ ਸੈਦਪੁਰੀ/ ਕਮਲਜੀਤ ਥਾਬਲਕੇ)**

ਪੰਜ ਦਿਨ ਦੇ ਸਿਆਸੀ ਮੰਥਨ ਤੋਂ ਬਾਅਦ ਸਿਆਸੀ ਅਤੇ ਵਿਚਾਰਧਾਰਕ ਏਕਤਾ ਦੇ ਅਧਾਰ 'ਤੇ ਇੱਕ ਤਾਕਤਵਰ ਕਮਿਊਨਿਸਟ ਪਾਰਟੀ ਬਣਾਉਣ ਦਾ ਹੋਕਾ ਦਿੰਦੀ ਸੀ ਪੀ ਆਈ ਦੀ 24ਵੀਂ ਪਾਰਟੀ ਕਾਂਗਰਸ ਸਮਾਪਤ ਹੋ ਗਈ। ਨੈਸ਼ਨਲ ਕੌਂਸਲ ਦੀ ਚੋਣ ਪਿੱਛੋਂ ਕਾਮਰੇਡ ਡੀ. ਰਾਜਾ ਨੂੰ ਸਰਬਸੰਮਤੀ ਨਾਲ ਜਨਰਲ ਸਕੱਤਰ ਚੁਣ ਲਿਆ ਗਿਆ। ਸੀ ਪੀ ਆਈ ਦੀ 23ਵੀਂ ਪਾਰਟੀ ਕਾਂਗਰਸ 2018 ਵਿੱਚ ਕੇਰਲ ਦੇ ਸ਼ਹਿਰ ਕੋਲਮ ਵਿੱਚ ਹੋਈ ਸੀ। ਉਸ ਵਿੱਚ ਐੱਸ ਸੁਧਾਕਰ ਰੈਡੀ ਜਨਰਲ ਸਕੱਤਰ ਬਣੇ ਸਨ। ਉਹ ਜੁਲਾਈ 2019 ਵਿੱਚ ਸਵੈ-ਇੱਛਾ ਨਾਲ ਸੇਵਾਮੁਕਤ ਹੋ ਗਏ ਸਨ। ਪਾਰਟੀ ਦੀ ਕੌਮੀ ਕੌਂਸਲ ਦੀ ਉਸ ਵੇਲੇ ਹੋਈ ਮੀਟਿੰਗ ਵਿੱਚ ਕਾਮਰੇਡ ਡੀ. ਰਾਜਾ ਨੂੰ ਕਾਮਰੇਡ ਰੈਡੀ ਦਾ ਅਹੁਦਾ ਸੌਂਪ ਦਿੱਤਾ ਗਿਆ ਸੀ।

ਇਸ ਵਾਰ ਆਂਧਰਾ ਪ੍ਰਦੇਸ਼ ਦੇ ਸ਼ਹਿਰ ਵਿਜੇਵਾੜਾ ਵਿੱਚ 14 ਅਕਤੂਬਰ ਤੋਂ ਪਾਰਟੀ ਕਾਂਗਰਸ ਸ਼ੁਰੂ ਹੋਈ ਸੀ। ਮੰਗਲਵਾਰ ਨੂੰ ਬਾਅਦ ਦੁਪਹਿਰ ਸਰਬਸੰਮਤੀ ਨਾਲ ਡੀ. ਰਾਜਾ ਨੂੰ ਜਨਰਲ ਸਕੱਤਰ ਚੁਣ ਲਿਆ ਗਿਆ। ਇਸ ਤੋਂ ਪਹਿਲਾਂ 125 ਮੈਂਬਰੀ ਕੌਮੀ ਕੌਂਸਲ ਵਿੱਚ ਪੰਜਾਬ ਤੋਂ ਇੱਕ ਇਸਤਰੀ ਮੈਂਬਰ ਸਮੇਤ ਸੱਤ ਮੈਂਬਰਾਂ ਦੀ ਚੋਣ ਕੀਤੀ ਗਈ। ਇਨ੍ਹਾਂ ਵਿੱਚ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੂੰ ਪਾਰਟੀ ਦੇ ਕੌਮੀ ਕੰਟਰੋਲ ਕਮਿਸ਼ਨ ਦਾ ਮੈਂਬਰ ਚੁਣਿਆ ਗਿਆ। ਕਾਮਰੇਡ ਅਰਸ਼ੀ ਪਹਿਲਾਂ ਵੀ ਕੌਮੀ ਕੌਂਸਲ ਦੇ ਮੈਂਬਰ ਸਨ। ਸੀ ਪੀ ਆਈ ਦੀ ਪੰਜਾਬ ਇਕਾਈ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ, ਸਾਬਕਾ ਸਕੱਤਰ ਕਾਮਰੇਡ ਜਗਰੂਪ, ਕਾਮਰੇਡ ਨਿਰਮਲ ਸਿੰਘ ਧਾਲੀਵਾਲ ਤੇ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਕੌਮੀ ਕੌਂਸਲ ਦੇ ਮੈਂਬਰ ਚੁਣੇ ਗਏ।

ਏਟਕ ਆਗੂ ਕਾਮਰੇਡ ਅਮਰਜੀਤ ਸਿੰਘ ਆਸਲ ਅਤੇ ਪੰਜਾਬ ਇਸਤਰੀ ਸਭਾ ਦੀ ਸੀਨੀਅਰ ਆਗੂ ਕਾਮਰੇਡ ਨਰਿੰਦਰ ਕੌਰ ਸੋਹਲ ਪਹਿਲੀ ਵਾਰ ਨੈਸ਼ਨਲ ਕੌਂਸਲ ਦੇ ਮੈਂਬਰ ਬਣੇ ਹਨ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਤੇ ਕਾਮਰੇਡ ਬੰਤ ਬਰਾੜ ਕੌਮੀ ਐਗਜ਼ੈਕਟਿਵ ਦੇ ਮੈਂਬਰ ਚੁਣੇ ਗਏ ਹਨ।





ਬੰਤ ਬਰਾੜ



ਗੁਲਜ਼ਾਰ ਗੋਰੀਆ



ਪੰਜਾਬ ਤੋਂ ਕੌਮੀ ਕੌਂਸਲ ਲਈ ਚੁਣੇ ਗਏ ਪ੍ਰਿਥੀਪਾਲ ਸਿੰਘ ਮਾੜੀਮੇਘਾ, ਨਿਰਮਲ ਸਿੰਘ ਧਾਲੀਵਾਲ, ਬੰਤ ਸਿੰਘ ਬਰਾੜ, ਹਰਦੇਵ ਅਰਸ਼ੀ, ਜਗਰੂਪ, ਨਰਿੰਦਰ ਕੌਰ ਸੋਹਲ ਤੇ ਅਮਰਜੀਤ ਆਸਲ। (ਫੋਟੋ : ਥਾਬਲਕੇ, ਵੇਰਵਾ : ਸੈਦਪੁਰੀ)।

## ਕਾਮਰੇਡ ਘਾਟੇ ਤੋਂ ਬਰਧਨ ਤੱਕ ਨੂੰ ਸਤਿਕਾਰ ਨਾਲ ਯਾਦ ਕੀਤਾ

**ਵਿਜੇਵਾੜਾ (ਕਾਮਰੇਡ ਗੁਰੂਦਾਸ ਦਾਸਗੁਪਤਾ ਨਗਰ)**

ਇੱਥੇ ਚੱਲ ਰਹੀ ਸੀ ਪੀ ਆਈ ਦੀ 24ਵੀਂ ਪਾਰਟੀ ਕਾਂਗਰਸ ਵਿੱਚ ਪ੍ਰਬੰਧਕਾਂ ਵੱਲੋਂ ਪਹਿਲੇ ਜਨਰਲ ਸਕੱਤਰ ਐਸ ਵੀ ਘਾਟੇ ਤੋਂ ਲੈ ਕੇ ਏ ਬੀ ਬਰਧਨ ਤੱਕ ਵਿੱਛੜ ਚੁੱਕੇ ਜਨਰਲ ਸਕੱਤਰਾਂ ਨੂੰ ਸਤਿਕਾਰ ਨਾਲ ਯਾਦ ਕੀਤਾ ਗਿਆ। ਕਾਮਰੇਡ ਗੁਰੂਦਾਸ ਦਾਸਗੁਪਤਾ ਨਗਰ ਵਿੱਚ ਸਾਰੇ ਜਨਰਲ ਸਕੱਤਰਾਂ ਦੇ ਰੰਗਦਾਰ ਫਲੈਕਸ ਬੋਰਡ ਲਾਏ ਗਏ ਹਨ। ਇਨ੍ਹਾਂ ਬੋਰਡਾਂ ਉੱਪਰ ਉਨ੍ਹਾਂ ਦੇ ਕਾਰਜਕਾਲ ਦਾ ਸਮਾਂ ਦਰਜ ਕੀਤਾ ਹੋਇਆ ਹੈ।

ਸੀ ਪੀ ਆਈ ਦੀ ਪਹਿਲੀ ਕਾਨਫ਼ਰੰਸ ਕਾਨਪੁਰ ਵਿੱਚ 1925 ਵਿੱਚ 25 ਦਸੰਬਰ ਤੋਂ 29 ਦਸੰਬਰ ਦੌਰਾਨ ਹੋਈ ਸੀ। ਇਸ ਕਾਨਫਰੰਸ ਵਿੱਚ ਐਸ ਵੀ ਘਾਟੇ ਅਤੇ ਜੇ ਪੀ ਬਾਗੇਰਹਾਟਾ ਦੋ ਜਨਰਲ ਸਕੱਤਰ ਚੁਣੇ ਗਏ ਸਨ। ਕਾਮਰੇਡ ਸਿੰਗਾਰਵੇਲੂ ਨੂੰ ਚੇਅਰਮੈਨ ਬਣਾਇਆ ਗਿਆ ਸੀ। ਦੂਸਰੀ ਕਾਨਫ਼ਰੰਸ 1933 ਨੂੰ ਕਲਕੱਤਾ ਵਿਖੇ ਹੋਈ ਸੀ। ਇਸ ਵਿੱਚ ਡਾ. ਜੀ. ਅਧਿਕਾਰੀ ਨੂੰ ਜਨਰਲ ਸਕੱਤਰ ਚੁਣਿਆ ਗਿਆ ਸੀ। ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਐੱਸ ਐੱਸ ਮਿਰਜਾਕਰ ਕਾਰਜਕਾਰੀ ਜਨਰਲ ਸਕੱਤਰ ਬਣੇ ਸਨ। ਕੁਝ ਸਮੇਂ ਬਾਅਦ ਸੋਮਨਾਥ ਲਹਿਰੀ ਨੂੰ ਜਨਰਲ ਸਕੱਤਰ ਬਣਾਇਆ ਗਿਆ ਸੀ।

1933 ਵਿੱਚ ਹੀ ਡਾ. ਗੰਗਾਧਰ ਅਧਿਕਾਰੀ ਜਨਰਲ ਸਕੱਤਰ ਬਣ ਗਏ ਅਤੇ ਉਹ 1935 ਤੱਕ ਇਸ ਅਹੁਦੇ 'ਤੇ ਰਹੇ। 1935 ਵਿੱਚ ਪੂਰਨ ਚੰਦ ਜੋਸ਼ੀ ਨੂੰ ਜਨਰਲ ਸਕੱਤਰ ਬਣਾਇਆ ਗਿਆ। ਜਨਰਲ ਸਕੱਤਰਾਂ ਦੀ ਚੋਣ ਲਈ 1935 ਤੱਕ ਕੀਤੇ ਗਏ ਸਮਾਗਮਾਂ ਨੂੰ ਕਾਨਫ਼ਰੰਸ ਆਖਿਆ ਜਾਂਦਾ ਸੀ। ਪਾਰਟੀ ਦੀ ਪਹਿਲੀ ਕਾਂਗਰਸ ਬੰਬਈ ਵਿੱਚ ਹੋਈ ਸੀ। ਇਹ 23 ਮਈ ਤੋਂ 1 ਜੂਨ ਤੱਕ 1943 ਵਿੱਚ ਹੋਈ ਸੀ। ਇਸ ਵਿੱਚ ਪੀ ਸੀ ਜੋਸ਼ੀ ਜਨਰਲ ਸਕੱਤਰ

● ਬਾਕੀ ਸਫ਼ਾ 2 'ਤੇ




ਸੀ ਪੀ ਆਈ ਦੇ ਪਹਿਲੇ ਜਨਰਲ ਸਕੱਤਰ ਐੱਸ ਵੀ ਘਾਟੇ।

## ਗੋਸਲ ਨੂੰ ਹਟਾਉਣ ਦੀ ਹਦਾਇਤ



**ਚੰਡੀਗੜ੍ਹ :** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਤਬੀਰ ਸਿੰਘ ਗੋਸਲ ਨੂੰ ਲੁਧਿਆਣਾ ਸਥਿਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੇ ਵਾਈਸ ਚਾਂਸਲਰ ਦੇ ਅਹੁਦੇ ਤੋਂ ਹਟਾਉਣ ਲਈ ਕਿਹਾ ਹੈ। ਗੋਸਲ ਦੀ ਨਿਯੁਕਤੀ ਨੂੰ ਪੂਰੀ ਤਰ੍ਹਾਂ ਗੈਰ-ਕਾਨੂੰਨੀ ਕਰਾਰ ਦਿੰਦਿਆਂ ਰਾਜਪਾਲ, ਜੋ ਪੀ ਏ ਯੂ ਦੇ ਚਾਂਸਲਰ ਵੀ ਹਨ, ਨੇ ਕਿਹਾ ਕਿ ਇਹ ਨਿਯੁਕਤੀ ਪੰਜਾਬ ਸਰਕਾਰ ਵੱਲੋਂ ਯੂ ਜੀ ਸੀ ਦੇ ਨਿਯਮਾਂ ਅਤੇ ਚਾਂਸਲਰ ਦੀ ਪ੍ਰਵਾਨਗੀ ਤੋਂ ਬਗੈਰ ਕੀਤੀ ਗਈ ਸੀ।

## ਦੋ ਪ੍ਰਵਾਸੀ ਮਜ਼ਦੂਰਾਂ ਦੀ ਹੱਤਿਆ

**ਸ੍ਰੀਨਗਰ :** ਸ਼ੋਪੀਆਂ ਦੇ ਹਰਮੇਨ ਵਿਚ ਦਹਿਸ਼ਤਗਰਦਾਂ ਨੇ ਗਰਨੇਡ ਹਮਲੇ ਨਾਲ ਦੋ ਮਜ਼ਦੂਰ ਮਾਰ ਦਿੱਤੇ। ਮਨੀਸ਼ ਕੁਮਾਰ (40) ਤੇ ਰਾਮ ਸਾਗਰ ਯੂ ਪੀ ਦੇ ਕਨੌਂਜ ਤੋਂ ਦੋ ਮਹੀਨੇ ਪਹਿਲਾਂ ਮਜ਼ਦੂਰੀ ਕਰਨ ਆਏ ਸਨ। ਦਹਿਸ਼ਤਗਰਦਾਂ ਨੇ ਸੋਮਵਾਰ ਰਾਤ 5 ਮਜ਼ਦੂਰਾਂ 'ਤੇ ਗਰਨੇਡ ਸੁੱਟਿਆ, ਜਦੋਂ ਉਹ ਸੌਂ ਰਹੇ ਸਨ। ਤਿੰਨ ਦਿਨ ਪਹਿਲਾਂ ਸ਼ੋਪੀਆਂ ਵਿਚ ਹੀ ਕਸ਼ਮੀਰੀ ਪੰਡਤ ਪੂਰਨ ਕ੍ਰਿਸ਼ਨ ਭੱਟ ਦੀ ਹੱਤਿਆ ਕਰ ਦਿੱਤੀ ਗਈ ਸੀ।

## ਬਿਲਕਿਸ ਬਾਨੋ ਕੇਸ ਦੀ ਸੁਣਵਾਈ 29 ਨਵੰਬਰ ਨੂੰ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮੰਗਲਵਾਰ ਕਿਹਾ ਕਿ ਉਹ 2002 ਦੇ ਬਿਲਕਿਸ ਬਾਨੋ ਸਮੂਹਕ ਜਬਰ-ਜ਼ਨਾਹ ਮਾਮਲੇ ਦੇ 11 ਦੋਸ਼ੀਆਂ ਨੂੰ ਮਾਫੀ ਦੇਣ ਦੇ ਫੈਸਲੇ ਖਿਲਾਫ ਪਟੀਸ਼ਨ 'ਤੇ 29 ਨਵੰਬਰ ਨੂੰ ਸੁਣਵਾਈ ਕਰੇਗੀ। ਜਸਟਿਸ ਅਜੈ ਰਸਤੋਗੀ ਅਤੇ ਜਸਟਿਸ ਸੀ ਟੀ ਰਵੀ ਕੁਮਾਰ ਦੀ ਬੈਂਚ ਨੇ ਨਿਰਦੇਸ਼ ਦਿੱਤਾ ਕਿ ਮਾਮਲੇ 'ਤੇ ਗੁਜਰਾਤ ਸਰਕਾਰ ਵੱਲੋਂ ਦਾਇਰ ਜਵਾਬ ਸਾਰੀਆਂ ਧਿਰਾਂ ਨੂੰ ਉਪਲੱਬਧ ਕਰਵਾਇਆ ਜਾਵੇ।

## ਡਰੋਨ ਫੁੰਡਿਆ, ਢਾਈ ਕਿੱਲੋ ਹੈਰੋਇਨ ਬਰਾਮਦ

**ਰਾਮਦਾਸ :** ਬੀ ਐੱਸ ਐੱਫ ਨੇ ਸਰਹੱਦ ਤੇ ਬੀ ਪੀ ਓ ਕਾਲਮ ਡੋਗਰ ਨੇੜੇ ਪਾਕਿਸਤਾਨ ਤੋਂ ਆਏ ਡਰੋਨ ਨੂੰ ਗੋਲੀਆਂ ਮਾਰ ਕੇ ਸੁੱਟ ਲਿਆ ਅਤੇ 13 ਕਰੋੜ ਰੁਪਏ ਦੀ ਢਾਈ ਕਿਲੋ ਹੈਰੋਇਨ ਬਰਾਮਦ ਕੀਤੀ। ਸੋਮਵਾਰ ਰਾਤ 8.30 ਵਜੇ ਦੇ ਕਰੀਬ ਜਵਾਨਾਂ ਨੂੰ ਸਰਹੱਦ ਉਪਰ ਡਰੋਨ ਦੀ ਆਵਾਜ਼ ਸੁਣਾਈ ਦਿੱਤੀ, ਜਿਸ ਤੋਂ ਬਾਅਦ ਜਵਾਨਾਂ ਨੇ ਫਾਇਰਿੰਗ ਕਰ ਦਿੱਤੀ। ਜਾਂਚ ਕਰਨ 'ਤੇ ਡਿੱਗੇ ਡਰੋਨ ਨਾਲ ਨੱਥੀ ਬੈਗ ਵਿੱਚੋਂ ਕਰੀਬ ਢਾਈ ਕਿੱਲੋ ਹੈਰੋਇਨ ਬਰਾਮਦ ਹੋਈ। ਪੰਜ ਦਿਨਾਂ 'ਚ ਬੀ ਐੱਸ ਐੱਫ ਨੇ ਪਾਕਿਸਤਾਨ ਤੋਂ ਆਏ ਤਿੰਨ ਡਰੋਨ ਸੁੱਟੇ ਹਨ।

## ਹਾਦਸਿਆਂ ਲਈ ਅਧਿਕਾਰੀ ਜ਼ਿੰਮੇਵਾਰ ਹੋਣਗੇ

**ਨਵੀਂ ਦਿੱਲੀ :** ਭਾਰਤੀ ਰਾਸ਼ਟਰੀ ਰਾਜ ਮਾਰਗ ਅਥਾਰਟੀ ਇੰਜਨੀਅਰਿੰਗ ਕੰਮਾਂ ਵਿਚ ਨੁਕਸ ਕਾਰਨ ਖਰਾਬ ਸੜਕਾਂ ਦੇ ਸਿੱਟੇ ਵਜੋਂ ਹੋਣ ਵਾਲੇ ਕਿਸੇ ਵੀ ਘਾਤਕ ਜਾਂ ਗੰਭੀਰ ਹਾਦਸਿਆਂ ਲਈ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਏਗੀ। ਅਥਾਰਟੀ ਨੇ ਸਰਕੂਲਰ 'ਚ ਕਿਹਾ ਕਿ ਉਸ ਨੇ ਆਰਜ਼ੀ ਸਰਟੀਫਿਕੇਟ ਜਾਰੀ ਕਰਨ ਦੀ ਪ੍ਰਕਿਰਿਆ 'ਚ ਸ਼ਾਮਲ ਅਥਾਰਟੀ ਦੇ ਨੁਮਾਇੰਦਿਆਂ ਵੱਲੋਂ ਡਿਊਟੀ 'ਚ ਅਣਗਹਿਲੀ ਦਾ ਗੰਭੀਰ ਨੋਟਿਸ ਲਿਆ ਹੈ।

## ਸੰਦੀਪ ਧਾਲੀਵਾਲ ਦਾ ਕਾਤਲ ਦੋਸ਼ੀ ਕਰਾਰ



**ਹਿਊਸਟਨ :** ਅਮਰੀਕਾ ਦੇ ਟੈਕਸਾਸ ਸੂਬੇ 'ਚ ਭਾਰਤੀ ਮੂਲ ਦੇ ਪਹਿਲੇ ਸਿੱਖ ਅਮਰੀਕੀ ਅਧਿਕਾਰੀ 42 ਸਾਲਾ ਸੰਦੀਪ ਧਾਲੀਵਾਲ ਦੇ 2019 'ਚ ਹੋਏ ਕਤਲ ਦੇ ਮਾਮਲੇ 'ਚ ਇੱਥੋਂ ਦੀ ਅਦਾਲਤ ਨੇ ਰਾਬਰਟ ਸੋਲਿਸ (50) ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਦੇ ਫੈਸਲੇ ਸਮੇਂ ਮਰਹੂਮ ਦਾ ਪਰਵਾਰ ਵੀ ਉਥੇ ਮੌਜੂਦ ਸੀ। ਜੱਜ ਨੇ ਫੈਸਲਾ ਸੁਣਾਉਣ 'ਚ 30 ਮਿੰਟ ਤੋਂ ਵੀ ਘੱਟ ਸਮਾਂ ਲਾਇਆ।

## ਦਹਿਸ਼ਤਗਰਦੀ ਵਿਰੁੱਧ ਆਲਮੀ ਇਕਜੁੱਟਤਾ ਦੀ ਲੋੜ : ਮੋਦੀ

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਹਿਸ਼ਤਗਰਦੀ, ਭ੍ਰਿਸ਼ਟਾਚਾਰ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਸੰਗਠਤ ਅਪਰਾਧ ਨੂੰ ਮਨੁੱਖਤਾ ਲਈ ਆਲਮੀ ਖਤਰਾ ਕਰਾਰ ਦਿੱਤਾ ਅਤੇ ਕਿਹਾ ਕਿ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਦੁਨੀਆ ਨੂੰ ਇਕਜੁੱਟ ਹੋਣ ਦਾ ਸਮਾਂ ਆ ਗਿਆ ਹੈ। ਇਥੇ ਪ੍ਰਗਤੀ ਮੈਦਾਨ 'ਚ 90ਵੀਂ ਇੰਟਰਪੋਲ ਆਮ ਸਭਾ 'ਚ ਮੋਦੀ ਨੇ ਇਹ ਵੀ ਕਿਹਾ ਕਿ ਦਹਿਸ਼ਤਗਰਦੀ ਸਿਰਫ ਭੌਤਿਕ ਤੌਰ 'ਤੇ ਮੌਜੂਦ ਨਹੀਂ ਹੈ, ਸਗੋਂ ਹੁਣ ਸਾਈਬਰ ਖਤਰਿਆਂ ਅਤੇ ਆਨਲਾਈਨ ਕੱਟੜਵਾਦ ਜ਼ਰੀਏ ਆਪਣਾ ਘੇਰਾ ਵਧਾ ਰਹੀ ਹੈ।

## ਕਣਕ ਦਾ ਇਮਦਾਦੀ ਭਾਅ 110 ਰੁਪਏ ਵਧਾਇਆ

**ਨਵੀਂ ਦਿੱਲੀ :** ਕੇਂਦਰੀ ਕੈਬਨਿਟ ਨੇ ਮੰਗਲਵਾਰ ਹਾੜ੍ਹੀ ਦੀਆਂ 6 ਫਸਲਾਂ ਦੇ 2023-24 ਲਈ ਘੱਟੋ-ਘੱਟ ਇਮਦਾਦੀ ਭਾਅ (ਐੱਮ ਐੱਸ ਪੀ) ਵਧਾਉਣ ਨੂੰ ਮਨਜ਼ੂਰੀ ਦਿੱਤੀ, ਜਿਸ ਤਹਿਤ ਕਣਕ ਦਾ ਭਾਅ ਪਿਛਲੇ ਸੀਜ਼ਨ ਦੇ 2015 ਤੋਂ ਵਧਾ ਕੇ 2125 ਰੁਪਏ ਕਰ ਦਿੱਤਾ ਗਿਆ ਹੈ। ਇਹ 110 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੈ। ਖੇਤੀਬਾੜੀ ਮੰਤਰਾਲੇ ਨੇ ਐੱਮ ਐੱਸ ਪੀ ਕਮੇਟੀ ਦੀ ਸਿਫਾਰਸ਼ ਤੋਂ ਬਾਅਦ 9 ਫੀਸਦੀ ਵਾਧੇ ਦੀ ਸਿਫਾਰਸ਼ ਕੀਤੀ ਸੀ। ਅਸਲ ਵਾਧਾ 5.46 ਫੀਸਦੀ ਦਾ ਹੋਇਆ ਹੈ।

ਜੌਂ ਦੇ ਭਾਅ ਵਿਚ 100 ਰੁਪਏ, ਛੋਲਿਆਂ ਦੇ ਭਾਅ ਵਿਚ 105 ਰੁਪਏ, ਮਸਰ ਦੇ ਭਾਅ ਵਿਚ 500 ਰੁਪਏ, ਸੂਰਜਮੁਖੀ ਦੇ ਭਾਅ ਵਿਚ 209 ਰੁਪਏ ਅਤੇ ਰੇਪਸੀਡ ਤੇ ਸਰ੍ਹੋਂ ਦੇ ਭਾਅ ਵਿਚ 400 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਮਾਹਰਾਂ ਨੇ ਭਾਅਵਾਂ ਵਿਚ ਵਾਧੇ ਨੂੰ ਵਧ ਰਹੀ ਮਹਿੰਗਾਈ ਦੇ ਦੌਰ ਵਿਚ ਘੱਟ ਦੱਸਿਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਵਧਦੀਆਂ ਲਾਗਤਾਂ ਦੇ ਮੁਕਾਬਲੇ ਵਾਧਾ ਮਾਮੂਲੀ ਹੈ।

## ਪਤਨੀ, ਦੋ ਬੱਚਿਆਂ ਤੇ ਸੱਸ-ਸਹੁਰੇ ਨੂੰ ਅੱਗ ਲਾ ਕੇ ਮਾਰ ਦਿੱਤਾ



**ਜਗਰਾਓਂ :** ਜਲੰਧਰ ਮਾਰਗ 'ਤੇ ਕਸਬਾ ਸਿੱਧਵਾਂ ਬੇਟ ਤੋਂ ਅੱਗੇ ਸਤਲੁਜ ਦਰਿਆ ਵਾਲੇ ਪੁਲ ਦੇ ਨਾਲ ਲੱਗਦੇ ਪਿੰਡ ਬੀਟਲਾਂ 'ਚ ਪੇਕੇ ਘਰ ਆਈ ਪਤਨੀ, ਦੋਹਾਂ ਬੱਚਿਆਂ ਅਤੇ ਸੱਸ-ਸਹੁਰੇ ਨੂੰ ਇਕ ਵਿਅਕਤੀ ਨੇ ਅੱਗ ਲਾ ਕੇ ਜਿਉਂਦੇ ਸਾੜ ਦਿੱਤਾ। ਮਰਨ ਵਾਲਿਆਂ 'ਚ ਮੁਲਜ਼ਮ ਦੀ 28 ਸਾਲਾ ਪਤਨੀ ਪਰਮਜੀਤ ਕੌਰ, 7 ਸਾਲਾ ਧੀ ਅਰਸ਼ਦੀਪ ਕੌਰ, 5 ਸਾਲਾ ਪੁੱਤ ਗੁਰਮੋਹਲ ਸਿੰਘ ਤੋਂ ਇਲਾਵਾ ਸਹੁਰਾ ਸੁਰਜਨ ਸਿੰਘ ਤੇ ਸੱਸ ਜੋਗਿੰਦਰੋ ਬਾਈ ਸ਼ਾਮਲ ਹਨ। ਮੁਲਜ਼ਮ ਇਨ੍ਹਾਂ ਸਾਰਿਆਂ 'ਤੇ ਪੈਟਰੋਲ ਛਿੜਕ ਕੇ ਅੱਗ ਲਾ ਕੇ ਕਮਰੇ ਨੂੰ ਬਾਹਰੋਂ ਬੰਦ ਕਰਕੇ ਫਰਾਰ ਹੋ ਗਿਆ। ਇਹ ਵੀ ਪਤਾ ਲੱਗਾ ਹੈ ਕਿ ਮਰਨ ਤੋਂ ਪਹਿਲਾਂ ਬੁਰੀ ਤਰ੍ਹਾਂ ਝੁਲਸੇ ਹੋਏ ਪਰਵਾਰ ਦੇ ਇਕ ਜੀਅ ਨੇ ਘਟਨਾ ਬਿਆਨ ਕੀਤੀ ਹੈ।

ਪਿੰਡ ਬੀਟਲਾਂ ਦੀ ਪਰਮਜੀਤ ਕੌਰ ਦਾ ਵਿਆਹ ਦਰਿਆ ਕੰਢੇ ਪੈਂਦੇ ਪਿੰਡ ਖੁਰਸ਼ੈਦਪੁਰਾ ਦੇ ਕਾਲੀ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਇਨ੍ਹਾਂ ਦੇ ਦੋ ਬੱਚੇ ਹੋਏ, ਪਰ ਘਰ 'ਚ ਅਕਸਰ ਲੜਾਈ-ਝਗੜਾ ਰਹਿੰਦਾ ਸੀ। ਇਸੇ ਤੋਂ ਪ੍ਰੇਸ਼ਾਨ ਹੋ ਕੇ ਪਰਮਜੀਤ ਕੌਰ ਕੁਝ ਦਿਨ ਪਹਿਲਾਂ ਪੇਕੇ ਘਰ ਆ ਗਈ ਸੀ। ਸੋਮਵਾਰ ਰਾਤ ਕਾਲੀ ਸਿੰਘ ਆਇਆ। ਪਿੰਡ ਵਾਸੀਆਂ ਮੁਤਾਬਕ ਉਸ ਕੋਲ ਪੈਟਰੋਲ ਦੀ ਕੈਨੀ ਸੀ।

## ਟਰੈਵਲ ਏਜੰਟਾਂ ਦੇ ਸਤਾਏ ਟੈਂਕੀ 'ਤੇ ਚੜ੍ਹੇ

**ਭਗਤਾ ਭਾਈਕਾ :** ਕੁਝ ਟਰੈਵਲ ਏਜੰਟਾਂ ਵੱਲੋਂ ਮਾਰੀ ਕਥਿਤ ਠੱਗੀ ਦੇ ਮਾਮਲੇ ਵਿਚ ਇਨਸਾਫ ਨਾ ਮਿਲਣ ਕਾਰਨ ਰੋਹ ਵਿਚ ਆਏ ਪੀੜਤ ਬੱਚਿਆਂ ਦੇ ਤਿੰਨ ਪਰਵਾਰਕ ਮੈਂਬਰ ਮੰਗਲਵਾਰ ਸਵੇਰੇ ਪੰਜਾਬ ਮੰਡੀਕਰਨ ਬੋਰਡ ਦੀ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਏ। ਹਫਤੇ ਤੋਂ ਪੀੜਤ ਬੱਚਿਆਂ ਦੇ ਮਾਪਿਆਂ ਵੱਲੋਂ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹਿਰ ਵਿਚ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ। ਟੈਂਕੀ 'ਤੇ ਚੜ੍ਹਨ ਵਾਲਿਆਂ ਨੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਦਾ, ਉਹ ਟੈਂਕੀ ਤੋਂ ਹੇਠਾਂ ਨਹੀਂ ਉਤਰਨਗੇ।




## ਰੋਜਰ ਬਿੰਨੀ ਨੇ ਗਾਂਗੁਲੀ ਦੀ ਥਾਂ ਲਈ



**ਮੁੰਬਈ :** ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਗੇਂਦਬਾਜ਼ ਰੋਜਰ ਬਿੰਨੀ ਨੂੰ ਮੰਗਲਵਾਰ ਇਥੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦਾ ਪ੍ਰਧਾਨ ਚੁਣ ਲਿਆ ਗਿਆ। ਉਨ੍ਹਾ ਨੂੰ ਸੌਰਵ ਗਾਂਗੁਲੀ ਦੀ ਥਾਂ 36ਵਾਂ ਪ੍ਰਧਾਨ ਚੁਣਿਆ ਗਿਆ। 67 ਸਾਲ ਦੇ ਬਿੰਨੀ ਬੋਰਡ ਦੀ ਸਾਲਾਨਾ ਆਮ ਮੀਟਿੰਗ 'ਚ ਪ੍ਰਧਾਨ ਤੇ ਜੈ ਸ਼ਾਹ ਬਿਨਾਂ ਮੁਕਾਬਲਾ ਦੂਜੀ ਵਾਰ ਸਕੱਤਰ ਵਜੋਂ ਚੁਣੇ ਗਏ। ਜਿਹੜੇ ਹੋਰ ਬਿਨਾਂ ਮੁਕਾਬਲਾ ਚੁਣੇ ਗਏ ਹਨ, ਉਨ੍ਹਾਂ 'ਚ ਖਜ਼ਾਨਚੀ ਅਸ਼ੀਸ਼ ਸੈਲਾਰ, ਮੀਤ ਪ੍ਰਧਾਨ ਰਾਜੀਵ ਸ਼ੁਕਲਾ ਅਤੇ ਜਾਇੰਟ ਸਕੱਤਰ ਦੇਵਜੀਤ ਸੈਕੀਆ ਸ਼ਾਮਲ ਹਨ। ਭਾਰਤ ਲਈ 27 ਟੈਸਟ ਅਤੇ 72 ਵਨਡੇ ਖੇਡਣ ਵਾਲੇ ਬਿੰਨੀ ਅਗਲੇ ਸਾਲ ਭਾਰਤ 'ਚ ਹੋਣ ਵਾਲੇ ਇਕ ਦਿਨ ਦੇ ਵਿਸ਼ਵ ਕੱਪ ਤੋਂ ਪਹਿਲਾਂ ਅਹੁਦਾ ਸੰਭਾਲ ਰਹੇ ਹਨ। ਕੌਮਾਂਤਰੀ ਕ੍ਰਿਕਟ ਕੌਂਸਲ (ਆਈ ਸੀ ਸੀ) ਦੀ ਚੇਅਰਮੈਨ ਨੂੰ ਲੈ ਕੇ ਕੋਈ ਚਰਚਾ ਨਹੀਂ ਹੋਈ। ਅਗਲੇ ਮਹੀਨੇ ਮੈਲਬੋਰਨ 'ਚ ਆਈ ਸੀ ਸੀ ਚੇਅਰਮੈਨ ਦੀ ਚੋਣ ਕੀਤੀ ਜਾਵੇਗੀ। ਗਾਂਗੁਲੀ ਨੂੰ ਤਾਂ ਹਟਾ ਦਿੱਤਾ ਗਿਆ, ਪਰ ਉਨ੍ਹਾ ਦਾ ਨਾਂਅ ਆਈ ਸੀ ਸੀ ਦੀ ਚੇਅਰਮੈਨੀ ਲਈ ਨਹੀਂ ਵਿਚਾਰਿਆ ਗਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੀਤੇ ਦਿਨੀਂ ਕਿਹਾ ਸੀ ਕਿ ਗਾਂਗੁਲੀ ਨੂੰ ਪ੍ਰਧਾਨਗੀ ਤੋਂ ਹਟਾ ਕੇ ਅਤੇ ਚੇਅਰਮੈਨੀ ਲਈ ਉਮੀਦਵਾਰ ਨਾ ਬਣਾ ਕੇ ਉਸ ਨਾਲ ਧੱਕਾ ਕੀਤਾ ਜਾ ਰਿਹਾ ਹੈ।

## ਅਵਾਰਾ ਪਸ਼ੂਆਂ ਦੇ ਪੱਕੇ ਹੱਲ ਲਈ ਠੋਸ ਯੋਜਨਾ ਤਿਆਰ ਕਰੇ ਸਰਕਾਰ : ਅਰਸ਼ੀ

**ਮਾਨਸਾ (ਰੀਤਵਾਲ)**-ਸੂਬੇ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਅਤਿ ਗੰਭੀਰ ਬਣੀ ਹੋਈ ਹੈ, ਜਿਸ ਕਾਰਨ ਜਿੱਥੇ ਕਿਸਾਨਾਂ ਨੂੰ ਫਸਲੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਅਵਾਰਾ ਗਊਆਂ ਕਰਕੇ ਹਰ ਰੋਜ਼ ਕਈ ਕੀਮਤੀ ਜਾਨਾਂ ਜਾ ਰਹੀਆਂ ਹਨ, ਪ੍ਰੰਤੂ ਸੂਬੇ ਦੀ ਮਾਨ ਸਰਕਾਰ ਇਸ ਦੇ ਹੱਲ ਲਈ ਗੰਭੀਰ ਵਿਚਾਰ ਨਹੀਂ ਕਰ ਰਹੀ। ਅਵਾਰਾ ਗਊਆਂ ਦੇ ਸਾਰਥਿਕ ਹੱਲ ਲਈ ਠੋਸ ਯੋਜਨਾ ਤਿਆਰ ਕਰਨ ਦੀ ਲੋੜ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਤੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕੀਤਾ। ਉਨ੍ਹਾਂ ਅਫਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਮਾਨਸਾ ਜ਼ਿਲ੍ਹੇ ਤੋਂ ਅਵਾਰਾ ਪਸ਼ੂ ਸੰਘਰਸ਼ ਕਮੇਟੀ ਦਾ ਗਠਨ ਕਰਕੇ ਲੜੇ ਗਏ ਸੰਘਰਸ਼ ਦੌਰਾਨ ਕਮੇਟੀ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਲਾਗੂ ਕੀਤਾ ਗਿਆ ਹੁੰਦਾ ਤਾਂ ਮਾਨਸਾ ਜ਼ਿਲ੍ਹੇ ਸਮੇਤ ਪੰਜਾਬ ਦੇ ਲੋਕਾਂ ਨੂੰ ਅਵਾਰਾ ਗਊਆਂ ਕਾਰਨ ਹੋ ਰਹੀਆਂ ਗੈਰਕੁਦਰਤੀ ਮੌਤਾਂ ਦਾ ਸ਼ਿਕਾਰ ਨਾ ਹੋਣਾ ਪੈਂਦਾ। ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਮਾਨਸਾ ਨਿਵਾਸੀ ਨੌਜਵਾਨ ਗੁਰਪ੍ਰੀਤ ਸਿੰਘ (38) ਉਰਫ਼ ਪੱਪੀ ਦੀ ਅਵਾਰਾ ਪਸ਼ੂ ਦੀ ਟੱਕਰ ਕਾਰਨ ਮੌਤ ਹੋ ਗਈ। ਆਗੂਆਂ ਨੇ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਵਾਪਰ ਰਹੀਆਂ ਘਟਨਾਵਾਂ ਨੂੰ ਰੋਕਣ ਸੰਬੰਧੀ ਫੌਰੀ ਕਾਰਵਾਈ ਕੀਤੀ ਜਾਵੇ, ਨਗਰ ਕੌਂਸਲ ਨੂੰ ਜਵਾਬਦੇਹ ਬਣਾਇਆ ਜਾਵੇ। ਸਰਕਾਰ ਪਰਵਾਰ ਨੂੰ ਘੱਟੋ-ਘੱਟ 10 ਲੱਖ ਰੁਪਏ ਮੁਆਵਜ਼ਾ ਦੇਵੇ, ਪਰਵਾਰ ਦੇ ਜੀਅ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਅੰਤ ਵਿੱਚ ਆਗੂਆਂ ਨੇ ਅਪੀਲ ਕਰਦਿਆਂ ਕਿਹਾ ਕਿ ਦਿਨੋ-ਦਿਨ ਵਧ ਰਹੀਆਂ ਘਟਨਾਵਾਂ ਰੋਕਣ ਸੰਬੰਧੀ ਜ਼ਿਲ੍ਹੇ ਦੀਆਂ ਧਾਰਮਿਕ, ਸਮਾਜਿਕ, ਜਨਤਕ, ਵਪਾਰਕ ਤੇ ਰਾਜਨੀਤਕ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ ਤਿਆਰ ਕਰਕੇ ਸੰਘਰਸ਼ ਲਈ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ ਹੈ, ਤਾਂ ਜੋ ਦਿਨੋ-ਦਿਨ ਵਧ ਰਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਸਹਾਇਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ ਵੀ ਸਨ।

▪ **ਗੁਰਪ੍ਰੀਤ ਦੇ ਪਰਵਾਰ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ : ਚੌਹਾਨ**

## ਅੱਜ-ਨਾਮਾ

ਬਣੀ ਪਈ ਹਿੰਦੀ ਵਿਵਾਦ ਦਾ ਨਵਾਂ ਮੁੱਦਾ,
ਕਰਿਆ ਤਾਮਿਲਾਂ ਪਾਸ ਇੱਕ ਮਤਾ ਬੇਲੀ।
ਸਰਦਾਰੀ ਹਿੰਦੀ ਦੀ ਕਹਿਣ ਨਾ ਝੱਲ ਹੁੰਦੀ,
ਇਹਨੂੰ ਸਮਝੋ ਨਹੀਂ ਕੋਈ ਵੀ ਖਤਾ ਬੇਲੀ।
ਲਹਿਜਾ ਤਾਮਿਲ ਦੀ ਬੋਲੀ ਦਾ ਵੱਖ ਸਾਰਾ,
ਮਿਲਦੀ ਲਿੱਪੀ ਨਾ ਸ਼ਬਦ ਵੀ ਰਤਾ ਬੇਲੀ।
ਖੜੋ ਕੇ ਕੋਲ ਕੋਈ ਕੁਝ ਪਿਆ ਕਹੀ ਜਾਂਦਾ,
ਲਗਦਾ ਤਾਮਿਲਾਂ ਨੂੰ ਕੁਝ ਨਹੀਂ ਪਤਾ ਬੇਲੀ।
ਮੋਹ ਹੈ ਜਿਨ੍ਹਾਂ ਨੂੰ ਹਿੰਦੀ ਦਾ ਰਹਿਣ ਕਰਦੇ,
ਤਾਮਿਲ ਭਾਸ਼ਾ ਨਾਲ ਸਾਡਾ ਈ ਮੋਹ ਬੇਲੀ।
ਮੋਕਲਾ ਪਿੜ ਹੈ ਹਿੰਦੀ ਲਈ ਬਹੁਤ ਵੱਡਾ,
ਸਾਡਾ ਖੇਤਰ ਕੋਈ ਸਕੂ ਨਹੀਂ ਖੋਹ ਬੇਲੀ।

-ਤੀਸ ਮਾਰ ਖਾਂ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ 9 ਨੂੰ

▪ **ਵੱਖਰੀ ਹਰਿਆਣਾ ਕਮੇਟੀ ਦੇ ਐਕਟ ਨੂੰ ਜਾਇਜ਼ ਠਹਿਰਾਉਣ ਖਿਲਾਫ ਨਜ਼ਰਸਾਨੀ ਪਟੀਸ਼ਨ ਦਾਇਰ**

**ਅੰਮ੍ਰਿਤਸਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਵਾਸਤੇ ਜਨਰਲ ਇਜਲਾਸ 9 ਨਵੰਬਰ ਨੂੰ ਸੱਦਿਆ ਗਿਆ ਹੈ। ਇਹ ਖੁਲਾਸਾ ਮੰਗਲਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਕੀਤੀ। ਮੀਡੀਆ ਨਾਲ ਗੱਲ ਕਰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ਨੂੰ ਮਾਨਤਾ ਦੇਣ ਦੇ ਫੈਸਲੇ ਖਿਲਾਫ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਦਾਇਰ ਕਰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਹਰਿਆਣਾ ਦੇ ਮੈਂਬਰ ਹਰਭਜਨ ਸਿੰਘ ਮਸਾਣਾ ਵੱਲੋਂ ਵੀ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਗਈ ਹੈ। ਹਰਿਆਣਾ 'ਚ ਵੱਖਰੀ ਕਮੇਟੀ ਦੇ ਮਾਮਲੇ ਵਿਚ ਪਹਿਲਾਂ ਵੀ ਹਰਭਜਨ ਸਿੰਘ ਮਸਾਣਾ ਵੱਲੋਂ ਹੀ ਪਟੀਸ਼ਨ ਦਾਇਰ ਕੀਤੀ ਹੋਈ ਸੀ, ਜਿਸ ਬਾਰੇ ਸੁਪਰੀਮ ਕੋਰਟ ਵੱਲੋਂ ਫੈਸਲਾ ਕੀਤਾ ਗਿਆ ਸੀ। ਉਨ੍ਹਾ ਦੱਸਿਆ ਕਿ ਇਸੇ ਮਾਮਲੇ 'ਚ ਸਿੱਖ ਵਿਦਵਾਨਾਂ ਅਤੇ ਸਿੱਖ ਵਕੀਲਾਂ ਦੀ ਮੀਟਿੰਗ ਜਲਦੀ ਹੀ ਸੱਦੀ ਜਾ ਰਹੀ ਹੈ। ਇਹ ਮੀਟਿੰਗ ਅੰਮ੍ਰਿਤਸਰ ਜਾਂ ਚੰਡੀਗੜ੍ਹ ਵਿਖੇ ਹੋਵੇਗੀ, ਜਿਸ ਵਿਚ ਮਾਹਰਾਂ ਦੀ ਰਾਇ ਲੈਣ ਤੋਂ ਬਾਅਦ ਇਸ ਮਾਮਲੇ ਵਿਚ ਅਗਲੀ ਰਣਨੀਤੀ ਉਲੀਕੀ ਜਾਵੇਗੀ।

ਉਨ੍ਹਾ ਦੱਸਿਆ ਕਿ 27 ਅਕਤੂਬਰ ਨੂੰ ਦਰਬਾਰ ਸਾਹਿਬ ਸਮੂਹ ਦੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ 'ਚ ਸ਼ਹੀਦੀ ਸਾਕਾ ਪੰਜਾ ਸਾਹਿਬ ਦੇ ਸ਼ਤਾਬਦੀ ਸਮਾਗਮ ਸੰਬੰਧੀ ਹੋਣ ਵਾਲੇ ਸਮਾਗਮ 'ਚ ਵੀ ਜਨਤਕ ਤੌਰ 'ਤੇ ਇਹ ਸਾਰੇ ਮਾਮਲੇ ਵਿਚਾਰੇ ਜਾਣਗੇ।

ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ 'ਚ ਵੀ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਵਕੀਲਾਂ ਦੀ ਕਮੇਟੀ ਬਣਾਈ ਗਈ ਹੈ। ਇਸ ਦੌਰਾਨ ਉਨ੍ਹਾ ਹਰਿਆਣਾ 'ਚ ਵੱਖਰੀ ਕਮੇਟੀ ਦੇ ਪ੍ਰਧਾਨ ਹੋਣ ਦੇ ਦਾਅਵੇ ਕਰ ਰਹੇ ਆਗੂਆਂ ਨੂੰ ਆਖਿਆ ਕਿ ਉਹ ਇਸ ਮਾਮਲੇ ਨੂੰ ਲੈ ਕੇ ਅਕਾਲ ਤਖ਼ਤ 'ਤੇ ਆਉਣ ਅਤੇ ਮਿਲ-ਬੈਠ ਕੇ ਇਸ ਸਮੁੱਚੇ ਮਾਮਲੇ ਦਾ ਹੱਲ ਕੀਤਾ ਜਾਵੇ।

## ਸਮੱਗਲਰਾਂ 'ਤੇ ਛਾਪੇਮਾਰੀ

**ਮੁਹਾਲੀ :** ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਦਹਿਸ਼ਤਗਰਦਾਂ, ਗੈਂਗਸਟਰਾਂ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੇ ਭਾਰਤ ਅਤੇ ਵਿਦੇਸ਼ਾਂ 'ਚ ਉੱਭਰ ਰਹੇ ਗੱਠਜੋੜ ਨੂੰ ਖਤਮ ਕਰਨ ਲਈ ਮੰਗਲਵਾਰ ਪੰਜਾਬ, ਦਿੱਲੀ, ਹਰਿਆਣਾ ਤੇ ਰਾਜਸਥਾਨ 'ਚ 40 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਐੱਨ ਆਈ ਏ ਨੇ ਉਨ੍ਹਾਂ ਵਕੀਲਾਂ ਦੇ ਘਰਾਂ 'ਚ ਵੀ ਦਸਤਕ ਦਿੱਤੀ, ਜਿਹੜੇ ਵਕੀਲ ਗੈਂਗਸਟਰਾਂ ਦੇ ਕੇਸ ਲੜ ਰਹੇ ਹਨ। ਜਾਂਚ ਟੀਮ ਸਵੇਰੇ ਕਰੀਬ 6 ਵਜੇ ਐਡਵੋਕੇਟ ਸ਼ੈਲੀ ਸ਼ਰਮਾ ਦੇ ਘਰ ਪਹੁੰਚੀ ਅਤੇ ਮਹਿਲਾ ਵਕੀਲ ਤੋਂ ਕਰੀਬ ਤਿੰਨ ਘੰਟੇ ਪੁੱਛਗਿੱਛ ਕੀਤੀ। ਟੀਮ ਉਸ ਦਾ ਮੋਬਾਈਲ ਫੋਨ ਵੀ ਆਪਣੇ ਨਾਲ ਲੈ ਗਈ। ਇਸ ਤੋਂ ਪਹਿਲਾਂ 14 ਅਕਤੂਬਰ ਨੂੰ ਜਾਂਚ ਏਜੰਸੀ ਨੇ ਡਰੋਨ ਮਾਮਲੇ 'ਚ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਸਮੇਤ ਕਈ ਥਾਵਾਂ 'ਤੇ ਤਲਾਸ਼ੀ ਲਈ ਸੀ। ਪਿਛਲੇ ਨੌਂ ਮਹੀਨਿਆਂ 'ਚ ਪਾਕਿਸਤਾਨ ਤੋਂ 191 ਡਰੋਨ ਆਏ ਹਨ। ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਇਹ ਬਹੁਤ ਚਿੰਤਾਜਨਕ ਸਥਿਤੀ ਹੈ।

## ਹੈਲੀਕਾਪਟਰ ਤਬਾਹ, 7 ਮੌਤਾਂ



**ਦੇਹਰਾਦੂਨ :** ਗੁਪਤਕਾਸ਼ੀ ਤੋਂ ਕੇਦਾਰਨਾਥ ਲਈ ਸ਼ਰਧਾਲੂਆਂ ਨੂੰ ਲੈ ਕੇ ਜਾ ਰਿਹਾ ਹੈਲੀਕਾਪਟਰ ਮੰਗਲਵਾਰ ਜੰਗਲਚੱਟੀ ਨੇੜੇ ਹਾਦਸਾਗ੍ਰਸਤ ਹੋਣ ਕਾਰਨ ਕੈਪਟਨ ਸਣੇ ਸੱਤੇ ਸਵਾਰ ਮਾਰੇ ਗਏ ਹਨ। ਹਾਦਸਾ ਧੁੰਦ ਕਾਰਨ ਹੋਇਆ ਦੱਸਿਆ ਜਾ ਰਿਹਾ ਹੈ। ਖੋਜ ਅਤੇ ਬਚਾਅ ਕਾਰਜ ਲਈ ਟੀਮ ਨੂੰ ਮੌਕੇ 'ਤੇ ਰਵਾਨਾ ਕੀਤਾ ਗਿਆ ਹੈ।

## ਐੱਸ ਡੀ ਓ ਰਾਜਿੰਦਰ ਸਿੰਘ ਨੇ ਚਾਰਜ ਸੰਭਾਲਿਆ



ਤਪਾ ਮੰਡੀ (ਅਰੁਣ ਗੋਇਲ, ਮੁਨੀਸ ਬਾਂਸਲ)-ਪਾਵਰਕਾਮ ਸਬ-ਡਵੀਜ਼ਨ ਵੰਨ ਦੇ ਨਵੇਂ ਐਸ.ਡੀ.ਓ ਰਾਜਿੰਦਰ ਸਿੰਘ ਨੇ ਚਾਰਜ ਸੰਭਾਲ ਲਿਆ ਹੈ। ਦਫਤਰ ਤਪਾ ਪੁੱਜਣ 'ਤੇ ਮੁਲਾਜ਼ਮ ਯੂਨਾਈਟਿਡ ਆਰਗੇਨਾਈਜੇਸ਼ਨ ਦੀ ਜਥੇਬੰਦੀ ਦੇ ਪ੍ਰਧਾਨ ਗੁਰਮੀਤ ਸਿੰਘ, ਜਗਮੀਤ ਸਿੰਘ, ਸੁਖਪਾਲ ਸਿੰਘ, ਸੁਖਦੇਵ ਸਿੰਘ, ਮਲਕੀਤ ਸਿੰਘ ਅਤੇ ਹਰਜਿੰਦਰ ਸਿੰਘ ਨੇ ਗੁਲਦਸਤਾ ਦੇ ਕੇ ਸਵਾਗਤ ਕੀਤਾ ਤੇ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਚਾਰਜ ਸੰਭਾਲਣ ਮੌਕੇ ਨਵਨਿਯੁਕਤ ਐਸ.ਡੀ.ਓ ਰਾਜਿੰਦਰ ਸਿੰਘ ਨੇ ਦੱਸਿਆ ਕਿ ਉਹ ਫ਼ਿਰੋਜ਼ਪੁਰ ਤੋਂ ਬਦਲ ਕੇ ਆਏ ਹਨ। ਉਨ੍ਹਾਂ ਕਿਸਾਨਾਂ ਤੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਾਵਰਕਾਮ ਨੂੰ ਬਿਜਲੀ ਚੋਰੀ ਰੋਕਣ 'ਚ ਸਹਿਯੋਗ ਦੇਣ। ਜੇ ਕੋਈ ਵੀ ਖਪਤਕਾਰ ਚੋਰੀ ਕਰਦਾ ਫੜਿਆ ਜਾਵੇਗਾ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪਹਿਲਾਂ ਵਾਲੇ ਐਸ.ਡੀ.ਓ ਜੱਸਾ ਸਿੰਘ ਦਾ ਤਬਾਦਲਾ ਹੁਸ਼ਿਆਰਪੁਰ ਦੇ ਕਾਦੀਆਂ ਦਾ ਹੋ ਗਿਆ ਹੈ।

## ਦੱਬੇ-ਕੁਚਲੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਐੱਸ ਸੀ ਕਮਿਸ਼ਨ ਤਤਪਰ : ਪੂਨਮ ਕਾਂਗੜਾ



ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ) ਪਿੰਡ ਛਾਪਾ (ਬਰਨਾਲਾ) ਵਿਖੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਮੈਂਬਰ ਮੈਡਮ ਪੂਨਮ ਕਾਂਗੜਾ ਨੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਦਿਆਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ ਐਸ ਸੀ ਵਰਗ, ਦੱਬੇ ਕੁਚਲੇ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਤਤਪਰ ਹੈ। ਜਦੋਂ ਕਮਿਸ਼ਨ ਨੂੰ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਤਾਂ ਤੁਰੰਤ ਹੀ ਉਸ ਦੀ ਜਾਂਚ ਪੜਤਾਲ ਕਰਕੇ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਾਰਵਾਈ ਜਾਂਦੀ ਹੈ। ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਕੋਈ ਵੀ ਐਸ ਸੀ ਵਰਗ ਨਾਲ ਸਬੰਧਤ ਪੀੜਤ ਵਿਅਕਤੀ ਐਸ ਸੀ ਕਮਿਸ਼ਨ ਕੋਲ ਸ਼ਿਕਾਇਤ ਕਰ ਸਕਦਾ ਹੈ। ਮੈਡਮ ਪੂਨਮ ਕਾਂਗੜਾ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਆਪਣੀ ਸ਼ਿਕਾਇਤ ਦੇਣ ਲਈ ਚੰਡੀਗੜ੍ਹ ਜਾਣ ਦੀ ਜ਼ਰੂਰਤ ਨਹੀਂ। ਉਹ ਆਪਣੀ ਸ਼ਿਕਾਇਤ ਡਾਕ ਜਾਂ ਈਮੇਲ ਰਾਹੀਂ ਭੇਜ ਸਕਦਾ ਹੈ। ਜੇਕਰ ਕਿਸੇ ਵਿਅਕਤੀ ਨੇ ਉਨ੍ਹਾਂ ਨੂੰ ਮਿਲ ਕੇ ਆਪਣੀ ਸ਼ਿਕਾਇਤ ਦੇਣੀ ਹੋਵੇ ਤਾਂ ਉਹ ਸ਼ਨੀਵਾਰ ਤੇ ਐਤਵਾਰ ਨੂੰ ਸੰਗਰੂਰ ਵਿਖੇ ਹੀ ਮਿਲ ਸਕਦੇ ਹਨ। ਮੈਡਮ ਪੂਨਮ ਕਾਂਗੜਾ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਐਸ ਸੀ ਵਰਗ ਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣ। ਇਸ ਮੌਕੇ ਮੈਡਮ ਪੂਨਮ ਕਾਂਗੜਾ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਐਡਵੋਕੇਟ ਅਮਨਦੀਪ ਚੋਪੜਾ, ਇਕਬਾਲ ਸਿੰਘ, ਸੁਖਬੀਰ ਸਿੰਘ ਕਸਬਾ, ਸੰਤੋਖ ਸਿੰਘ, ਇੰਦਰਜੀਤ ਸਿੰਘ, ਮਨਵੀਰ ਸਿੰਘ ਤੇ ਨਿਰਮਲ ਸਿੰਘ ਆਦਿ ਹਾਜ਼ਰ ਸਨ।

## ਕੋਰੇਵਾਲਾ ਕਲਾਂ ਨੂੰ ਵਿਕਾਸ ਕਾਰਜਾਂ ਲਈ 21.91 ਲੱਖੇ ਦਾ ਚੈੱਕ ਭੇਟ



ਮੋਗਾ (ਅਮਰਜੀਤ ਬੱਬਰੀ) ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਪਿੰਡ ਕੋਰੇਵਾਲਾ ਕਲਾਂ ਦੇ ਛੱਪੜ 'ਤੇ ਸੀਚੇਵਾਲ ਮਾਡਲ ਤਿਆਰ ਕਰਨ ਲਈ 21 ਲੱਖ 91 ਹਜ਼ਾਰ ਰੁਪਏ ਦਾ ਚੈੱਕ ਪੰਚਾਇਤ ਨੂੰ ਦਿੱਤਾ। ਇਸ ਪ੍ਰੋਜੈਕਟ ਨਾਲ ਪਿੰਡ ਦਾ ਪਾਣੀ ਸੋਧ ਕੇ ਖੇਤਾਂ ਲਈ ਵਰਤਿਆ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵਿਧਾਇਕਾ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਦੱਸਿਆ ਕਿ ਇਸ ਮਾਡਲ ਦੇ ਨਾਲ ਛੱਪੜਾਂ ਦਾ ਗੰਦਾ ਪਾਣੀ ਵੀ ਵਰਦਾਨ ਸਿੱਧ ਹੋ ਸਕਦਾ ਹੈ, ਕਿਉਂਕਿ ਜੇ ਛੱਪੜਾਂ ਦਾ ਪਾਣੀ ਖੇਤੀ ਲਈ ਵਰਤਿਆ ਜਾਵੇ ਤਾਂ ਧਰਤੀ ਹੇਠਲਾ ਪਾਣੀ ਵੀ ਵਰਤੋਂ 'ਚ ਘੱਟ ਆਵੇਗਾ, ਜੋ ਪੀਣ ਲਈ ਵਰਤਿਆ ਜਾ ਸਕਦਾ ਹੈ ਅਤੇ ਖੇਤੀਬਾੜੀ ਲਈ ਛੱਪੜਾਂ ਦਾ ਪਾਣੀ ਵਰਤੋਂ 'ਚ ਲਿਆਂਦਾ ਜਾਵੇ, ਜਿਸ ਨਾਲ ਇਕ ਤਾਂ ਪਿੰਡਾਂ ਵਿਚ ਸਾਫ-ਸਫ਼ਾਈ ਦਾ ਮਾਹੌਲ ਬਣਦਾ ਹੈ, ਦੂਜਾ ਪਾਣੀ ਖੇਤੀਬਾੜੀ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਕਿਸਾਨ ਆਪਣੇ ਖੇਤਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਏ ਬਿਨਾਂ ਹੀ ਫ਼ਸਲਾਂ ਬੀਜਣ, ਜਿਸ ਨਾਲ ਵਾਤਾਵਰਣ ਦੀ ਸ਼ੁੱਧਤਾ ਤਾਂ ਬਣਦੀ ਹੈ, ਪਰ ਜੇ ਨਾੜ ਨੂੰ ਖੇਤਾਂ 'ਚ ਹੀ ਗਾਲਿਆ ਜਾਵੇ ਤਾਂ 70 ਫ਼ੀਸਦੀ ਖਾਦ ਜਾਂ ਰੇੜੀ ਪਾਉਣ ਦੀ ਜ਼ਰੂਰਤ ਨਹੀਂ ਰਹਿੰਦੀ। ਇਸ ਮੌਕੇ ਉਨ੍ਹਾਂ ਨਾਲ ਅਮਨ ਰੱਖਰਾ, ਨਵਦੀਪ ਵਾਲੀਆ, ਪਿਆਰਾ ਸਿੰਘ ਬੱਧਣੀ, ਇੰਦਰਜੀਤ ਗਿੱਲ, ਦੀਪ ਦਾਰਪੁਰ, ਪਿੰਡ ਦੇ ਸਰਪੰਚ ਤੇ ਪੰਚਾਇਤ ਆਦਿ ਮੌਜੂਦ ਸਨ।

## ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



ਸੰਗਰੂਰ (ਪ੍ਰਵੀਨ ਸਿੰਘ)- ਗੌਰਮਿੰਟ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਵੱਲੋਂ ਯੂਨਿਟ ਸੰਗਰੂਰ ਦੀ ਕਾਰਜਕਾਰਨੀ ਦੀ ਮੀਟਿੰਗ ਯੂਨਿਟ ਪ੍ਰਧਾਨ ਭੁਪਿੰਦਰ ਸਿੰਘ ਜੱਸੀ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਨ੍ਹਾਂ ਮੈਂਬਰਾਂ ਦੇ ਅਕਤੂਬਰ ਮਹੀਨੇ ਵਿੱਚ ਜਨਮ ਦਿਨ ਮਨਾਏ ਗਏ। ਮੀਟਿੰਗ ਨੂੰ ਅਮਰ ਸਿੰਘ ਚਹਿਲ, ਆਰ.ਐਲ. ਮੱਘਰ ਸਿੰਘ ਸੋਹੀ, ਗੁਰਦੇਵ ਸਿੰਘ ਹੈਡ ਮਾਸਟਰ, ਹਰਵਿੰਦਰ ਸਿੰਘ ਭੱਠਲ ਆਦਿ ਨੇ ਸੰਬੋਧਨ ਕੀਤਾ। ਜਗਦੀਪ ਸਿੰਘ ਐਸ.ਡੀ.ਓ, ਅਮਰ ਸਿੰਘ ਚਹਿਲ, ਸੁਰਿੰਦਰ ਕੁਮਾਰ, ਵਿਜੈ ਕੁਮਾਰ ਵਰਮਾ, ਵਰਿੰਦਰ ਕੁਮਾਰ, ਰਾਮ ਲਾਲ ਗਲਾਟੀ, ਦਲਬਾਰਾ ਸਿੰਘ, ਪ੍ਰਗਟ ਸਿੰਘ ਦੇ ਜਨਮ ਦਿਨ ਸ਼ਰਧਾ ਨਾਲ ਮਨਾਏ ਗਏ। ਭੁਪਿੰਦਰ ਸਿੰਘ ਜੱਸੀ, ਗੁਰਦੇਵ ਸਿੰਘ ਲੁੰਬਾਂ ਤੇ ਸਤਪਾਲ ਸਿੰਗਲਾ, ਲਾਭ ਸਿੰਘ 20 ਅਕਤੂਬਰ ਨੂੰ ਸੂਬੇ ਦੀ ਯੂਨਿਟ ਐਕਸ਼ਨ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਦੇ ਦਫ਼ਤਰਾਂ ਅੱਗੇ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ।

## ਜੀ. ਹੋਲੀ ਹਾਰਟ ਵੱਲੋਂ ਵਿਦਿਆਰਥੀਆਂ ਲਈ ਸਾਇੰਸ ਸਿਟੀ ਦਾ ਟੂਰ



ਮਹਿਲ ਕਲਾਂ (ਬਲਵਿੰਦਰ ਵਜੀਦਕੇ )-ਜੀ. ਹੋਲੀ ਹਾਰਟ ਪਬਲਿਕ ਸਕੂਲ ਵੱਲੋਂ ਤੀਜੀ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਾਇੰਸ ਸਿਟੀ, ਕਪੂਰਥਲਾ ਦਾ ਵਿੱਦਿਅਕ ਟੂਰ ਕੀਤਾ ਗਿਆ। ਸਾਇੰਸ ਸਿਟੀ ਵਿੱਚ ਵਿਗਿਆਨ ਦੀ ਲਗਭਗ ਹਰ ਸ਼ਾਖਾ ਦੀ ਪ੍ਰਦਰਸ਼ਨੀ ਲਾਈ ਗਈ ਹੈ। ਵਿਦਿਆਰਥੀਆਂ ਨੇ ਫਨ ਸਾਇੰਸ ਗੈਲਰੀ, ਸਪੇਸ ਐਂਡ ਐਵੀਏਸਨ ਗੈਲਰੀ, ਅਦਭੁਤ ਲਿਵਿੰਗ ਮਸ਼ੀਨ ਗੈਲਰੀ, ਐਨਰਜੀ ਪਾਰਕ, ਵਰਚੁਅਲ ਰਿਐਲਿਟੀ ਗੈਲਰੀ, ਸਾਈਬਰ ਸਪੇਸ ਗੈਲਰੀ ਦਾ ਦੌਰਾ ਕੀਤਾ ਅਤੇ ਸਬੰਧਤ ਜਾਣਕਾਰੀਆਂ ਹਾਸਲ ਕੀਤੀਆਂ। ਉਹ ਵਿਗਿਆਨ ਦੇ ਅਸਲ ਜੀਵਨ ਅਨੁਭਵਾਂ ਨੂੰ ਦੇਖ ਕੇ ਦੰਗ ਰਹਿ ਗਏ। ਉਨ੍ਹਾਂ ਨੇ ਗੁੰਬਦ ਦੇ ਆਕਾਰ ਦੇ ਥੀਏਟਰ ਵਿੱਚ ਸ਼ਾਨਦਾਰ 3-ਡੀ ਸ਼ੋਅ ਅਤੇ ਲੇਜ਼ਰ ਸ਼ੋਅ ਨੂੰ ਦੇਖਣ ਦਾ ਵੀ ਆਨੰਦ ਲਿਆ। ਸਕੂਲ ਦੇ ਪ੍ਰਿੰਸੀਪਲ ਮਿਸਿਜ਼ ਨਵਜੋਤ ਟੱਕਰ ਨੇ ਦੱਸਿਆ ਕਿ ਅਸੀਂ ਸਿੱਖਿਆ ਨੂੰ ਕਲਾਸ ਰੂਮ ਦੀ ਚਾਰ ਦੀਵਾਰੀ ਤੋਂ ਪਾਰ ਲਿਜਾਣ ਵਿੱਚ ਵਿਸ਼ਵਾਸ ਰੱਖਦੇ ਹਾਂ। ਇਸੇ ਸੋਚ ਤਹਿਤ ਸਕੂਲ ਵੱਲੋਂ ਵਿਦਿਆਰਥੀਆਂ ਲਈ ਵੱਖ-ਵੱਖ ਵਿੱਦਿਅਕ ਟੂਰ ਆਯੋਜਤ ਕੀਤੇ ਜਾਂਦੇ ਹਨ, ਜੋ ਬੱਚਿਆਂ ਨੂੰ ਅਸਲ, ਬਹੁ-ਸੱਭਿਆਚਾਰਕ ਸੰਸਾਰ ਨੂੰ ਜਾਨਣ ਤੇ ਸਮਝਣ ਦੀ ਸਹੂਲਤ ਪ੍ਰਦਾਨ ਕਰਦੇ ਹਨ।

## ਮੈਡੀਕਲ ਕੈਂਪ 'ਚ 70 ਮਰੀਜ਼ਾਂ ਦੀ ਜਾਂਚ



ਜਲਾਲਾਬਾਦ (ਦਹੂਜਾ)-ਪਰਸਵਾਰਥ ਸਭਾ ਵੱਲੋਂ ਗਾਂਧੀ ਨਗਰ ਵਿੱਚ ਚੱਲ ਰਹੀ ਡਿਸਪੈਂਸਰੀ 'ਚ ਅੱਜ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਡਾ. ਰਾਜੀਵ ਮਿੱਢਾ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ।ਸਭਾ ਦੇ ਅਹੁਦੇਦਾਰ ਸੁਰੇਸ਼ ਚੌਹਾਨ ਨੇ ਦੱਸਿਆ ਕਿ ਅੱਜ 70 ਮਰੀਜ਼ਾਂ ਦਾ ਚੈੱਕਅਪ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਇਸ ਮੌਕੇ ਪਾਰਸਵਰਥ ਸਭਾ ਦੇ ਪ੍ਰਧਾਨ ਰੌਬਿਨ ਵਾਟਸ, ਵਿਜੇ ਬਾਘਲਾ, ਗੁਰਚਰਨ ਕਮਾਰੀਆ, ਜਸ ਰਾਜ ਭਟੇਜਾ, ਮੈਡਮ ਕੀਰਤੀ ਵਾਟਸ, ਸੁਰੇਸ਼ ਚੌਹਾਨ ਆਦਿ ਅਧਿਕਾਰੀ ਹਾਜ਼ਰ ਸਨ।



ਨਾਭਾ ਦੀ ਅਮੀਸ਼ਾ ਬਾਂਸਲ ਪੁੱਤਰੀ ਰਜੀਵ ਬਾਂਸਲ ਨੂੰ ਭਾਰਤ ਦੀ ਰਾਸ਼ਟਰਪਤੀ ਮਾਣਯੋਗ ਦ੍ਰੋਪਦੀ ਮੁਰਮੂ ਚੰਡੀਗੜ੍ਹ ਵਿਖੇ ਡਾਕਟਰ ਕਲਪਨਾ ਚਾਵਲਾ ਮੈਮੋਰੀਅਲ ਗੋਲਡ ਮੈਡਲ ਨਾਲ ਸਨਮਾਨਤ ਕਰਦੇ ਹੋਏ। (ਫੋਟੋ ਤੇ ਵੇਰਵਾ : ਵਰਿੰਦਰ ਵਰਮਾ, ਨਾਭਾ)

# ਕੁਇਜ਼ ਮੁਕਾਬਲੇ 'ਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਲਿਆ ਭਾਗ



ਬਰਨਾਲਾ (ਰਜਿੰਦਰ ਬਰਾੜ)

ਜ਼ਿਲ੍ਹਾ ਭਾਸ਼ਾ ਅਫਸਰ ਸੁਖਵਿੰਦਰ ਸਿੰਘ ਗੁਰਮ ਤੇ ਖੋਜ ਅਫ਼ਸਰ ਬਿੰਦਰ ਸਿੰਘ ਖੁੱਡੀ ਕਲਾਂ ਨੇ ਦੱਸਿਆ ਕਿ ਭਾਸ਼ਾਵਾਂ ਬਾਰੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਰਹਿਨੁਮਾਈ, ਪ੍ਰਮੁੱਖ ਸਕੱਤਰ ਮੈਡਮ ਜਸਪ੍ਰੀਤ ਤਲਵਾੜ ਆਈ.ਏ.ਐੱਸ ਦੀ ਅਗਵਾਈ ਹੇਠ ਅਤੇ ਵਿਭਾਗ ਦੇ ਸੰਯੁਕਤ ਡਾਇਰੈਕਟਰ ਡਾ. ਵੀਰਪਾਲ ਕੌਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫਤਰ ਬਰਨਾਲਾ ਵੱਲੋਂ ਕਰਾਏ ਜ਼ਿਲ੍ਹਾ ਪੱਧਰੀ ਬਾਲ ਗਿਆਨ ਕੁਇਜ਼ ਮੁਕਾਬਲਿਆਂ ਵਿੱਚ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਉਤਸ਼ਾਹ ਨਾਲ ਭਾਗ ਲਿਆ ਗਿਆ।

ਭਾਸ਼ਾ ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ(ਲੜਕੇ) ਵਿਖੇ ਪ੍ਰਿੰਸੀਪਲ ਸੰਜੇ ਸਿੰਗਲਾ ਦੇ ਪ੍ਰਬੰਧਾਂ ਹੇਠ ਅਤੇ ਸਕੂਲ ਦੇ ਭਾਸ਼ਾ ਮੰਚ ਇੰਚਾਰਜ ਹਰਦੀਪ ਕੁਮਾਰ ਪੰਜਾਬੀ ਮਾਸਟਰ ਦੇ ਸਹਿਯੋਗ ਨਾਲ ਤਿੰਨ ਵਰਗਾਂ ਵਿੱਚ ਕਰਵਾਏ ਮੁਕਾਬਲਿਆਂ 'ਚ ਪਹਿਲੇ ਵਰਗ ਵਿੱਚ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ, ਦੂਜੇ ਵਰਗ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਅਤੇ ਤੀਜੇ ਵਰਗ ਵਿੱਚ ਗ੍ਰੈਜੂਏਸ਼ਨ ਪੱਧਰ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਮੁਕਾਬਲੇ ਇੱਕ ਘੰਟੇ ਦੀ ਲਿਖਤੀ ਪ੍ਰੀਖਿਆ ਰਾਹੀਂ ਕਰਾਏ ਗਏ ਅਤੇ ਐਲਾਨੇ ਨਤੀਜਿਆਂ ਅਨੁਸਾਰ ਪਹਿਲੇ ਵਰਗ ਵਿੱਚੋਂ ਸਰਕਾਰੀ ਹਾਈ ਸਕੂਲ ਸਹਿਜੜਾ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਚਰਨਕੰਵਲ ਕੌਰ ਪਹਿਲੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਮਗੜ੍ਹ ਦੀ ਸੱਤਵੀਂ ਜਮਾਤ ਦੀ ਵਿਦਿਆਰਥਣ ਸਿਮਰਨਜੋਤ ਕੌਰ ਦੂਜੇ ਤੇ ਸਰਕਾਰੀ ਮਿਡਲ ਸਕੂਲ ਗੁੰਮਟੀ ਸਕੂਲ ਦੀ ਅੱਠਵੀਂ ਜਮਾਤ ਦੀ ਵਿਦਿਆਰਥਣ ਜਸਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ।

ਦੂਜੇ ਵਰਗ ਵਿੱਚ ਮਾਤਾ ਸਾਹਿਬ ਕੌਰ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਗਹਿਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਹਰਨੂਰ ਕੌਰ ਪਹਿਲੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਮਗੜ੍ਹ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜਸ਼ਨਦੀਪ ਕੌਰ ਦੂਜੇ, ਜਦਕਿ ਮਾਤਾ ਸਾਹਿਬ ਕੌਰ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਗਹਿਲ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਜਸਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਤੀਜੇ ਵਰਗ ਵਿੱਚੋਂ ਯੂਨੀਵਰਸਿਟੀ ਕਾਲਜ ਬਰਨਾਲਾ ਦੀ ਬੀ.ਐੱਸ.ਸੀ ਭਾਗ ਦੂਜਾ ਦੀ ਵਿਦਿਆਰਥਣ ਮੁਮਤਾਜ ਪਹਿਲੇ, ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਗਹਿਲ ਦੀ ਬੀ.ਏ ਭਾਗ ਤੀਜਾ ਦੀ ਵਿਦਿਆਰਥਣ ਹਰਕਮਲਪ੍ਰੀਤ ਕੌਰ, ਦੂਜੇ ਜਦਕਿ ਯੂਨੀਵਰਸਿਟੀ ਕਾਲਜ ਢਿੱਲਵਾਂ ਦੀ ਬੀ.ਐੱਸ.ਸੀ ਭਾਗ ਦੂਜਾ ਦੀ ਵਿਦਿਆਰਥਣ ਕਮਲਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ।

ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਪ੍ਰਸ਼ੰਸਾ ਪੱਤਰ ਦੇਣ ਦੇ ਨਾਲ ਨਾਲ ਪਹਿਲੇ ਵਰਗ ਦੀਆਂ ਜੇਤੂ ਵਿਦਿਆਰਥਣਾਂ ਨੂੰ ਕ੍ਰਮਵਾਰ 500, 300 ਅਤੇ 200 ਰੁਪਏ ਦੀ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਦੂਜੇ ਵਰਗ ਦੀਆਂ ਜੇਤੂ ਵਿਦਿਆਰਥਣਾਂ ਨੂੰ ਕ੍ਰਮਵਾਰ 600, 500 ਤੇ 300 ਰੁਪਏ ਦੀ ਨਕਦ ਰਾਸ਼ੀ ਨਾਲ ਸਾਨਮਾਨਤ ਕੀਤਾ ਗਿਆ, ਜਦਕਿ ਤੀਜੇ ਵਰਗ ਦੀਆਂ ਜੇਤੂ ਵਿਦਿਆਰਥਣਾਂ ਨੂੰ ਕ੍ਰਮਵਾਰ 1000, 750 ਤੇ 500 ਰੁਪਏ ਦੀ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਤਿੰਨੇ ਵਰਗਾਂ ਦੇ ਮੁਕਾਬਲਿਆਂ ਵਿੱਚੋਂ ਪਹਿਲੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਰਾਜ ਪੱਧਰੀ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣਗੀਆਂ।

# ਰਾਜਨਾਥ ਸਿੰਘ ਦਾ ਬਿਆਨ ਨਿਆਂਪਾਲਿਕਾ, ਮੀਡੀਆ ਤੇ ਲੋਕਤੰਤਰ ਦੀ ਆਜ਼ਾਦੀ ਲਈ ਖਤਰਨਾਕ : ਲਿਬਰੇਸ਼ਨ

ਮਾਨਸਾ (ਪੱਤਰ ਪ੍ਰੇਰਕ)-ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੱਲੋਂ ਗਾਂਧੀਨਗਰ ਵਿਖੇ ਦਿੱਤੇ ਉਸ ਬਿਆਨ ਨੂੰ ਦੇਸ ਦੀ ਨਿਆਂਪਾਲਿਕਾ, ਸੋਸ਼ਲ ਮੀਡੀਆ, ਐਨਜੀਓਜ਼ ਤੇ ਲੋਕਤੰਤਰ ਦੀ ਪਹਿਲੋਂ ਹੀ ਸੀਮਤ ਆਜ਼ਾਦੀ ਲਈ ਅਤਿਅੰਤ ਘਾਤਕ ਕਰਾਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਦੇਸ ਵਿਰੋਧੀ ਤਾਕਤਾਂ ਵੱਲੋਂ ਇਨ੍ਹਾਂ ਦੀ ਦੁਰਵਰਤੋਂ ਦੇਸ ਦੀ ਸੁਰੱਖਿਆ ਨੂੰ ਤਬਾਹ ਕਰਨ ਲਈ ਕੀਤੀ ਜਾ ਸਕਦੀ ਹੈ। ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਇੱਕ ਬਿਆਨ ਵਿਚ ਕਿਹਾ ਗਿਆ ਕਿ ਇਸ ਬਿਆਨ ਤੋਂ ਜ਼ਾਹਰ ਹੈ ਕਿ ਦੇਸ ਦੀ ਸੁਰੱਖਿਆ ਦੀ ਆੜ ਵਿੱਚ ਮੋਦੀ ਸਰਕਾਰ ਨਿਆਂਪਾਲਿਕਾ, ਸੋਸ਼ਲ ਮੀਡੀਆ, ਗੈਰ ਸਰਕਾਰੀ ਸੰਗਠਨਾਂ ਤੇ ਲੋਕਤੰਤਰ ਦੇ ਸੰਵਿਧਾਨਕ ਅਦਾਰਿਆਂ ਦੀ ਰਹੀ ਸਹੀ ਸੁਤੰਤਰਤਾ ਦਾ ਵੀ ਭੋਗ ਪਾਉਣ ਤੇ ਦੇਸ ਉਤੇ ਨੰਗੀ ਚਿੱਟੀ ਫਾਸਿਸਟ ਤਾਨਾਸ਼ਾਹੀ ਥੋਪਣ ਦੀ ਤਿਆਰੀ ਕਰ ਰਹੀ ਹੈ। ਲਿਬਰੇਸ਼ਨ ਆਗੂ ਦਾ ਕਹਿਣਾ ਹੈ ਕਿ ਰਾਜਨਾਥ ਸਿੰਘ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਹੈ 'ਜੇ ਕਿਸੇ ਦੇਸ ਵਿੱਚ ਗਤੀਸ਼ੀਲ ਜਮਹੂਰੀਅਤ ਹੈ ਤਾਂ ਇਸ ਦੀ ਏਕਤਾ ਤੇ ਸੁਰੱਖਿਆ ਉਤੇ ਹਮਲੇ ਲਈ ਸਿਆਸੀ ਪਾਰਟੀਆਂ ਵਿੱਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਨਿਕਟ ਭਵਿੱਖ ਵਿੱਚ ਮੋਦੀ ਸਰਕਾਰ ਜਦੋਂ ਚਾਹੇ ਇਹ ਤਰਕ ਦੇ ਕੇ ਕਿਸੇ ਵੀ ਸਿਆਸੀ ਪਾਰਟੀ ਉਤੇ ਪਾਬੰਦੀ ਲਾ ਸਕਦੀ ਹੈ ਕਿ ਇਸ ਵਿੱਚ ਦੇਸ ਵਿਰੋਧੀ ਅਨਸਰ ਸੰਨ੍ਹ ਲਾ ਚੁੱਕੇ ਹਨ। ਇਸ ਲਈ ਨਿਆਂਪਾਲਿਕਾ, ਮੀਡੀਆ ਤੇ ਲੋਕਤੰਤਰ ਦੀ ਆਜ਼ਾਦੀ ਲਈ ਚਿੰਤਤ ਤੇ ਸਰਗਰਮ ਤਮਾਮ ਸਮਾਜਿਕ ਸਿਆਸੀ ਸ਼ਕਤੀਆਂ ਨੂੰ ਮੋਦੀ ਸਰਕਾਰ ਦੇ ਰੱਖਿਆ ਮੰਤਰੀ ਦੇ ਇਸ ਬਿਆਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਸ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

## ਕੇਂਦਰੀ ਜੇਲ੍ਹ 'ਚ ਹਵਾਲਾਤੀ ਕੋਲੋਂ ਮੋਬਾਇਲ ਫੋਨ ਬਰਾਮਦ, ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ ਹਵਾਲਾਤੀ ਕੋਲੋਂ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਪੁਲਿਸ ਨੇ ਉਕਤ ਹਵਾਲਾਤੀ ਖਿਲਾਫ਼ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਏਐੱਸਆਈ ਬਲਦੇਵ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 1264 ਰਾਹੀਂ ਕਸ਼ਮੀਰ ਚੰਦ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ 17 ਅਕਤੂਬਰ 2022 ਨੂੰ ਉਹ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵਿਚ ਸਮੇਤ ਸਾਥੀ ਕ੍ਰਮਚਾਰੀਆਂ ਦੇ ਨਵੀਂ ਬੈਰਕ ਨੰਬਰ 3 ਦੀ ਤਲਾਸ਼ੀ ਕੀਤੀ ਗਈ ਤਾਂ ਤਲਾਸ਼ੀ ਦੌਰਾਨ ਹਵਾਲਾਤੀ ਬਲਜਿੰਦਰ ਸਿੰਘ ਉਰਫ਼ ਬਲਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਮੋਹਨ ਕੇ ਉਤਾੜ ਕੋਲੋਂ 1 ਮੋਬਾਇਲ ਫੋਨ ਮਾਰਕਾ ਸੈਮਸੰਗ ਕੀਪੈਡ ਸਮੇਤ ਬੈਟਰੀ ਤੇ ਸਿੰਮ ਕਾਰਡ ਵੀਆਈ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ

**ਪੈਨਸ਼ਨਾਂ ਤੇ ਹੋਰ ਸਹਾਇਤਾ ਰਾਸ਼ੀ ਦਾ ਸਰਕਾਰ ਤੇ ਕਿਸੇ ਵੀ ਸਮਾਜ ਸੇਵੀ ਸੰਸਥਾ ਨਾਲ ਕੋਈ ਮੁਕਾਬਲਾ ਨਹੀਂ : ਡਾਕਟਰ ਉਬਰਾਏ**



ਲੋਕਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਦਿੰਦੇ ਹੋਏ ਟਰੱਸਟ ਦੇ ਮੈਂਬਰ। (ਫੋਟੋ : ਬਲਕਰਨ ਸਿੰਘ ਖਾਰਾ)

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਪ੍ਰੋ. ਡਾਕਟਰ ਐੱਸ ਪੀ ਸਿੰਘ ਉਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਡੇਰਾ ਭਾਈ ਮਸਤਾਨ ਸਿੰਘ ਮੁਕਤਸਰ ਸਾਹਿਬ ਵਿਖੇ ਵਿੱਦਿਆ ਨਾਲ ਸਬੰਧਤ, ਮੈਡੀਕਲ ਨਾਲ ਸਬੰਧਤ ਤੇ ਗਰੀਬੀ ਦੀ ਰੇਖਾ ਤੋਂ ਥੱਲੇ ਰਹਿ ਰਹੇ 25 ਪਰਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜ਼ੋਨ ਤੇ ਅਰਵਿੰਦਰ ਪਾਲ ਸਿੰਘ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਉਬਰਾਏ ਵੱਲੋਂ ਅਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਟਰੱਸਟ ਦੀ ਕੋਈ ਵੀ ਰਸੀਦਬੁਕ ਨਹੀਂ ਹੈ ਤੇ ਉਬਰਾਏ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਸਰਕਾਰ ਨਾਲ ਜਾਂ ਕਿਸੇ ਵੀ ਸਮਾਜ ਸੇਵੀ ਸੰਸਥਾ ਨਾਲ ਕੋਈ ਮੁਕਾਬਲਾ ਨਹੀਂ ਹੈ। ਇਹ ਲੜੀ ਮਾਨਵਤਾ ਦੀ ਸੇਵਾ ਨੂੰ ਸਮਰਪਤ ਕੀਤੀ ਗਈ ਹੈ। ਇਸ ਮੌਕੇ ਮਹੰਤ ਕਸ਼ਮੀਰ ਸਿੰਘ, ਗੁਰਬਿੰਦਰ ਸਿੰਘ ਬਰਾੜ ਇੰਚਾਰਜ ਮਾਲਵਾ ਜ਼ੋਨ, ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਮੁਕਤਸਰ ਸਾਹਿਬ, ਬਲਵਿੰਦਰ ਸਿੰਘ ਬਰਾੜ, ਗੁਰਚਰਨ ਸਿੰਘ, ਸੁਖਬੀਰ ਸਿੰਘ, ਬਰਨੇਕ ਸਿੰਘ, ਰਣਜੀਤ ਸਿੰਘ, ਗੁਰਜੀਤ ਸਿੰਘ ਜੀਤਾ, ਰਣਜੀਤ ਸਿੰਘ, ਹੇਮਲਤਾ, ਮਲਕੀਤ ਸਿੰਘ, ਅੰਮ੍ਰਿਤਪਾਲ ਸਿੰਘ, ਬਲਜੀਤ ਸਿੰਘ ਮੁਕਤਸਰ ਆਦਿ ਹਾਜ਼ਰ ਸਨ।

# ਬੱਚਤ ਭਵਨ 'ਚ ਜ਼ਿਲ੍ਹੇ ਦੀਆਂ ਚਾਰ ਸਬ-ਡਵੀਜ਼ਨਾਂ ਲਈ ਪਟਾਕਿਆਂ ਦੇ ਲਾਇਸੈਂਸਾਂ ਦੇ ਡਰਾਅ ਕੱਢੇ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਦੀਵਾਲੀ ਮੌਕੇ ਪਟਾਕਿਆਂ ਦੀ ਵਿਕਰੀ ਸਬੰਧੀ ਸਟਾਲ ਲਾਉਣ ਵਾਲੇ ਵਿਅਕਤੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਪ੍ਰਸ਼ਾਸਨ ਵੱਲੋਂ ਜਾਰੀ ਕੀਤੇ ਗਏ ਲਾਇਸੈਂਸ/ਮਨਜ਼ੂਰੀ ਤੋਂ ਬਿਨਾਂ ਪਟਾਕੇ ਵੇਚਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਪਟਾਕੇ ਵੇਚਣ ਲਈ ਉਨ੍ਹਾਂ ਥਾਂਵਾਂ 'ਤੇ ਹੀ ਸਟਾਲ ਲਾਏ ਜਾ ਸਕਦੇ ਹਨ, ਜਿਹੜੇ ਪ੍ਰਸ਼ਾਸਨ ਵੱਲੋਂ ਨਿਰਧਾਰਤ ਕੀਤੇ ਗਏ ਹਨ। ਜੇਕਰ ਕੋਈ ਦੁਕਾਨਦਾਰ ਇਨ੍ਹਾਂ ਥਾਂਵਾਂ ਤੋਂ ਬਿਨਾਂ ਕਿਸੇ ਹੋਰ ਸਥਾਨ 'ਤੇ ਪਟਾਕੇ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਵੀ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਆਦੇਸ਼ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਬੱਚਤ ਭਵਨ ਵਿਖੇ ਪਟਾਕਿਆਂ ਦੇ ਲਾਈਸੈਂਸ ਦੇ ਡਰਾਅ ਕੱਢਣ ਮੌਕੇ ਲਾਈਸੈਂਸ ਲਈ ਅਪਲਾਈ ਕਰਨ ਵਾਲੇ ਦੁਕਾਨਦਾਰਾਂ ਨੂੰ ਦਿੱਤੇ। ਉਨ੍ਹਾਂ ਦੁਕਾਨਦਾਰਾਂ ਨੂੰ ਇਹ ਵੀ ਕਿਹਾ ਕਿ ਪਟਾਕੇ ਵੇਚਣ ਲਈ ਲਾਏ ਜਾਣ ਵਾਲੇ ਸਟਾਲ ਤੇ ਲਾਇਸੈਂਸ ਦੀ ਅਸਲ ਕਾਪੀ ਹੋਣੀ ਲਾਜ਼ਮੀ ਹੈ ਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਲਾਈਸੈਂਸ ਰੱਦ ਕੀਤਾ ਜਾਵੇਗਾ।

ਸ਼੍ਰੀਮਤੀ ਸ਼ੇਰਗਿੱਲ ਨੇ ਇਹ ਵੀ ਦੱਸਿਆ ਕਿ ਰਿਹਾਇਸ਼ੀ ਇਲਾਕੇ ਵਿੱਚ ਪਟਾਕੇ ਵੇਚਣ ਲਈ ਸਟਾਲ ਨਹੀਂ ਲਾਏ ਜਾ ਸਕਦੇ ਅਤੇ ਦੀਵਾਲੀ ਨੂੰ ਰਾਤ 08:00 ਵਜੇ ਤੋਂ 10:00 ਵਜੇ ਤੱਕ ਹੀ ਪਟਾਕੇ ਚਲਾਏ ਜਾ ਸਕਦੇ ਹਨ। ਉਨ੍ਹਾਂ ਹੋਰ ਦੱਸਿਆ ਕਿ ਦੁਕਾਨਦਾਰ ਪਟਾਕੇ ਚਲਾਉਣ ਸਮੇਂ ਆਪਣੀਆਂ ਦੁਕਾਨਾਂ 'ਤੇ ਬੈਨਰ ਵੀ ਲਗਾਉਣਗੇ ਤਾਂ ਜੁ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ। ਉਨ੍ਹਾਂ ਹੋਰ ਦੱਸਿਆ ਕਿ ਪਟਾਕੇ ਵੇਚਣ ਦੇ ਸਟਾਲ ਲਗਾਉਣ ਵਾਲਿਆਂ ਨੂੰ ਫਾਇਰ ਵਿਭਾਗ ਵੱਲੋਂ ਇਤਰਾਜ਼ਹੀਨਤਾ ਸਰਟੀਫਿਕੇਟ ਲੈਣਾ ਵੀ ਲਾਜ਼ਮੀ ਹੋਵੇਗਾ ਤੇ ਅਧਿਕਾਰੀਆਂ ਵੱਲੋਂ ਕੀਤੀ ਜਾਣ ਵਾਲੀ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਦਾ ਲਾਇਸੈਂਸ ਰੱਦ ਕੀਤਾ ਜਾਵੇਗਾ ਅਤੇ ਪਟਾਕੇ ਜ਼ਬਤ ਕਰ ਲਏ ਜਾਣਗੇ। ਬੱਚਤ ਭਵਨ ਵਿਖੇ ਪਟਾਕਿਆਂ ਦੇ ਕੱਢੇ ਗਏ ਡਰਾਅ ਅਨੁਸਾਰ ਸਬ-ਡਵੀਜ਼ਨ ਫ਼ਤਹਿਗੜ੍ਹ ਸਾਹਿਬ-ਸਰਹਿੰਦ ਲਈ 9 ਬਸੀ ਪਠਾਣਾਂ ਲਈ 4, ਅਮਲੋਹ ਲਈ 4, ਮੰਡੀ ਗੋਬਿੰਦਗੜ੍ਹ ਲਈ 6 ਤੇ ਸਬ ਡਵੀਜ਼ਨ ਖਮਾਣੋਂ ਲਈ 3 ਡਰਾਅ ਕੱਢੇ ਗਏ। ਇਸ ਤੋਂ ਇਲਾਵਾ 2-2 ਵਾਧੂ ਡਰਾਅ ਵੀ ਕੱਢੇ ਗਏ ਤਾਂ ਜੋ ਜੇਕਰ ਕੋਈ ਦੁਕਾਨਦਾਰ ਲਾਇਸੈਂਸ ਲੈਣ ਨਹੀਂ ਆਉਂਦਾ ਤਾਂ ਵੇਟਿੰਗ ਲਿਸਟ ਵਾਲਾ ਦੁਕਾਨਦਾਰ ਲਾਇਸੈਂਸ ਲੈ ਸਕਦਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਬ-ਡਵੀਜ਼ਨ ਫ਼ਤਹਿਗੜ੍ਹ ਸਾਹਿਬ ਵਿਖੇ ਸਰਹਿੰਦ ਸ਼ਹਿਰ ਦੇ ਦੁਸ਼ਹਿਰਾ ਗਰਾਊਂਡ, ਚਨਾਰਥਲ ਕਲਾਂ ਦੇ ਖੇਡ ਗਰਾਊਂਡ, ਪਿੰਡ ਮੂਲੇਪੁਰ ਦੇ ਖੇਡ ਗਰਾਊਂਡ ਅਤੇ ਬਡਾਲੀ ਆਲਾ ਸਿੰਘ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਖੇਡ ਗਰਾਊਂਡ ਵਿਖੇ ਪਟਾਕੇ ਵੇਚਣ ਲਈ ਸਥਾਨ ਨਿਰਧਾਰਤ ਕੀਤਾ ਗਿਆ ਹੈ। ਇਸੇ ਤਰ੍ਹਾਂ ਸਬ ਡਵੀਜ਼ਨ ਬਸੀ ਪਠਾਣਾਂ ਦੇ ਨਾਮਦੇਵ ਮੰਦਰ ਦੁਸਹਿਰਾ ਗਰਾਊਂਡ ਤੇ ਚੁੰਨੀ ਕਲਾਂ ਵਿਖੇ ਸੈਂਪਲੀ ਰੋਡ, ਸਬ ਡਵੀਜ਼ਨ ਅਮਲੋਹ ਲਈ ਆਊਟ ਡੋਰ ਸਟੇਡੀਅਮ (ਦੁਸਹਿਰਾ ਗਰਾਊਂਡ) ਮੰਡੀ ਗੋਬਿੰਦਗੜ੍ਹ, ਮਾਘੀ ਕਾਲਜ ਅਮਲੋਹ ਦੇ ਸਾਹਮਣੇ ਵਾਲੀ ਖਾਲੀ ਜਗ੍ਹਾ, ਸਬ ਡਵੀਜ਼ਨ ਖਮਾਣੋਂ ਦੇ ਦੁਸਹਿਰਾ ਗਰਾਊਂਡ, ਸੰਘੋਲ ਦੇ ਦੁਸਹਿਰਾ ਗਰਾਊਂਡ, ਖੇੜੀ ਨੌਧ ਸਿੰਘ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇ ਪਿੰਡ ਭੜੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪਟਾਕੇ ਵੇਚਣ ਲਈ ਸਥਾਨ ਨਿਰਧਾਰਤ ਕੀਤੇ ਗਏ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਨੁਪ੍ਰਿਤਾ ਜੌਹਲ ਤੇ ਸਹਾਇਕ ਕਮਿਸ਼ਨਰ (ਜਨਰਲ) ਸ਼੍ਰੀ ਅਸ਼ੋਕ ਕੁਮਾਰ ਤੋਂ ਇਲਾਵਾ ਪਟਾਕਿਆਂ ਦੇ ਲਾਇਸੈਂਸ ਲੈਣ ਲਈ ਅਪਲਾਈ ਕਰਨ ਵਾਲੇ ਦੁਕਾਨਦਾਰ ਵੀ ਮੌਜੂਦ ਸਨ।

# ਮੀਤ ਹੇਅਰ ਦਾ 'ਆਪ' ਆਗੂਆਂ ਵੱਲੋਂ ਸਵਾਗਤ



ਸਮਾਣਾ (ਗੁਰਪਿਆਰ ਸਿੰਘ ਬੱਲ)

ਉਚੇਰੀ ਸਿੱਖਿਆ ਤੇ ਭਾਸ਼ਾਵਾਂ, ਖੇਡਾਂ ਤੇ ਯੁਵਕ ਸੇਵਾਵਾਂ, ਸਾਇੰਸ, ਟੈਕਨਾਲੋਜੀ ਤੇ ਵਾਤਾਵਰਣ, ਪ੍ਰਸ਼ਾਸਕੀ ਸੁਧਾਰ ਅਤੇ ਪ੍ਰਿੰਟਿੰਗ ਤੇ ਸਟੇਸ਼ਨਰੀ ਬਾਰੇ ਵਿਭਾਗਾਂ ਦੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਸਮਾਣਾ ਪਹੁੰਚਣ 'ਤੇ 'ਆਪ' ਪਾਰਟੀ ਦੇ ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ, ਐਡਵੋਕੇਟ ਗੁਲਜ਼ਾਰ ਸਿੰਘ ਵਿਰਕ, ਪੀ ਏ ਗੁਰਦੇਵ ਸਿੰਘ ਟਿਵਾਣਾ, ਐਸ ਸੀ ਵਿੰਗ ਦੇ ਇੰਚਾਰਜ ਸੁਰਜੀਤ ਸਿੰਘ ਦਹੀਆ, ਯੂਥ ਪ੍ਰਧਾਨ ਪਾਰਸ ਸ਼ਰਮਾ, ਟਰੱਕ ਯੂਨੀਅਨ ਪ੍ਰਧਾਨ ਜਤਿੰਦਰ ਝੰਡ, ਗੋਪਾਲ ਕ੍ਰਿਸ਼ਨ ਗਰਗ, ਸੰਦੀਪ ਸ਼ਰਮਾ ਅਤੇ ਕੁਲਬੀਰ ਸਿੰਗਲਾ ਸਮੇਤ ਸਮੂਹ ਆਗੂਆਂ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਬੁੱਕਾ ਦੇ ਕੇ ਸਵਾਗਤ ਕੀਤਾ ਗਿਆ।

ਕੈਬਨਿਟ ਮੰਤਰੀ ਮੀਤ ਹੇਅਰ ਪਬਲਿਕ ਕਾਲਜ ਵਿਖੇ ਕਰਾਏ ਜਾ ਰਹੇ ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ। ਇਸ ਮੌਕੇ ਸੀਨੀਅਰ 'ਆਪ' ਆਗੂ ਰਵਿੰਦਰ ਸੋਹਲ, ਸੰਦੀਪ ਸਿੰਘ, ਦਵਿੰਦਰ ਚੀਮਾ, ਅੰਮ੍ਰਿਤਪਾਲ ਤਲਵੰਡੀ ਤੇ ਅਸ਼ੋਕ ਬੱਬੀ ਆਦਿ ਵੀ ਮੌਜੂਦ ਰਹੇ।

# ਪਾਵਰਕਾਮ ਇਨਫੋਰਸਮੈਂਟ ਟੀਮ ਵੱਲੋਂ ਸਰਪੰਚਣੀ ਦਾ ਮੁੰਡਾ ਬਿਜਲੀ ਚੋਰੀ ਕਰਦਾ ਕਾਬੂ, ਤਿੰਨ ਲੱਖ ਜੁਰਮਾਨਾ

ਮਹਿਲ ਕਲਾਂ (ਗੁਰਪ੍ਰੀਤ ਸਿੰਘ ਅਣਖੀ)

ਬਿਜਲੀ ਚੋਰਾਂ ਨੂੰ ਨੱਥ ਪਾਉਣ ਲਈ ਇਨਫੋਰਸਮੈਂਟ ਟੀਮ ਬਰਨਾਲਾ ਦੀ ਟੀਮ ਵੱਲੋਂ ਮਹਿਲ ਕਲਾਂ ਇਲਾਕੇ 'ਚ ਛਾਪੇਮਾਰੀ ਕਰਕੇ ਮਹਿਲ ਕਲਾਂ ਸੋਢੇ (ਬਰਨਾਲਾ) ਦੀ ਸਰਪੰਚ ਬੀਬੀ ਰਾਜਵਿੰਦਰ ਕੌਰ ਧਾਲੀਵਾਲ ਦੇ ਪੁੱਤਰ ਦਵਿੰਦਰਜੀਤ ਸਿੰਘ ਉਰਫ਼ ਸੋਨਾ ਪੁੱਤਰ ਕੇਵਲ ਸਿੰਘ ਨੂੰ ਬਿਜਲੀ ਚੋਰੀ ਕਰਦਾ ਫੜਿਆ ਗਿਆ ਹੈ। ਜਾਣਕਾਰੀ ਅਨੁਸਾਰ ਇਸ ਕਿਸਾਨ ਵੱਲੋਂ ਆਪਣੇ ਖੇਤ 'ਚ ਚੱਲਦੀਆਂ ਦੋ ਖੇਤੀ ਮੋਟਰਾਂ ਨੂੰ ਪਿਛਲੇ ਸਮੇਂ ਤੋਂ 24 ਘੰਟੇ ਸ਼ਹਿਰੀ ਫੀਡਰ ਤੋਂ ਕੁੰਡੀ ਲਾ ਕੇ ਚਲਾਇਆ ਜਾ ਰਿਹਾ ਸੀ। ਮਹਿਕਮੇ ਨੂੰ ਮਿਲੀ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਐਕਸੀਅਨ ਬਰਨਾਲਾ ਦੀ ਅਗਵਾਈ 'ਚ ਇਨਫੋਰਸਮੈਂਟ ਟੀਮ ਬਰਨਾਲਾ ਨੇ ਸ਼ੁੱਕਰਵਾਰ ਨੂੰ ਮੌਕੇ 'ਤੇ ਪਹੁੰਚ ਕੇ ਉਕਤ ਕਿਸਾਨ ਵੱਲੋਂ ਲਾਈ ਕੁੰਡੀ ਨੂੰ ਫੜਿਆ। ਦੋਸ਼ੀ ਪਾਏ ਗਏ ਕਿਸਾਨ ਖਿਲਾਫ ਬਿਜਲੀ ਚੋਰੀ ਕਰਨ ਦੇ ਮਾਮਲੇ 'ਚ ਕਰਵਾਈ ਕਰਦਿਆਂ 2 ਲੱਖ, 99 ਹਜ਼ਾਰ 111 ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਐਸ.ਡੀ.ਓ. ਪਾਵਰਕਾਮ ਮਹਿਲ ਕਲਾਂ ਨਿਤਿਨ ਕੁਮਾਰ ਅਨੁਸਾਰ ਜੁਰਮਾਨੇ ਦੀ ਰਾਸ਼ੀ ਜਮ੍ਹਾਂ ਕਰਾਉਣ ਸਬੰਧੀ ਕਿਸਾਨ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਇਸ ਤੋਂ ਪਹਿਲਾਂ 1 ਦਸੰਬਰ 2020 ਨੂੰ ਇਨਫੋਰਸਮੈਂਟ ਟੀਮ ਵੱਲੋਂ ਇਸੇ ਸਰਪੰਚ ਦੂਜੇ ਪੁੱਤਰ ਕਾਂਗਰਸੀ ਆਗੂ ਹਰਭੁਪਿੰਦਰਜੀਤ ਸਿੰਘ ਉਰਫ਼ ਲਾਡੀ ਪੁੱਤਰ ਕੇਵਲ ਸਿੰਘ ਨੂੰ ਗੈਰਕਾਨੂੰਨੀ ਢੰਗ ਨਾਲ ਬਿਜਲੀ ਚੋਰੀ ਕਰਨ ਦੇ ਮਾਮਲੇ 'ਚ 1 ਲੱਖ 20 ਹਜ਼ਾਰ 674 ਰੁਪਏ ਦਾ ਜੁਰਮਾਨਾ ਕੀਤਾ ਜਾ ਚੁੱਕਾ ਹੈ। ਇਲਾਕੇ ਦੇ ਜਥੇ: ਅਜਮੇਰ ਸਿੰਘ ਮਹਿਲ ਕਲਾਂ, ਪੰਚ ਗੁਰਦੀਪ ਸਿੰਘ ਸੋਢਾ, ਮੰਗਤ ਸਿੰਘ ਸਿੱਧੂ, ਆੜ੍ਹਤੀਆ ਸਰਬਜੀਤ ਸਿੰਘ ਸਰਬੀ, ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਜਗਰਾਜ ਸਿੰਘ ਮੂੰਮ, ਦਰਸ਼ਨ ਸਿੰਘ ਕਾਕਾ ਸਾਬਕਾ ਗੰਨਮੈਨ ਕੀਤੂ, ਕਿਸਾਨ ਮਲਕੀਤ ਸਿੰਘ ਬੈਨੀਪਾਲ ਨੇ ਬਿਜਲੀ ਮਹਿਕਮੇ ਵੱਲੋਂ ਕੀਤੀ ਗਈ ਇਸ ਕਾਰਵਾਈ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ, ਬਿਜਲੀ ਮੰਤਰੀ ਹਰਭਜਨ ਸਿੰਘ ਤੋਂ ਅਕਾਲੀ-ਭਾਜਪਾ ਤੇ ਕਾਂਗਰਸ ਰਾਜ ਦੌਰਾਨ ਇਸ ਆਗੂ ਵੱਲੋਂ ਆਪਣਾ ਰਾਜਸੀ ਅਸਰ ਰਸੂਖ ਵਰਤ ਕੇ ਬਿਜਲੀ ਮਹਿਕਮੇ ਨੂੰ ਲਾਏ ਕਰੋੜਾਂ ਰੁਪਏ ਦੇ ਚੂਨੇ ਦੀ ਉੱਚ ਪੱਧਰੀ ਜਾਂਚ ਕਰ ਕੇ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## ...ਸਫ਼ਾ 1 ਦੇ ਬਾਕੀ

### ਕਾਮਰੇਡ ਘਾਟੇ ਤੋਂ ਬਰਧਨ...



ਜਨਰਲ ਸਕੱਤਰ ਚੁਣੇ ਜਾਣ ਤੋਂ ਬਾਅਦ ਕਾਮਰੇਡ ਡੀ ਰਾਜਾ ਕਿਸਾਨ ਆਗੂ ਕਾਮਰੇਡ ਅਤੁਲ ਅਨਜਾਨ ਨਾਲ ਕੋਈ ਨੁਕਤਾ ਸਾਂਝਾ ਕਰਦੇ ਹੋਏ। (ਵਿਚਕਾਰ) ਵਿਦੇਸ਼ੀ ਮਹਿਮਾਨਾਂ ਨੂੰ ਮਿਲਦੇ ਹੋਏ (ਸੱਜੇ) ਮਹਾਂਸੰਮੇਲਨ ਦੇ ਅੰਤ ਵਿੱਚ ਸੀ ਪੀ ਆਈ ਦੇ ਸਾਬਕਾ ਜਨਰਲ ਸਕੱਤਰ ਕਾਮਰੇਡ ਐੱਸ ਸੁਧਾਕਰ ਰੈਡੀ ਸਭ ਦਾ ਧੰਨਵਾਦ ਕਰਦੇ ਹੋਏ।

ਚੁਣੇ ਗਏ ਸਨ। ਦਸੰਬਰ 1947 ਵਿੱਚ ਪੀ ਸੀ ਜੋਸ਼ੀ ਨੂੰ ਬਦਲ ਕੇ ਬੀ ਟੀ ਰੰਧੀਵੇ ਨੂੰ ਇਹ ਅਹੁਦਾ ਦੇ ਦਿੱਤਾ ਗਿਆ ਸੀ।

ਦੂਸਰੀ ਕਲਕੱਤਾ ਕਾਂਗਰਸ 1948 ਵਿੱਚ ਹੋਈ ਸੀ। ਇਸ ਵਿੱਚ ਬੀ ਟੀ ਰੰਧੀਵੇ ਨੂੰ ਬਦਲ ਕੇ ਪਹਿਲਾਂ ਸੀ. ਰਾਜੇਸ਼ਵਰ ਰਾਓ ਨੂੰ ਅਤੇ ਬਾਅਦ ਵਿੱਚ ਅਜੈ ਘੋਸ਼ ਨੂੰ ਜਨਰਲ ਸਕੱਤਰ ਬਣਾਇਆ ਗਿਆ ਸੀ। 19 ਅਪ੍ਰੈਲ ਤੋਂ 29 ਅਪ੍ਰੈਲ 1956 ਵਿੱਚ ਪਾਲਘਾਟ ਕਾਂਗਰਸ ਹੋਈ ਸੀ। ਇਹ ਪਾਰਟੀ ਦੇ ਇਤਿਹਾਸ ਵਿੱਚ ਬੜੀ ਮਹੱਤਵਪੂਰਨ ਕਾਂਗਰਸ ਸੀ। ਅਜੈ ਘੋਸ਼ ਨੂੰ ਦੁਬਾਰਾ ਜਨਰਲ ਸਕੱਤਰ ਚੁਣ ਲਿਆ ਗਿਆ ਸੀ। 7 ਅਪ੍ਰੈਲ ਤੋਂ 16 ਅਪ੍ਰੈਲ 1961 ਵਿੱਚ ਵਿਜੈਵਾੜਾ ਵਿਖੇ ਪਾਰਟੀ ਕਾਂਗਰਸ ਦਾ ਆਯੋਜਨ ਕੀਤਾ ਗਿਆ ਸੀ। 13 ਦਸੰਬਰ ਤੋਂ 23 ਦਸੰਬਰ 1964 ਵਿੱਚ ਪਾਰਟੀ ਦੀ ਸੱਤਵੀਂ ਕਾਂਗਰਸ ਬੰਬਈ ਵਿੱਚ ਹੋਈ। ਰਾਜੇਸ਼ਵਰ ਰਾਓ ਇਸ ਵਿੱਚ ਜਨਰਲ ਸਕੱਤਰ ਚੁਣੇ ਗਏ ਸਨ। 1968 ਵਿੱਚ ਅੱਠਵੀਂ ਪਾਰਟੀ ਕਾਂਗਰਸ ਪਟਨਾ ਵਿੱਚ ਕੀਤੀ ਗਈ ਅਤੇ ਇਸ ਵਿੱਚ ਕਾਮਰੇਡ ਰਾਜੇਸ਼ਵਰ ਰਾਓ ਦੁਬਾਰਾ ਜਨਰਲ ਸਕੱਤਰ ਚੁਣੇ ਗਏ ਸਨ। 1971 ਵਿੱਚ ਨੌਵੀਂ ਪਾਰਟੀ ਕਾਂਗਰਸ ਕੋਚੀਨ ਵਿੱਚ ਸੰਪੰਨ ਹੋਈ ਸੀ। ਇਸ ਵਿੱਚ ਕਾਮਰੇਡ ਐੱਸ ਏ ਡਾਂਗੇ ਚੇਅਰਮੈਨ ਅਤੇ ਕਾਮਰੇਡ ਰਾਜੇਸ਼ਵਰ ਰਾਓ ਜਨਰਲ ਸਕੱਤਰ ਚੁਣੇ ਗਏ। 10ਵੀਂ ਕਾਂਗਰਸ ਜੋ ਵਿਜੈਵਾੜਾ ਵਿਖੇ ਕੀਤੀ ਗਈ, ਵਿੱਚ ਕਾਮਰੇਡ ਡਾਂਗੇ ਅਤੇ ਰਾਜੇਸ਼ਵਰ ਰਾਓ ਕ੍ਰਮਵਾਰ ਚੇਅਰਮੈਨ ਅਤੇ ਜਨਰਲ ਸਕੱਤਰ ਬਣੇ। 31 ਮਾਰਚ ਤੋਂ 7 ਅਪ੍ਰੈਲ 1978 ਨੂੰ 11ਵੀਂ ਪਾਰਟੀ ਕਾਂਗਰਸ ਪੰਜਾਬ ਦੇ ਬਠਿੰਡਾ ਸ਼ਹਿਰ ਵਿੱਚ ਹੋਈ। ਇਸ ਵਿੱਚ 1977 ਵਿੱਚ ਐਮਰਜੈਂਸੀ ਦੀ ਪਾਰਟੀ ਵੱਲੋਂ ਹਮਾਇਤ ਨੂੰ ਗ਼ਲਤ ਗਰਦਾਨਿਆ ਗਿਆ। ਕਾਮਰੇਡ ਡਾਂਗੇ ਅਤੇ ਕਾਮਰੇਡ ਰਾਜੇਸ਼ਵਰ ਰਾਓ ਨੂੰ ਹੀ ਦੁਬਾਰਾ ਚੁਣ ਲਿਆ ਗਿਆ। ਸੀ ਪੀ ਆਈ ਦੀ ਬਾਰ੍ਹਵੀਂ ਕਾਂਗਰਸ ਵਾਰਾਨਸੀ ਵਿੱਚ ਆਯੋਜਿਤ ਹੋਈ, ਜੋ 22 ਮਾਰਚ ਤੋਂ 28 ਮਾਰਚ ਤੱਕ ਚੱਲੀ ਸੀ। ਇਸ ਵਿੱਚ ਫਿਰ ਕਾਮਰੇਡ ਰਾਜੇਸ਼ਵਰ ਰਾਓ ਹੀ ਜਨਰਲ ਸਕੱਤਰ ਬਣੇ। ਭਾਰਤੀ ਕਮਿਊਨਿਸਟ ਪਾਰਟੀ ਦੀ 1986 ਵਿੱਚ ਤੇਰ੍ਹਵੀਂ ਕਾਂਗਰਸ ਪਟਨਾ 'ਚ, 1989 ਵਿੱਚ ਚੌਦਵੀਂ ਕਾਂਗਰਸ ਕਲਕੱਤਾ ਵਿੱਚ, 1992 ਵਿੱਚ ਪੰਦਰਵੀਂ ਕਾਂਗਰਸ ਹੈਦਰਾਬਾਦ ਵਿੱਚ, ਸੋਲ੍ਹਵੀਂ ਪਾਰਟੀ ਕਾਂਗਰਸ ਦਿੱਲੀ ਵਿੱਚ ਹੋਈ, ਜੋ 7 ਅਕਤੂਬਰ ਤੋਂ 11 ਅਕਤੂਬਰ 1995 ਤੱਕ ਚੱਲੀ। 17ਵੀਂ ਪਾਰਟੀ ਕਾਂਗਰਸ 1998 ਵਿੱਚ ਚੇਨਈ ਵਿੱਚ ਆਯੋਜਿਤ ਕੀਤੀ ਗਈ। ਇਸ ਵਿੱਚ ਏ ਬੀ ਬਰਧਨ ਜਨਰਲ ਸਕੱਤਰ ਚੁਣੇ ਗਏ। 18ਵੀਂ ਪਾਰਟੀ ਕਾਂਗਰਸ ਤ੍ਰਿਵੇਂਦਰਮ ਕੇਰਲ ਵਿੱਚ 26 ਮਾਰਚ ਤੋਂ 31 ਮਾਰਚ 2002 ਤੱਕ ਹੋਈ, ਇਸ 'ਚ ਏ ਬੀ ਬਰਧਨ ਦੁਬਾਰਾ ਜਨਰਲ ਸਕੱਤਰ ਚੁਣੇ ਗਏ। 19ਵੀਂ ਕਾਂਗਰਸ 2005 ਵਿੱਚ ਚੰਡੀਗੜ੍ਹ ਵਿੱਚ ਹੋਈ। ਇਸ ਵਿੱਚ ਏ ਬੀ ਬਰਧਨ ਜਨਰਲ ਸਕੱਤਰ ਚੁਣੇ ਗਏ। 2008 ਵਿੱਚ ਵੀਹਵੀਂ ਕਾਂਗਰਸ ਹੈਦਰਾਬਾਦ ਵਿੱਚ ਹੋਈ ਅਤੇ ਇਸ ਵਿੱਚ ਵੀ ਏ ਬੀ ਬਰਧਨ ਜਨਰਲ ਸਕੱਤਰ ਚੁਣੇ ਗਏ। 21ਵੀਂ ਕਾਂਗਰਸ 2012 ਵਿੱਚ ਪਟਨਾ ਵਿਖੇ ਹੋਈ। ਕਾਮਰੇਡ ਸੁਧਾਕਰ ਰੈਡੀ ਇਸ ਵਿੱਚ ਜਨਰਲ ਸਕੱਤਰ ਚੁਣੇ ਗਏ। 22ਵੀਂ ਕਾਂਗਰਸ 2015 ਵਿੱਚ ਪੁਡੂਚੇਰੀ ਵਿੱਚ ਕੀਤੀ ਗਈ। ਕਾਮਰੇਡ ਸੁਧਾਕਰ ਰੈਡੀ ਇਸ ਵਿੱਚ ਜਨਰਲ ਸਕੱਤਰ ਬਣੇ। 2018 ਵਿੱਚ ਕੋਲਮ ਵਿੱਚ 23ਵੀਂ ਕਾਂਗਰਸ ਹੋਈ ਅਤੇ ਇਸ ਵਿੱਚ ਸੁਧਾਕਰ ਰੈਡੀ ਦੁਬਾਰਾ ਜਨਰਲ ਸਕੱਤਰ ਚੁਣੇ ਗਏ। 2019 ਵਿੱਚ ਕਾਮਰੇਡ ਰੈਡੀ ਨੇ ਸੇਵਾ-ਮੁਕਤੀ ਲੈ ਲਈ ਅਤੇ ਕਾਮਰੇਡ ਡੀ. ਰਾਜਾ ਜਨਰਲ ਸਕੱਤਰ ਚੁਣੇ ਗਏ। 24ਵੀਂ ਪਾਰਟੀ ਕਾਂਗਰਸ ਵਿਜੇਵਾੜਾ ਵਿੱਚ ਹੋਈ। ਇਸ ਵਿੱਚ ਕਾਮਰੇਡ ਡੀ ਰਾਜਾ ਜਨਰਲ ਸਕੱਤਰ ਚੁਣੇ ਗਏ।



ਕਾਮਰੇਡ ਸ਼ਮੀਮ ਫੈਜ਼ੀ ਹਾਲ ਅੱਗੇ ਬਣਾਈ ਗਈ 'ਸ਼ਹੀਦ ਵੇਦੀ' ਅੱਗੇ ਤਸਵੀਰ ਖਿਚਵਾਉਂਦੇ ਹੋਏ ਕਾਮਰੇਡ ਜਗਰੂਪ, ਸੁਖਦੇਵ ਸ਼ਰਮਾ, ਕੁਲਦੀਪ ਭੋਲਾ, ਕਸ਼ਮੀਰ ਗਦਾਈਆ ਤੇ ਹਰਲਾਲ ਸਿੰਘ।

## ਮੀਟਿੰਗ ਰੱਦ ਕਰਨ ਦੇ ਰੋਸ ਵਜੋਂ ਮਜ਼ਦੂਰਾਂ ਨੇ ਭਗਵੰਤ ਮਾਨ ਦਾ ਕੀਤਾ ਵਿਰੋਧ

ਸੰਗਰੂਰ (ਪ੍ਰਵੀਨ ਸਿੰਘ)

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝਾ ਮੋਰਚਾ ਪੰਜਾਬ ਦੇ ਆਗੂਆਂ ਨਾਲ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਤਹਿਸ਼ੁਦਾ ਮੀਟਿੰਗ ਰੱਦ ਕਰਨ ਦੇ ਵਿਰੋਧ 'ਚ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਕਾਲਬੰਜਾਰਾ ਵਿਖੇ ਮੁੱਖ ਮੰਤਰੀ ਦਾ ਸਖਤ ਵਿਰੋਧ ਕੀਤਾ, ਜਿਸ ਨੂੰ ਸੰਬੋਧਨ ਕਰਦੇ ਹੋਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬਿੱਕਰ ਸਿੰਘ ਹਥੋਆ ਤੇ ਪਰਮਜੀਤ ਕੌਰ ਲੌਂਗੋਵਾਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ੋਰਾ ਸਿੰਘ ਨਸਰਾਲੀ ਤੇ ਹਰਭਗਵਾਨ ਮੂਨਕ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਆਗੂ ਪ੍ਰਗਟ ਸਿੰਘ ਕਾਲਾਝਾੜ ਤੇ ਲਖਵੀਰ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਜਿੱਥੇ ਪੰਜਾਬ ਵਿੱਚ ਪਿਛਲੇ ਸਮੇਂ ਅਕਾਲੀ ਕਾਂਗਰਸੀ ਸਰਕਾਰਾਂ ਨੇ ਪੇਂਡੂ ਤੇ ਖੇਤ ਮਜ਼ਦੂਰਾਂ ਨਾਲ ਵਿਤਕਰੇਬਾਜ਼ੀ ਕੀਤੀ। ਇਸੇ ਤਰ੍ਹਾਂ 'ਆਪ' ਸਰਕਾਰ ਦੇ ਸਮੇਂ ਵੀ ਉਸ ਤੋਂ ਵਧ ਕੇ ਜਾਰੀ ਹੈ। ਅੱਜ ਦੇ ਸਮੇਂ ਵਿੱਚ ਪੇਂਡੂ ਤੇ ਖੇਤ ਮਜ਼ਦੂਰਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ, ਜਿਸ 'ਤੇ ਪੰਜਾਬ ਸਰਕਾਰ ਦਾ ਬਿਲਕੁਲ ਵੀ ਧਿਆਨ ਨਹੀਂ ਹੈ ਪੇਂਡੂ ਤੇ ਖੇਤ ਮਜ਼ਦੂਰਾਂ ਨੇ ਰੋਸ ਮੁਜ਼ਾਹਰੇ ਉਪਰੰਤ ਉਦਘਾਟਨ ਵਾਲੀ ਫੈਕਟਰੀ ਦੇ ਮੁੱਖ ਗੇਟ ਦੇ ਸਾਹਮਣੇ ਧਰਨਾ ਲਾ ਦਿੱਤਾ।

ਫੈਕਟਰੀ ਦੇ ਮੁੱਖ ਗੇਟ ਅੱਗੇ ਜੁੜੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਦੀ ਸੰਗਰੂਰ ਕੋਠੀ ਅੱਗੇ ਸਤੰਬਰ ਨੂੰ ਲਾਏ ਤਿੰਨ ਰੋਜ਼ਾ ਮੋਰਚੇ ਸਮੇਂ ਮੁੱਖ ਮੰਤਰੀ ਵੱਲੋਂ ਮਜ਼ਦੂਰ ਜਥੇਬੰਦੀਆਂ ਨਾਲ 3 ਅਕਤੂਬਰ ਦੀ ਮੀਟਿੰਗ ਰੱਖੀ ਸੀ, ਜਿਸ ਨੂੰ ਬਦਲਵੀਂ ਤਰੀਕ ਦਿੱਤੇ ਬਿਨਾਂ ਹੀ ਰੱਦ ਕਰ ਦਿੱਤਾ ਗਿਆ। ਜੇਕਰ ਭਗਵੰਤ ਮਾਨ ਦੀ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਮਜ਼ਦੂਰ ਜਥੇਬੰਦੀਆਂ ਨੂੰ ਮੀਟਿੰਗ ਨਾ ਦਿੱਤੀ ਤਾਂ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ ਕੀਤਾ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

myTRIDENT™

my ♥ for home







AVAILABLE IN
6 PLEASANT FRAGRANCES

Visit your nearest store & explore our latest Bed & Bath Collections

**PUNJAB EXCLUSIVE STORES: TANEJA HANDLOOM EXCLUSIVE,** 9463743185 | **OCEANIC,** 9814358770 | **BLESSINGS,** 9815033376 | **VANYA CREATIONS,** 9815480815 | **RT ENTERPRISE,** 965378888 | **GOBIND TEXTILES,** 9815903506 | **TANEJA HANDLOOM,** 9878311940 | **GOOD LUCK HANDLOOM,** 9815555932 | **KARNA ASSOCIATES,** 9416034555 | **KHANNA HANDLOOM,** 9464100009

SHOP ONLINE AT
myTRIDENT.com

ਨਵਾਂ ਜ਼ਮਾਨਾ

ਬੁੱਧਵਾਰ, 19 ਅਕਤੂਬਰ 2022

# ਮੋਦੀ ਸਰਕਾਰ ਕਟਹਿਰੇ 'ਚ

*ਬਿਲਕਿਸ ਬਾਨੋ ਗੈਂਗ ਰੇਪ ਦੇ 'ਹਿੰਦੂਤਵੀ ਦਰਿੰਦਿਆਂ' ਦੀ ਰਿਹਾਈ ਇਸ ਸਮੇਂ ਮੋਦੀ ਸਰਕਾਰ ਲਈ ਗਲੇ ਦੀ ਹੱਡੀ ਬਣ ਚੁੱਕੀ ਹੈ। ਇਸ ਫੈਸਲੇ ਕਾਰਣ ਭਾਜਪਾ ਦੀ ਦੇਸ਼ ਹੀ ਨਹੀਂ, ਵਿਦੇਸ਼ਾਂ ਵਿੱਚ ਵੀ ਬਹੁਤ ਹੀ ਕਿਰਕਰੀ ਹੋ ਰਹੀ ਹੈ। ਇਸ ਸਮੇਂ ਇਸ ਮਾਮਲੇ ਦੀ ਸੁਪਰੀਮ ਕੋਰਟ ਵਿੱਚ ਸੁਣਵਾਈ ਚਲ ਰਹੀ ਹੈ। ਇਸ ਸੰਬੰਧੀ ਮਾਰਕਸੀ ਪਾਰਟੀ ਦੀ ਸਾਬਕਾ ਸਾਂਸਦ ਸੁਭਾਸਿਨੀ ਅਲੀ, ਪੱਤਰਕਾਰ ਰੇਵਤੀ ਲਾਲ ਤੇ ਰੂਪ ਰੇਖਾ ਵਰਮਾ ਨੇ ਸੁਪਰੀਮ ਕੋਰਟ ਵਿੱਚ ਰਿਟ ਦਾਖਲ ਕੀਤੀ ਹੈ। ਇਨ੍ਹਾਂ ਵਿਅਕਤੀਆਂ ਨੇ ਇਸ ਰਿਟ ਰਾਹੀਂ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਨ ਵਾਲੇ ਤੇ ਕਈ ਕਤਲਾਂ ਲਈ ਦੋਸ਼ੀ ਠਹਿਰਾਏ ਗਏ 11 ਵਿਅਕਤੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਚੁਣੌਤੀ ਦਿੱਤੀ ਹੈ। ਇਸ ਕੇਸ ਦੀ ਸੁਣਵਾਈ ਦੌਰਾਨ ਗੁਜਰਾਤ ਸਰਕਾਰ ਨੇ ਇਹ ਕਹਿ ਦਿੱਤਾ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਛੱਡਣ ਦੀ ਮਨਜ਼ੂਰੀ ਕੇਂਦਰ ਸਰਕਾਰ ਨੇ ਦਿੱਤੀ ਸੀ।*

*ਅਸਲ ਵਿੱਚ ਇਸ ਸਮੇਂ ਗੁਜਰਾਤ ਦੀਆਂ ਅਸੈਂਬਲੀ ਚੋਣਾਂ ਸਿਰ ਉੱਤੇ ਹਨ। ਭਾਜਪਾ ਨੂੰ ਡਰ ਹੈ ਕਿ ਵਿਰੋਧੀ ਪਾਰਟੀਆਂ ਇਸ ਮਸਲੇ ਨੂੰ ਚੋਣ ਮੁੱਦਾ ਬਣਾ ਕੇ ਗੁਜਰਾਤ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਸਕਦੀਆਂ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ। ਇਸ ਲਈ ਪਾਰਟੀ ਨੇ ਗੁਜਰਾਤ ਭਾਜਪਾ ਨੂੰ ਬਚਾਉਣ ਲਈ ਦੋਸ਼ੀਆਂ ਦੀ ਰਿਹਾਈ ਦਾ ਠੀਕਰਾ ਕੇਂਦਰ ਸਰਕਾਰ ਸਿਰ ਭੰਨ ਦਿੱਤਾ ਹੈ।*

*ਗੁਜਰਾਤ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਕਿਹਾ ਹੈ ਕਿ ਬਿਲਕਿਸ ਬਾਨੋ ਕੇਸ ਦੇ 11 ਦੋਸ਼ੀਆਂ ਨੂੰ 14 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਰਿਹਾਅ ਕੀਤਾ ਗਿਆ ਹੈ, ਕਿਉਂਕਿ ਸਜ਼ਾ ਦੌਰਾਨ ਉਨ੍ਹਾਂ ਦਾ ਵਿਹਾਰ ਵਧੀਆ ਸੀ। ਗੁਜਰਾਤ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੇ ਸੁਪਰੀਮ ਕੋਰਟ ਨੂੰ ਇੱਕ ਹਲਫਨਾਮੇ ਰਾਹੀਂ ਦੱਸਿਆ ਕਿ ਰਾਜ ਸਰਕਾਰ ਨੇ ਇਸ ਬਾਰੇ ਵਿਚਾਰ-ਵਟਾਂਦਰੇ ਤੋਂ ਬਾਅਦ ਇਨ੍ਹਾਂ 11 ਦੋਸ਼ੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਲਿਆ ਸੀ। ਭਾਰਤ ਸਰਕਾਰ ਨੇ ਵੀ 11 ਜੁਲਾਈ 2022 ਨੂੰ ਆਪਣੇ ਇੱਕ ਪੱਤਰ ਰਾਹੀਂ ਇਨ੍ਹਾਂ 11 ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਸਹਿਮਤੀ ਦੇ ਦਿੱਤੀ ਸੀ। ਇਸ ਹਲ਼ਫਨਾਮੇ ਵਿੱਚ ਕਿਹਾ ਗਿਆ ਹੈ ਕਿ ਦੋਸ਼ੀਆਂ ਦੀ ਰਿਹਾਈ ਤੋਂ ਪਹਿਲਾਂ ਚੀਫ਼ ਇੰਸਪੈਕਟਰ ਜਨਰਲ ਜੇਲ੍ਹਾਂ, ਜੇਲ ਮੁਖੀ, ਜੇਲ੍ਹ ਸਲਾਹਕਾਰ ਕਮੇਟੀ, ਜ਼ਿਲ੍ਹਾ ਮੈਜਿਸਟ੍ਰੇਟ, ਪੁਲਸ ਮੁਖੀ, ਸੀ ਬੀ ਆਈ, ਵਿਸ਼ੇਸ਼ ਅਪਰਾਧ ਸ਼ਾਖਾ ਤੇ ਸੈਸ਼ਨ ਕੋਰਟ ਮੁੰਬਈ ਦੀ ਕਮੇਟੀ ਨੇ ਵੀ ਇਸ ਬਾਰੇ ਵਿਚਾਰ-ਵਟਾਂਦਰਾ ਕੀਤਾ ਸੀ।*

*ਗੁਜਰਾਤ ਸਰਕਾਰ ਨੇ ਹਲ਼ਫਨਾਮੇ ਵਿੱਚ ਕਿਹਾ ਹੈ ਕਿ ਇਨ੍ਹਾਂ ਕੈਦੀਆਂ ਦੀ ਰਿਹਾਈ ਅੰਮ੍ਰਿਤ ਮਹਾਂਉਤਸਵ ਦੇ ਹਿੱਸੇ ਵਜੋਂ ਕੀਤੀ ਗਈ ਹੈ। ਸੀ ਆਰ ਪੀ ਸੀ ਦੀ ਧਾਰਾ 432 ਤੇ 433 ਅਧੀਨ ਰਾਜ ਸਰਕਾਰ ਨੂੰ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਬਾਰੇ ਫੈਸਲਾ ਲੈਣ ਦਾ ਅਧਿਕਾਰ ਹੈ। ਧਾਰਾ 435 ਅਧੀਨ ਫੈਸਲਾ ਲੈਣ ਸਮੇਂ ਵਿਚਾਰ ਅਧੀਨ ਮਾਮਲਿਆਂ ਦੀ ਭਾਰਤ ਸਰਕਾਰ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੁੰਦੀ ਹੈ। ਇਸ ਮਾਮਲੇ ਵਿੱਚ ਰਾਜ ਸਰਕਾਰ ਨੂੰ ਭਾਰਤ ਸਰਕਾਰ ਦੀ ਮਨਜ਼ੂਰੀ ਮਿਲ ਗਈ ਸੀ।*

*ਆਮ ਤੌਰ 'ਤੇ ਰਾਜ ਸਰਕਾਰਾਂ ਵਿਸ਼ੇਸ਼ ਮੌਕਿਆਂ ਉੱਤੇ ਚੰਗੇ ਆਚਰਨ ਤੇ ਛੋਟੇ ਅਪਰਾਧਾਂ ਵਾਲੇ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਲਈ ਇਨ੍ਹਾਂ ਧਾਰਾਵਾਂ ਰਾਹੀਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੀਆਂ ਰਹਿੰਦੀਆਂ ਹਨ। ਬਿਲਕਿਸ ਬਾਨੋ ਗੈਂਗ ਰੇਪ ਤੇ ਕਤਲਾਂ ਦੇ ਦੋਸ਼ੀਆਂ ਦਾ ਕੇਸ ਇੱਕ ਸਧਾਰਨ ਮਾਮਲਾ ਨਹੀਂ ਹੈ, ਇਸ ਨੇ ਤਾਂ ਸਮੁੱਚੀ ਮਾਨਵਤਾ ਨੂੰ ਹੀ ਸ਼ਰਮਸ਼ਾਰ ਕਰ ਦਿੱਤਾ ਸੀ। ਇਸ ਲਈ ਇਨ੍ਹਾਂ 11 ਦਰਿੰਦਿਆਂ ਦੀ ਰਿਹਾਈ ਦੇ ਕੁਕਰਮ ਲਈ ਗੁਜਰਾਤ ਸਰਕਾਰ ਦੇ ਨਾਲ-ਨਾਲ ਮੋਦੀ ਸਰਕਾਰ ਵੀ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ।*

# ਧਰਮ ਦੇ ਨਾਂਅ 'ਤੇ ਅਧਰਮ ਵੱਲ ਵਧ ਰਿਹਾ ਸਮਾਜ

ਸਾਡੇ ਦੇਸ਼ ਦੇ ਵਿਗਿਆਨੀ, ਸਮਾਜ ਸ਼ਾਸਤਰੀ ਤੇ ਪ੍ਰਗਤੀਸ਼ੀਲ ਸੋਚ ਵਾਲੇ ਲੋਕ ਮਹਿਸੂਸ ਕਰ ਰਹੇ ਹਨ ਕਿ ਧਾਰਮਿਕ ਖੇਤਰਾਂ ਅੰਦਰ ਸ਼ਰਧਾ ਦੀ ਵੀ ਇਕ ਪੱਧਰ 'ਤੇ ਸੀਮਾ ਹੋਣੀ ਚਾਹੀਦੀ ਹੈ, ਇੱਕ ਨਿਸ਼ਚਿਤ ਸੀਮਾ ਤੋਂ ਅੱਗੇ ਲੰਘੀ ਸ਼ਰਧਾ ਅਕਸਰ ਅੰਧ-ਵਿਸ਼ਵਾਸ ਤੇ ਨਿਰਾਰਥਕ ਰਸਮਾਂ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਅੱਜ ਅਜਿਹਾ ਹੀ ਹੋ ਰਿਹਾ ਹੈ।

ਸੁਤੰਤਰਤਾ ਪ੍ਰਾਪਤੀ ਉਪਰੰਤ ਸਾਡੇ ਦੇਸ਼ ਤੇ ਸਮਾਜ ਅੰਦਰ ਤੇਜ਼ ਰਫਤਾਰ ਨਾਲ ਵਧ ਰਹੀਆਂ ਧਾਰਮਿਕ ਸਰਗਰਮੀਆਂ ਦੇ ਮੁਕਾਬਲੇ ਵਿਚ ਅਪਰਾਧ ਅਤੇ ਅਨੈਤਿਕਤਾ ਦੇ ਰੁਝਾਨ ਵਿੱਚ ਵੀ ਤੇਜ਼ ਗਤੀ ਨਾਲ ਵਾਧਾ ਹੋਇਆ ਹੈ, ਸਮਾਜ ਦਾ ਇਕ ਬਹੁਤ ਵੱਡਾ ਤੇ ਹੁਸ਼ਿਆਰ ਵਰਗ ਮਾਇਆ, ਯਸ਼ ਕਿਰਤੀ ਤੇ ਲਾਲਸਾ ਦੀ ਪੂਰਤੀ ਲਈ ਧਾਰਮਿਕ ਸਰਗਰਮੀਆਂ ਵਿੱਚ ਵਿਖਾਵਿਆਂ ਨੂੰ ਸਥਾਪਤ ਕਰਨ ਲਈ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਅੱਜ ਧਾਰਮਿਕ ਸਰਗਰਮੀਆਂ ਦੇ ਸੰਚਾਲਨ ਲਈ ਜਿਹੜੇ ਢੰਗ-ਤਰੀਕੇ ਵਰਤੇ ਜਾ ਰਹੇ ਹਨ, ਕਿਸੇ ਵੀ ਧਰਮ ਦੀ ਬੁਨਿਆਦ ਰੱਖਣ ਵਾਲੀਆਂ ਹਸਤੀਆਂ ਦੇ ਵਿਚਾਰਾਂ ਵਿੱਚੋਂ ਤੇ ਧਾਰਮਿਕ ਗ੍ਰੰਥਾਂ ਵਿੱਚੋਂ ਕਿਤੇ ਵੀ ਇਸ ਦਾ ਕੋਈ ਸੰਕੇਤ ਨਹੀਂ ਮਿਲ ਰਿਹਾ।

ਆਪਣੀ ਬੱਲੇ-ਬੱਲੇ ਤੇ ਸ਼ਰਧਾਲੂਆਂ ਵਿਚ ਆਪਣੀ ਪੈਂਠ ਬਣਾਉਣ ਵਾਲੇ ਲੋਕਾਂ ਦੀ ਰੀਸੇ ਦੋ ਡੰਗਾਂ ਦੇ ਖਾਣੇ ਤੋਂ ਵੀ ਆਤੁਰ ਮਿਹਨਤੀ ਲੋਕ ਵੀ ਪਾਠ, ਕੀਰਤਨ, ਜਗਰਾਤੇ ਕਰਾਉਣ ਦੀਆਂ ਰਸਮਾਂ ਵਿੱਚ ਬੱਝ ਗਏ ਹਨ ਤੇ ਅਜਿਹਾ ਕੇਵਲ ਆਪਣੀਆਂ ਕਾਰਜ ਸਿੱਧੀਆਂ ਵਾਸਤੇ ਕਰਨ ਦਾ ਵਹਿਮ ਪਾਲਿਆ ਜਾਂਦਾ ਹੈ।

ਸਾਡੇ ਦੇਸ਼ ਅੰਦਰ ਕਈ ਲਾਵਾਰਸ ਲੋਕ ਮਾਨਸਿਕ ਰੋਗੀ ਹੋ ਜਾਂਦੇ ਹਨ ਤੇ ਕੱਪੜੇ ਲਾਹ ਕੇ ਅਲਫ ਨੰਗੇ ਹੋ ਜਾਂਦੇ ਹਨ। ਅਨੇਕਾਂ ਲੋਕ ਅੱਗੇ ਵਧ-ਵਧ ਕੇ ਸ਼ਰਧਾਵੱਸ ਅਜਿਹੇ ਰੋਗੀਆਂ ਦੇ ਪੈਰ ਫੜਨ ਲੱਗ ਜਾਂਦੇ ਹਨ, ਪਰ ਉਹ ਇਨ੍ਹਾਂ ਸ਼ਰਧਾਲੂਆਂ ਨੂੰ ਅਕਸਰ ਉੱਚਾ-ਨੀਵਾਂ ਬੋਲਦੇ ਗਾਲ੍ਹਾਂ ਕੱਢਦੇ ਤੇ ਇੱਟਾਂ-ਰੋੜੇ ਤੱਕ ਮਾਰਦੇ ਹਨ, ਇਨ੍ਹਾਂ ਇੱਟਾਂ-ਰੋੜਿਆਂ ਨਾਲ ਕਈ ਵਾਰ ਮੌਤਾਂ ਵੀ ਹੁੰਦੀਆਂ ਹਨ, ਪਰ ਅੰਧ-ਵਿਸ਼ਵਾਸ ਵਿੱਚ ਭਟਕਦੀ ਭੀੜ ਆਪਣੀਆਂ ਕਾਰਜ ਸਿੱਧੀਆਂ ਵਾਸਤੇ ਇਨ੍ਹਾਂ ਰੋਗੀਆਂ ਤੋਂ ਵਰ ਪ੍ਰਾਪਤ ਕਰਨ ਲਈ ਹੁੰਮ-ਹੁਮਾ ਕੇ ਆਉਂਦੀ ਹੈ, ਇਸ ਭੀੜ ਵਿੱਚ ਕਈ ਗ੍ਰੈਜੂਏਟ, ਪੋਸਟ ਗ੍ਰੈਜੂਏਟ ਤੇ ਪੀ.ਐੱਚ.ਡੀ. ਤੱਕ ਵੀ ਸ਼ਾਮਲ ਹੁੰਦੇ ਹਨ।

ਕੋਈ ਵਿਅਕਤੀ, ਕੋਈ ਸਮਾਜਿਕ ਸੰਸਥਾ ਨਹੀਂ ਸੋਚਦੀ ਕਿ ਇਨ੍ਹਾਂ ਰੋਗੀਆਂ ਨੂੰ ਹਸਪਤਾਲ ਵਿੱਚ ਦਾਖਲ ਕਰਕੇ ਨਵੀਂ ਜ਼ਿੰਦਗੀ ਬਖ਼ਸ਼ੀ ਜਾਵੇ, ਉਲਟਾ ਇਨ੍ਹਾਂ ਦੇ ਨਾਂਅ 'ਤੇ ਟੈਕਸੀ ਸਟੈਂਡ, ਦੁਕਾਨਾਂ, ਮਾਰਗਾਂ ਦੇ ਨਾਂਅ ਰੱਖੇ ਗੇਟ ਤੇ ਵੱਡੇ-ਵੱਡੇ ਗੁਰਦੁਆਰੇ ਤੱਕ ਉਸਾਰੇ ਜਾਂਦੇ ਹਨ।

ਧਾਰਮਿਕ ਗ੍ਰੰਥਾਂ ਤੇ ਪ੍ਰਾਚੀਨ ਧਾਰਮਿਕ ਹਸਤੀਆਂ ਦੇ ਵਿਚਾਰਾਂ ਵਿਚਲੇ ਕਿਸੇ ਵੀ ਸੰਦੇਸ਼ ਤੇ ਗੈਰ ਧਾਰਮਿਕ ਖੇਤਰ ਦੇ ਲੋਕਾਂ ਨੂੰ ਇੱਥੋਂ ਤੱਕ ਕਿ ਨਾਸਤਿਕਾਂ ਤੱਕ ਨੂੰ ਵੀ ਸ਼ਾਇਦ ਕੋਈ ਕਿੰਤੂ ਨਹੀਂ, ਕਿੰਤੂ ਨਿਰਾਰਥਕ ਵਿਖਾਵਿਆਂ 'ਤੇ ਹੁੰਦੇ ਹਨ, ਅਫਸੋਸ ਇਸ ਗੱਲ ਦਾ ਹੈ ਕਿ ਬਹੁਤੇ ਅਜੋਕੇ ਧਾਰਮਿਕ ਕਾਰਜ ਦੇਸ਼ ਤੇ ਸਮਾਜ ਨੂੰ ਨੈਤਿਕ ਕਰਮ ਨਾਲ ਜੋੜਨ ਵਿੱਚ ਅਸਫ਼ਲ ਰਹੇ ਹਨ, ਹਾਲਾਂਕਿ ਪ੍ਰਗਤੀਸ਼ੀਲ ਧਰਮਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਨੈਤਿਕ ਕਰਮ ਦੇ ਮਾਧਿਅਮ ਰਾਹੀਂ ਹੀ ਧਰਮ ਵਿਚ ਪ੍ਰਵੇਸ਼ ਦੀ ਅਨੁਮਤੀ ਹੋ ਸਕਦੀ ਹੈ।

ਪਰ ਇਸ ਦੇ ਉਲਟ ਅੱਜ ਕੱਲ੍ਹ ਤਾਂ ਅਨੈਤਿਕ ਕਾਰਜਾਂ ਵਿੱਚ ਸਫਲਤਾ ਪ੍ਰਾਪਤ ਕਰਕੇ ਵੀ ਪੂਰੇ ਜ਼ੋਰ-ਸ਼ੋਰ ਨਾਲ ਧਾਰਮਿਕ ਰਸਮਾਂ ਕਰਵਾਈਆਂ ਜਾਂਦੀਆਂ ਹਨ, ਇਸੇ ਪ੍ਰਸੰਗ ਵਿੱਚ ਮੈਨੂੰ ਇੱਕ ਗ਼ਜ਼ਲ ਦਾ ਸ਼ਿਅਰ ਯਾਦ ਆ ਰਿਹਾ ਹੈ, ਅਖੇ-

ਇੰਤਕਾਲ ਦੀ ਰਿਸ਼ਵਤ ਦੇ ਨਾਲ ਸੁੱਖਿਆ ਪਾਠ ਖੁੱਲ੍ਹਵਾਇਆ ਹੈ, ਕਿਹਾ ਗਿਆ ਅਰਦਾਸ 'ਚ ਇਹ ਧਨ ਹੋਰ ਵਧੇ ਪਟਵਾਰੀ ਦਾ।



ਮਹਿੰਦਰ ਸਿੰਘ 'ਦੁਸਾਂਝ'

ਧਾਰਮਿਕ ਲਹਿਰਾਂ ਦੇ ਅਜੋਕੇ ਸੰਚਾਲਕਾਂ ਦਾ ਅੱਜ ਸਾਰਾ ਜ਼ੋਰ ਸ਼ਰਧਾਲੂਆਂ ਦੀ ਮਾਨਸਿਕਤਾ ਉੱਪਰ ਗਿਆਨ ਦੀ ਥਾਂ ਸ਼ਰਧਾ ਥੋਪਣ 'ਤੇ ਲੱਗਿਆ ਹੋਇਆ ਹੈ, ਇਸੇ ਕਰਕੇ ਫ਼ਿਰਕੂ ਦੰਗੇ ਭੜਕਦੇ ਹਨ, ਘਰ ਸਾੜੇ ਤੇ ਕਤਲ ਕੀਤੇ ਜਾਂਦੇ ਹਨ, ਅਜਿਹੇ ਕੰਮ ਕਰਨ ਲਈ ਧਾਰਮਿਕ ਹਸਤੀਆਂ ਤੇ ਧਾਰਮਿਕ ਗ੍ਰੰਥ ਨਹੀਂ ਕਹਿੰਦੇ, ਅਜਿਹਾ ਕੰਮ ਤਾਂ ਸ਼ਰਧਾ ਵਿੱਚ ਮਾਨਸਿਕ ਰੋਗੀ ਹੋਈ ਲੋਕਾਂ ਦੀ ਭੀੜ ਵੱਲੋਂ ਕੀਤਾ ਜਾਂਦਾ ਹੈ ਤੇ ਇਹ ਵੀ ਹਕੀਕਤ ਹੈ ਕਿ ਸਾਡੇ ਦੇਸ਼ ਦੀ ਵੰਡ ਵੇਲੇ 1947 'ਚ ਧਰਮਾਂ-ਮਜ਼੍ਹਬਾਂ ਦੇ ਨਾਂਅ 'ਤੇ ਦਸ ਲੱਖ ਬੇਕਸੂਰ ਲੋਕਾਂ ਦੇ ਕਤਲ ਹੋਏ, ਔਰਤਾਂ ਦੀਆਂ ਇੱਜ਼ਤਾਂ ਰੁਲੀਆਂ ਤੇ ਵੱਡੀ ਪੱਧਰ 'ਤੇ ਉਜਾੜਾ ਹੋਇਆ।

ਗੁਰਮਤਿ ਦਰਸ਼ਨ ਪੂਰੀ ਤਰ੍ਹਾਂ ਪ੍ਰਗਤੀਸ਼ੀਲ ਸੋਚ ਨਾਲ ਜੁੜਿਆ ਹੋਇਆ ਹੈ ਅਤੇ ਇਨਸਾਨ ਦੇ ਮਨ ਦੀ ਸਹਿਜ ਅਵਸਥਾ ਨਾਲ ਵੀ, ਇਸੇ ਕਰਕੇ ਏਸ ਧਾਰਮਿਕ ਸਿਧਾਂਤ ਦੇ ਬਹੁਤੇ ਧਾਰਨੀ ਸੀਸ ਦੇ ਕੇ ਵੀ ਸ਼ਾਂਤ ਰਹਿ ਸਕਦੇ ਹਨ ਤੇ ਕਦੇ ਵੀ ਕਿਸੇ ਫਿਰਕੂ ਅੱਗ 'ਤੇ ਤੇਲ ਪਾਉਣ ਦੀ ਕੁਤਾਹੀ ਨਹੀਂ ਕਰਦੇ।

ਪਰ ਗੁਰਮਤਿ ਦਰਸ਼ਨ ਦੀਆਂ ਅਗਰਗਾਮੀ ਤੇ ਕਲਿਆਣਕਾਰੀ ਪ੍ਰੰਪਰਾਵਾਂ ਨੂੰ ਚਲਾਉਣ ਵਾਲੇ ਬਹੁਤੇ ਅਜੋਕੇ ਲੋਕ ਗੁਰਮਤਿ ਦੇ ਮਿਸ਼ਨ ਨੂੰ ਪ੍ਰਤੀਗਾਮੀ ਰਸਮਾਂ ਵਿੱਚ ਬੰਨ੍ਹਣ ਵਿਚ ਜੁਟੇ ਹੋਏ ਹਨ, ਕਦੇ ਗੁਰ ਸਿੱਖ ਲੋਕ ਜਦੋਂ ਜਾਬਰ ਧਾੜਵੀਆਂ ਤੇ ਮੁਗਲਾਂ ਦਾ ਟਾਕਰਾ ਕਰਨ ਲਈ ਅਕਸਰ ਘੋੜਿਆਂ ਦੀਆਂ ਪਿੱਠਾਂ 'ਤੇ ਸਵਾਰ ਹੁੰਦੇ ਸਨ ਤਾਂ ਉਨ੍ਹਾਂ ਨੂੰ ਜੰਗਲਾਂ ਵਿੱਚ 'ਕੱਠੇ ਕਰਕੇ, ਉਨ੍ਹਾਂ ਦੇ ਮਨਾਂ ਅੰਦਰ ਜ਼ੁਲਮ ਦੇ ਖ਼ਿਲਾਫ਼ ਜੂਝਣ ਲਈ ਤੇ ਮਨਾਂ ਵਿੱਚ ਨੈਤਿਕਤਾ ਦਾ ਸੰਚਾਰ ਕਰਨ ਲਈ ਪਾਠ ਸੁਣਾਇਆ ਜਾਂਦਾ ਸੀ, ਪਾਠ ਦੀ ਅਜਿਹੀ ਲੋੜ ਦੀ ਬੁਨਿਆਦ 'ਤੇ ਅੱਜ ਅਖੰਡ ਪਾਠਾਂ ਦੀ ਰਵਾਇਤ ਕਿੱਥੇ ਪਹੁੰਚ ਗਈ ਹੈ, ਇਸ ਬਾਰੇ ਸਾਡੇ ਧਾਰਮਿਕ ਬੁੱਧੀਜੀਵੀਆਂ ਨੂੰ ਚਿੰਤਨ ਤੇ ਵਿਚਾਰ ਕਰਨ ਦੀ ਲੋੜ ਹੈ।

ਧਰਮ ਦੇ ਨਾਂਅ 'ਤੇ ਸਮਾਜ ਦਾ ਇੱਕ ਵੱਡਾ ਵਰਗ ਵਪਾਰਕ ਸਰਗਰਮੀਆਂ ਵਿੱਚ ਰੁੱਝ ਗਿਆ ਜਾਪਦਾ ਹੈ, ਜਿਹੜੇ ਸਾਡੇ ਪੰਜਾਬੀ ਵਿਦੇਸ਼ਾਂ ਵਿੱਚ, ਵਿਸ਼ੇਸ਼ ਕਰਕੇ ਵਿਕਸਤ ਦੇਸ਼ਾਂ ਵਿੱਚ ਗਏ ਹੋਏ ਹਨ, ਉਹ ਜਦੋਂ ਇੱਥੇ ਆਉਂਦੇ ਹਨ ਤਾਂ ਅਖੰਡ ਪਾਠ ਕਰਵਾਉਣ ਲਈ ਉਨ੍ਹਾਂ ਕੋਲ ਪੈਸਾ ਤਾਂ ਹੁੰਦਾ ਹੈ, ਪਰ ਸਮਾਂ ਨਹੀਂ ਹੁੰਦਾ, ਪਤਾ ਲੱਗਾ ਹੈ ਕਿ ਉਨ੍ਹਾਂ ਦੀ ਸੁਵਿਧਾ ਲਈ ਪੰਜਾਬ ਦੇ ਸਮਕਾਲੀ ਰਾਜਾਂ ਦੇ ਕੁਝ ਗੁਰਦੁਆਰਿਆਂ ਵਿਚ ਅਖੰਡ ਪਾਠ ਕਰਕੇ ਇਕ ਲਿਸਟ ਬਣਾ ਲਈ ਜਾਂਦੀ ਹੈ ਜਾਂ ਇਕ ਪੱਗ ਵਰਗੇ ਲੰਮੇ ਕੱਪੜੇ ਨੂੰ ਗੰਢਾਂ ਮਾਰ ਲਈਆਂ ਜਾਂਦੀਆਂ ਹਨ ਤੇ ਬਾਹਰੋਂ ਆਏ ਸ਼ਰਧਾਲੂਆਂ ਤੋਂ ਕੀਤੇ-ਕਰਾਏ ਅਖੰਡ ਪਾਠ ਦੇ ਪੈਸੇ ਲੈ ਕੇ ਗੰਢਾਂ ਖੋਲ੍ਹ ਦਿੱਤੀਆਂ ਜਾਂਦੀਆਂ ਹਨ ਤੇ ਸੂਚੀ ਵਿੱਚ ਦਰਜ ਕੀਤੇ ਗਏ ਇੱਕ ਅਖੰਡ ਪਾਠ 'ਤੇ ਟਿੱਕ ਦਾ ਨਿਸ਼ਾਨ ਲਾ ਦਿੱਤਾ ਜਾਂਦਾ ਹੈ, ਜੇ ਇਹ ਸੱਚ ਹੈ ਤਾਂ ਇਹ ਮਨਮਤੀ ਰੀਤ ਹੈ, ਸਿੱਖ ਬੁੱਧੀਜੀਵੀਆਂ ਨੂੰ ਏਸ ਕੁਰੀਤ ਦਾ ਸੰਗਿਆਨ ਲੈਣਾ ਚਾਹੀਦਾ ਹੈ।

ਤੱਥਾਂ ਦੁਆਰਾ ਸਪੱਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਕਸਰ ਧੀਮੇ ਤੇ ਮਿੱਠੇ ਅੰਦਾਜ਼ ਵਿਚ ਬੋਲਦੇ ਤੇ ਸ਼ਬਦ ਉਚਾਰਣ ਕਰਦੇ ਸਨ, ਉਨ੍ਹਾਂ ਦੀ ਰਬਾਬ ਦਾ ਮਧੁਰ ਸੰਗੀਤ ਵੀ ਕੇਵਲ ਨੇੜੇ ਬੈਠੇ ਇਨਸਾਨ ਦੇ ਕੰਨਾਂ ਤੱਕ ਹੀ ਪਹੁੰਚਦਾ ਤੇ ਮਨ ਨੂੰ ਸਕੂਨ ਬਖਸ਼ਦਾ ਸੀ, ਬਾਬਾ ਜੀ ਵੱਲੋਂ ਸ਼ੁਰੂ ਕੀਤੀ ਗਈ ਮਿੱਠੇ ਤੇ ਧੀਮੇ ਵਿਚਾਰਾਂ ਦੀ ਇਹ ਖ਼ੂਬਸੂਰਤ ਤੇ ਕਲਿਆਣਕਾਰੀ ਰਵਾਇਤ ਲੰਮਾ ਸਮਾਂ ਗੁਰਦੁਆਰਿਆਂ ਅੰਦਰ ਪ੍ਰਚੱਲਤ ਰਹੀ।

ਲੰਮਾ ਸਮਾਂ ਗੁਰਦੁਆਰੇ ਕੱਚੇ ਤੇ ਲੋਕਾਂ ਦੇ ਮਨ ਰਹੇ ਧਰਮ ਲਈ ਪੱਕੇ, ਫੇਰ ਸਮੇਂ ਨੇ ਮੋੜ ਕੱਟਿਆ। ਗੁਰਦੁਆਰੇ ਪੱਕੇ ਤੇ ਮਨ ਹੋ ਗਏ ਕੱਚੇ, ਗੁਰਦੁਆਰਿਆਂ ਵਿੱਚ ਚਿਪਸਾਂ ਲੱਗ ਗਈਆਂ, ਗੁੰਬਦਾਂ 'ਤੇ ਸੋਨੇ ਤੇ ਚਾਂਦੀ ਦੇ ਕਲਸ਼ ਚੜ੍ਹਾਏ ਗਏ ਤੇ ਛੱਤਾਂ 'ਤੇ ਲਾਊਡ ਸਪੀਕਰਾਂ ਦੇ ਚੌਮੁਖੀਏ ਹਾਰਨ ਰੱਖ ਦਿੱਤੇ ਗਏ ਤੇ ਬਹੁਤੇ ਗੁਰਦੁਆਰਿਆਂ ਵਿਚ ਸ਼ੁਰੂ ਹੋਈਆਂ ਕੰਨਾਂ ਨੂੰ ਪਾੜ ਕੇ ਰੱਖ ਦੇਣ ਵਾਲੀਆਂ ਧਾਰਮਿਕ ਸਰਗਰਮੀਆਂ ਦੀਆਂ ਆਵਾਜ਼ਾਂ, ਅੱਜ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਆਉਂਦੇ ਤਾਂ ਸ਼ਾਇਦ ਅਜਿਹੇ ਗੁਰਦੁਆਰਿਆਂ ਦੇ ਦੋ-ਦੋ ਮੀਲ ਨੇੜਿਓਂ ਵੀ ਨਾ ਲੰਘ ਸਕਦੇ ਤੇ ਉਨ੍ਹਾਂ ਦੀ ਰਬਾਬ ਦਾ ਮਧੁਰ ਸੰਗੀਤ ਵੀ ਸ਼ੋਰ ਵਿੱਚ ਦਬ ਕੇ ਰਹਿ ਜਾਂਦਾ, ਅੱਜ ਤਾਂ ਜ਼ਬਰਦਸਤ ਸ਼ੋਰ ਰਾਹੀਂ ਪੇਸ਼ ਕੀਤੀ ਜਾ ਰਹੀ ਗੁਰਬਾਣੀ ਦੇ ਅਰਥਾਂ ਨੂੰ ਸ਼ੋਰ ਵਿੱਚੋਂ ਤਲਾਸ਼ ਕਰਨਾ ਵੀ ਔਖਾ ਲੱਗਦਾ ਹੈ।

ਅੰਨ੍ਹੀ ਸ਼ਰਧਾ ਨਾਲ ਬੋਲੇ ਹੋਏ ਕੰਨਾਂ ਵਾਲੇ ਬਹੁਤੇ ਸ਼ਰਧਾਲੂਆਂ ਨੂੰ ਅਜਿਹੇ ਸ਼ੋਰ ਨਾਲ ਸ਼ਾਇਦ ਕੋਈ ਪਰੇਸ਼ਾਨੀ ਨਾ ਹੋਵੇ, ਪਰ ਪਰੇਸ਼ਾਨੀ ਉਨ੍ਹਾਂ ਲੋਕਾਂ ਨੂੰ ਹੁੰਦੀ ਹੈ, ਜਿਨ੍ਹਾਂ ਨੇ ਅੰਮ੍ਰਿਤ ਵੇਲੇ ਅੰਤਰਮੁਖੀ ਹੋ ਕੇ ਸੱਚੇ ਨਾਂਅ ਦੀ ਵਡਿਆਈ 'ਤੇ ਵਿਚਾਰ ਕਰਨਾ ਹੁੰਦਾ ਹੈ, ਜਿਹਨਾਂ ਵਿਦਿਆਰਥੀਆਂ ਤੇ ਲੋਕਾਂ ਨੇ ਪੜ੍ਹਨਾ-ਲਿਖਣਾ ਹੁੰਦਾ ਹੈ, ਜਿਹਨਾਂ ਨੇ ਸਵੇਰੇ ਜਲਦੀ ਉੱਠ ਕੇ ਕੰਮ ਲਈ ਸ਼ਾਮ ਨੂੰ ਜਲਦੀ ਸੌਣਾ ਹੁੰਦਾ ਹੈ ਤੇ ਜਾਂ ਫੇਰ ਰਾਤ ਨੂੰ ਦੇਰ ਤੱਕ ਕੰਮ ਕਰਕੇ ਸਵੇਰ ਨੂੰ ਦਿਨ ਚੜ੍ਹੇ ਤੱਕ ਆਰਾਮ ਕਰਨਾ ਹੁੰਦਾ ਹੈ, ਸ਼ੋਰ ਨਾਲ ਪਰੇਸ਼ਾਨੀ ਹੁੰਦੀ ਹੈ ਮਰੀਜ਼ਾਂ ਨੂੰ ਤੇ ਤਤਕਾਲ ਕੋਈ ਜ਼ਰੂਰੀ ਫੋਨ ਕਰਨ ਸੁਣਨ ਵਾਲੇ ਲੋਕਾਂ ਨੂੰ, ਹੈਰਾਨੀ ਇਹ ਜਾਣ ਕੇ ਹੁੰਦੀ ਹੈ ਕਿ ਧਾਰਮਿਕ ਸਥਾਨਾਂ ਅੰਦਰ ਧਾਰਮਿਕ ਕਾਰਜਾਂ ਦੀ ਆੜ ਵਿਚ ਖੱਪ ਪਾਉਣ ਵਾਲੇ ਇਹ ਲੋਕ ਰਾਜਾਂ ਦੇ ਹਾਈ ਕੋਰਟ ਤੇ ਦੇਸ਼ ਦੇ ਸੁਪਰੀਮ ਕੋਰਟ ਤੱਕ ਦੀਆਂ ਹਦਾਇਤਾਂ ਦੀ ਪਰਵਾਹ ਨਹੀਂ ਕਰ ਰਹੇ, ਇੱਥੋਂ ਤੱਕ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਦੁਆਰਿਆਂ ਤੋਂ ਬਾਹਰ ਜਾਣ ਵਾਲੀਆਂ ਆਵਾਜ਼ਾਂ ਦੀ ਲਗਾਮ ਫੜਨ ਵਾਲੇ ਲਿਖਤੀ ਹੁਕਮ ਨੂੰ ਵੀ ਰੱਦੀ ਕਾਗਜ਼ ਦੇ ਬਰਾਬਰ ਸਮਝ ਰਹੇ ਹਨ। ਇਸ ਦੇ ਨਾਲ-ਨਾਲ ਨਗਰ ਕੀਰਤਨ ਤੇ ਗੁਰਪੁਰਬਾਂ ਸਮੇਂ ਕੰਨ ਪਾੜਵੇਂ ਸ਼ੋਰ ਤੇ ਪ੍ਰਦੂਸ਼ਨ ਫੈਲਾਉਣ ਵਾਲੇ ਪਟਾਕਿਆਂ ਦੀ ਰਵਾਇਤ ਵੀ ਪੁਰਾਣੇ ਸਮੇਂ ਅੰਦਰ ਗੁਰਮਤਿ ਦਰਸ਼ਨ ਵਿਚ ਨਹੀਂ ਸੀ।

ਜ਼ਬਰਦਸਤ ਆਵਾਜ਼ਾਂ ਰਾਹੀਂ ਧਰਮ ਦੇ ਨਾਂਅ 'ਤੇ ਆਪਣੀਆਂ ਦੁਕਾਨਾਂ ਚਲਾਉਣ ਲਈ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਵਾਲੇ ਬਹੁਤੇ ਪਾਠੀਆਂ, ਰਾਗੀਆਂ, ਢਾਡੀਆਂ, ਕੀਰਤਨ ਤੇ ਜਗਰਾਤਿਆਂ ਦੇ ਕਲਾਕਾਰਾਂ ਨੂੰ ਸੁਨਿਮਰ ਤੇ ਪੇਸ਼ਗੀ ਮੁਆਫੀ ਮੰਗ ਕੇ ਸ਼ਾਂਤੀ ਪਸੰਦ ਲੋਕਾਂ ਵੱਲੋਂ ਨਿੰਮ ਦੇ ਪੱਤਿਆਂ ਵਰਗੀ ਕੌੜੀ ਪਰ ਖ਼ੂਨ ਨੂੰ ਸਾਫ ਕਰਨ ਵਾਲੀ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੀਮਤ ਆਵਾਜ਼ ਤੇ ਸੁਖਾਵੇਂ ਅੰਦਾਜ਼ ਵਿੱਚ ਨਿਰੰਤਰ ਹੋ ਰਹੇ ਪਾਠ ਤੋਂ ਸੇਧ ਪ੍ਰਾਪਤ ਕਰਨ ਦੀ ਖੇਚਲ ਕਰਨ।

ਦੇਸ਼-ਵਿਦੇਸ਼ ਅੰਦਰ ਵੱਡੇ ਵਿਖਾਵਿਆਂ ਲਈ ਇਕ ਹੋਰ ਧਾਰਮਿਕ ਰਵਾਇਤ ਬੜੀ ਤੇਜ਼ੀ ਨਾਲ ਵਿਕਸਤ ਹੋ ਰਹੀ ਹੈ, ਇਸ ਰਵਾਇਤ ਨੂੰ ਵੱਖ-ਵੱਖ ਧਰਮਾਂ ਦੀਆਂ ਬੁਨਿਆਦਾਂ ਰੱਖਣ ਵਾਲੀਆਂ ਹਸਤੀਆਂ ਦੇ ਜਨਮਾਂ ਤੇ ਜੋਤੀ ਜੋਤ ਸਮਾਉਣ ਵਾਲੇ ਦਿਹਾੜਿਆਂ 'ਤੇ ਨਗਰ ਕੀਰਤਨ ਤੇ ਸ਼ੋਭਾ ਯਾਤਰਾਵਾਂ ਦੁਆਰਾ ਅੱਗੇ ਵਧਾਇਆ ਜਾ ਰਿਹਾ ਹੈ, ਸਾਡੇ ਦੇਸ਼ ਵਿੱਚ ਮੱਠੀ ਚਾਲੇ ਸਾਰੇ ਦਿਨ ਲਈ ਸ਼ਹਿਰਾਂ ਵਿਚੋਂ ਇਨ੍ਹਾਂ ਨਗਰ ਕੀਰਤਨਾਂ ਅਤੇ ਸ਼ੁੱਭ ਯਾਤਰਾਵਾਂ ਦੇ ਕਾਫਲਿਆਂ ਨੂੰ ਲੰਘਾਉਣ ਵਾਸਤੇ ਪੁਲਸ ਵੱਲੋਂ ਸਰਗਰਮ ਆਵਾਜਾਈ ਵਾਲੇ ਮਾਰਗ ਬੰਦ ਕਰ ਦਿੱਤੇ ਜਾਂਦੇ ਹਨ ਜਾਂ ਵੱਖ-ਵੱਖ ਵਾਹਨ ਔਝੜੇ ਮਾਰਗਾਂ ਤੇ ਤੋਰ ਦਿੱਤੇ ਜਾਂਦੇ ਹਨ, ਅਜਿਹਾ ਕਰਨ ਨਾਲ ਸਭ ਤੋਂ ਵੱਧ ਪਰੇਸ਼ਾਨੀ ਉਨ੍ਹਾਂ ਔਰਤਾਂ ਨੂੰ ਹੁੰਦੀ ਹੈ, ਜਿਨ੍ਹਾਂ ਨੂੰ ਜਾਮ 'ਚੋਂ ਲੰਘ ਕੇ ਦੇਰ ਰਾਤ ਪੱਛੜ ਕੇ ਪੁੱਜੀਆਂ ਬੱਸਾਂ, ਮੁੱਖ ਸੜਕਾਂ ਦੇ ਅੱਡਿਆਂ 'ਤੇ ਉਤਾਰ ਦਿੰਦੀਆਂ ਹਨ ਅਤੇ ਅੱਗੇ ਉਹ ਪਿੰਡ ਵਾਲੀਆਂ ਬੱਸਾਂ ਦੇਰ ਪਹਿਲਾਂ ਲੰਘ ਜਾਣ ਕਰ ਕੇ ਪੈਦਲ ਤੁਰ ਕੇ ਦੇਰ ਰਾਤ ਤੱਕ ਆਪਣੇ ਘਰਾਂ ਤੱਕ ਪਹੁੰਚਦੀਆਂ ਹਨ।

ਇਸ ਦੇ ਨਾਲ-ਨਾਲ ਉਨ੍ਹਾਂ ਲੋਕਾਂ ਨੂੰ ਵੀ ਭਾਰੀ ਮੁਸ਼ਕਲਾਂ ਨਾਲ ਜੂਝਣਾ ਪੈਂਦਾ ਹੈ, ਜਿਨ੍ਹਾਂ ਨੇ ਕਿਸੇ ਡਿਊਟੀ 'ਤੇ ਜਾਣਾ ਹੁੰਦਾ ਹੈ ਜਾਂ ਕਿਸੇ ਨੇ ਕੋਈ ਇੰਟਰਵਿਊ ਦੇਣਾ ਤੇ ਜਾਂ ਕਿਸੇ ਨੇ ਇਮਤਿਹਾਨ ਵਿੱਚ ਬਹਿਣਾ ਹੁੰਦਾ ਹੈ ਅਤੇ ਕਈ ਵਾਰੀ ਕਿਸੇ ਨੇ ਨਾਜ਼ੁਕ ਹਾਲਤ ਵਿੱਚ ਹਸਪਤਾਲ ਅੰਦਰ ਆਪਣੇ ਮਰੀਜ਼ ਲਈ ਖ਼ੂਨ ਦੇਣਾ, ਦਵਾਈਆਂ ਤੇ ਖੁਰਾਕ ਪਹੁੰਚਦੀ ਕਰਨੀ ਹੁੰਦੀ ਹੈ, ਅਜਿਹੇ ਲੋਕਾਂ 'ਤੇ ਨਾ ਪੁਲਸ ਤੇ ਨਾ ਸ਼ੋਭਾ ਯਾਤਰੀਆਂ ਨੂੰ ਕਦੇ ਰਾਈ ਜਿੰਨਾ ਤਰਸ ਆਉਂਦਾ ਹੈ।

ਹੁਣ ਧਾਰਮਿਕ ਗਤੀਵਿਧੀਆਂ ਦਾ ਰਾਜਸੀਕਰਨ ਵੀ ਹੋਣ ਲੱਗ ਪਿਆ ਹੈ, ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੇਤਾ ਵੀ ਇੱਕ-ਦੂਜੀ ਪਾਰਟੀ ਤੋਂ ਅੱਗੇ ਵਧਣ ਲਈ ਆਪਣੇ ਵਿਹਲੇ ਵਰਕਰਾਂ ਨਾਲ ਭਰੀਆਂ ਬੱਸਾਂ ਤੇ ਟਰਾਲੀਆਂ ਇਨ੍ਹਾਂ ਸ਼ੋਭਾ ਯਾਤਰਾਵਾਂ ਵਿੱਚ ਵਧ-ਚੜ੍ਹ ਕੇ ਸ਼ਾਮਲ ਕਰਨ ਲੱਗ ਪਏ ਹਨ, ਇਸ ਤੋਂ ਹੋਰ ਅੱਗੇ ਜਾਂਦਿਆਂ ਵਿਦਿਆਰਥੀਆਂ ਦੀ ਪੜ੍ਹਾਈ ਛੁਡਾ ਕੇ ਤੇ ਉਨ੍ਹਾਂ ਨੂੰ ਸਕੂਲਾਂ ਵਿੱਚੋਂ ਕੱਢ ਕੇ ਗਰਮੀ-ਸਰਦੀ ਵਿੱਚ ਇਨ੍ਹਾਂ ਨਗਰ ਕੀਰਤਨਾਂ ਅਤੇ ਸ਼ੋਭਾ ਯਾਤਰਾਵਾਂ ਦਾ ਹਿੱਸਾ ਬਣਾ ਲਿਆ ਜਾਂਦਾ ਹੈ।

ਅਜਿਹੇ ਹਾਲਾਤ ਵਿੱਚ ਸ੍ਰੀ ਭਗਵਤ ਗੀਤਾ ਵਿੱਚੋਂ ਇੱਕ ਸਤਰ ਅਕਸਰ ਯਾਦ ਆ ਜਾਂਦੀ ਹੈ, ਜਿਸ ਅਨੁਸਾਰ ਵਿਖਾਵਿਆਂ ਦੀ ਥਾਂ ਸਾਰਥਿਕ—

ਕਰਮ ਕਰੋ ਤੇ ਫਲ ਦੀ ਆਸ ਨਾ ਰੱਖੋ।

**ਸੰਪਰਕ : 94632-33991**

# ਨੇੜਿਓਂ ਦੇਖੀ ਮੌਤ

ਗੱਲ ਤਕਰੀਬਨ 1985/86 ਦੀ ਹੈ। ਮੈਂ ਫੌਜ ਦੀ ਨੌਕਰੀ ਦੌਰਾਨ ਜੰਮੂ ਕਸ਼ਮੀਰ ਦੇ ਮੈਂਢਰ ਸੈਕਟਰ ਦੀ ਬਿਲਕੁਲ ਅਗਲੇਰੀ ਚੌਕੀ 'ਤੇ ਤਾਇਨਾਤ ਸਾਂ, ਜੋ ਕਿ (ਐੱਲ ਓ ਸੀ) ਲਾਈਨ ਆਫ ਕੰਟਰੋਲ ਤੋਂ ਸਿਰਫ ਪੰਜਾਹ ਗਜ਼ ਦੀ ਦੂਰੀ 'ਤੇ ਸੀ।

ਅਸੀਂ ਉੱਥੇ ਚੌਦਾਂ-ਪੰਦਰਾਂ ਜਵਾਨ ਅਤੇ ਇੱਕ ਜੇਸੀਓ ਤਾਇਨਾਤ ਸਾਂ। ਮੁਖਤਿਆਰ ਸਿੰਘ ਡਾਂਗੋ ਸਾਡਾ ਪੋਸਟ ਕਮਾਂਡਰ ਸੀ।

ਦੁਸ਼ਮਣ ਦੀ ਗੋਲੀ ਦਾ ਡਰ ਹੋਣ ਕਰਕੇ ਦਿਨੇ ਕੋਈ ਹਰਕਤ ਨਹੀਂ ਸੀ ਹੁੰਦੀ । ਜੋ ਪਿੱਛੇ ਤੋਂ ਰਾਸ਼ਨ, ਸਬਜ਼ੀ, ਮਿੱਟੀ ਦਾ ਤੇਲ ਅਤੇ ਹੋਰ ਲੋੜੀਂਦਾ ਸਾਮਾਨ ਸ਼ਾਮ ਨੂੰ ਹਨੇਰਾ ਹੋਣ ਤੋਂ ਬਾਅਦ ਲੈਣ ਚਲੇ ਜਾਂਦੇ ਸਾਂ ਅਤੇ ਰਾਤ ਨੂੰ ਨੌਂ ਦਸ ਵਜੇ ਤੱਕ ਲੈ ਕੇ ਵਾਪਸ ਆ ਜਾਂਦੇ ਸੀ "ਪੋਸਟ ਦੇ ਬਿਲਕੁਲ ਹੇਠਾਂ ਇੱਕ ਛੋਟਾ ਜਿਹਾ ਨਾਲਾ ਵਗਦਾ ਸੀ ਅਤੇ ਇੱਕ ਚਸਮਾ ਵੀ ਵਗਦਾ ਸੀ, ਜਿੱਥੋਂ ਅਸੀਂ ਨਹਾਉਣਾ, ਕੱਪੜੇ ਧੋਣੇ ਅਤੇ ਆਉਣ ਲੱਗੇ ਪੀਣ ਵਾਲੇ ਪਾਣੀ ਦੇ ਕੈਨ ਜਾਂ ਬਖ਼ਾਲ ਭਰ ਕੇ ਲੈ ਆਉਂਦੇ ਸੀ" ਰਾਤ ਨੂੰ ਸਾਰੀ ਰਾਤ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਫਾਇਰਿੰਗ ਹੁੰਦੀ ਰਹਿੰਦੀ ਸੀ। ਇੱਕ ਦਿਨ ਸਾਰੇ ਜਵਾਨ ਸਾਰਾ ਦਿਨ ਬੱਕਰਾ ਮੋਰਚਿਆਂ ਆਦਿ ਦੀ ਸਾਫ-ਸਫਾਈ ਅਤੇ ਮੁਰੰਮਤ ਵਗੈਰਾ ਦਾ ਕੰਮ ਕਰ ਕੇ ਹਟੇ ਤਾਂ ਪੋਸਟ ਕਮਾਂਡਰ ਨੇ ਦੁਪਹਿਰ ਬਾਅਦ ਤਕਰੀਬਨ ਚਾਰ ਕੁ ਵਜੇ ਦੋ ਜਵਾਨ ਛੱਡ ਕੇ ਬਾਕੀ ਸਾਰਿਆਂ ਨੂੰ ਚਸਮੇ 'ਤੇ ਨਹਾਉਣ-ਧੋਣ ਲਈ ਭੇਜ ਦਿੱਤਾ। ਪੋਸਟ ਉੱਪਰ ਸਿਰਫ ਅਸੀਂ ਤਿੰਨ ਜਣੇ ਰਹਿ ਗਏ। ਪੋਸਟ ਕਮਾਂਡਰ ਡਾਂਗੋ ਸਾਹਿਬ, ਮੈਂ ਮਸੀਨ ਗੰਨ ਲੈ ਕੇ ਓ ਪੀ ਡਿਊਟੀ ਅਤੇ ਲਛਮਣ ਸਿੰਘ ਜੋ ਰੋਟੀ-ਪਾਣੀ ਅਤੇ ਖਾਣੇ ਦਾ ਪ੍ਰਬੰਧ ਦੇਖ ਰਿਹਾ ਸੀ।

ਸ਼ਾਮ ਨੂੰ ਸਾਢੇ ਕੁ ਚਾਰ ਵਜੇ ਦੁਸ਼ਮਣ (ਪਾਕਿਸਤਾਨ) ਵੱਲੋਂ ਅਚਾਨਕ ਫਾਇਰ ਆਇਆ। 'ਕਾਫੀ ਲੰਬਾ ਟਰੇਸਰ ਰੌਂਦਾਂ ਦਾ ਬਰੈਸਟ ਵੱਜਿਆ' ਜਿਸ ਨਾਲ ਪੈਰਾਮੀਟਰ ਦੇ ਅੱਗੇ ਉੱਗੇ ਹੋਏ ਸੁੱਕੇ ਘਾਹ-ਫੂਸ ਨੂੰ ਅੱਗ ਲੱਗ ਗਈ। ਮੈਂ ਲਛਮਣ ਸਿੰਘ ਨੂੰ ਅਵਾਜ਼ ਮਾਰੀ ਕਿ ਜਾ ਕੇ ਪਾਣੀ ਦਾ ਪੀਪਾ ਅੱਗ ਤੇ ਪਾ ਦੇ, ਤਾਂ ਕਿ ਅੱਗ ਬੁਝ ਜਾਵੇ, ਪਰ ਪੋਸਟ ਕਮਾਂਡਰ ਨੇ ਮੈਨੂੰ ਕਿਹਾ ਕਿ ਮੈਂ ਗੰਨ ਕੋਲ ਸੰਤਰੀ ਬੈਠਦਾ ਹਾਂ ਤੂੰ ਜਾ ਕੇ ਅੱਗ 'ਤੇ ਪਾਣੀ ਪਾ ਦੇ ਲਛਮਣ ਸਿੰਘ ਨੂੰ ਆਪਣਾ ਕੰਮ ਕਰਨ ਦੇ। ਜਦੋਂ ਮੈਂ ਪਾਣੀ ਦਾ ਭਰਿਆ ਪੀਪਾ ਸਿਰ 'ਤੇ ਰੱਖ ਕੇ ਅੱਗ 'ਤੇ ਪਾਣੀ ਪਾਉਣ ਲਈ ਅੱਗ ਦੇ ਕੋਲ ਪਹੁੰਚਿਆ ਤਾਂ ਇੱਕ ਵਾਰ ਫਿਰ ਦੁਸ਼ਮਣ ਵੱਲੋਂ ਜ਼ਬਰਦਸਤ ਫਾਇਰ ਆਇਆ, ਜੋ ਕਿ ਪੀਪੇ ਨੂੰ ਛੋਂਹਦਾ ਹੋਇਆ ਅੱਗੇ ਨਿਕਲ ਗਿਆ। ਮੇਰੇ ਕੋਲੋਂ ਪਾਣੀ ਦਾ ਪੀਪਾ ਡਿੱਗ ਪਿਆ ਅਤੇ ਮੈਂ ਵੀ ਉੱਥੇ ਹੀ ਡਿੱਗ ਪਿਆ, ਪਰ ਮੈਂ ਬਚ ਗਿਆ। ਏਨੇ ਨੂੰ ਅੱਗ ਹੋਰ ਫੈਲ ਗਈ ਮੈਂ ਬੜੀ ਮੁਸਕਲ ਨਾਲ ਅੱਗ ਤੋਂ ਦੂਰ ਹੁੰਦਾ ਹੋਇਆ ਪਿੱਛੇ ਆ ਗਿਆ, ਘਾਹ-ਫੂਸ ਸੁੱਕਾ ਹੋਣ ਕਰਕੇ ਅੱਗ ਬਹੁਤ ਤੇਜ਼ੀ ਨਾਲ ਜ਼ਿਆਦਾ ਫੈਲ ਗਈ' ਜੋ ਪੋਸਟ ਦੇ ਅੱਗੇ ਮਾਈਨ ਵਗੈਰਾ ਲਗਾਏ ਹੋਏ ਸੀ, ਸਭ ਤਾੜ੍ਹ-ਤਾੜ੍ਹ ਕਰਕੇ ਫਟਣ ਲੱਗੇ। ਦੁਸ਼ਮਣ ਵੱਲੋਂ ਫਾਇਰ ਹੋਰ ਤੇਜ ਕਰ ਦਿੱਤਾ ਗਿਆ" ਏਨੇ ਨੂੰ ਫਾਇਰ ਦੀ ਆਵਾਜ਼ ਸੁਣ ਕੇ ਚਸਮੇ 'ਤੇ ਨਹਾਉਣ ਗਏ ਸਾਰੇ ਜਵਾਨ-ਜਲਦੀ ਜਲਦੀ ਪਾਣੀ ਲੈ ਕੇ ਪੋਸਟ 'ਤੇ ਪਹੁੰਚ ਗਏ ਅਤੇ ਅੱਗ ਬੁਝਾਉਣ ਲੱਗੇ, ਰਾਤ ਦੇ ਨੌਂ ਦਸ ਵੱਜ ਚੁੱਕੇ ਸਨ, ਪਰ ਅੱਗ 'ਤੇ ਕਾਬੂ ਨਾ ਪਾਇਆ ਗਿਆ, ਸਗੋਂ ਅੱਗ ਹੋਰ ਵੀ ਪ੍ਰਚੰਡ ਹੋ ਰਹੀ ਸੀ। ਸਾਡੀ ਪੋਸਟ ਬਿਲਕੁਲ ਨਿਰਾਲੀ ਹੋ ਚੁੱਕੀ ਸੀ। ਕੋਈ ਰੁਕਾਵਟ ਅੱਗੇ ਨਹੀਂ ਬਚੀ ਸੀ ਅਤੇ ਜੋ ਪਿੱਛੇ ਕੰਪਨੀ ਹੈੱਡਕੁਆਰਟਰ ਨਾਲ ਰਾਬਤਾ ਕਰਨ ਲਈ ਟੈਲੀਫੋਨ ਦੀ ਤਾਰ ਵਗੈਰਾ ਵਿਛਾਈ ਗਈ ਸੀ, ਉਹ ਵੀ ਸੜ ਚੁੱਕੀ ਸੀ। ਸਾਡੀ ਪੋਸਟ ਦਾ ਸਾਰੇ ਪਾਸਿਓਂ ਸੰਪਰਕ ਟੁੱਟ ਚੁੱਕਾ ਸੀ। ਹੁਣ ਦੁਸ਼ਮਣ ਜਦੋਂ ਮਰਜ਼ੀ ਸਾਡੇ 'ਤੇ ਹਮਲਾ ਕਰਕੇ ਪੋਸਟ 'ਤੇ ਕਬਜ਼ਾ ਕਰ ਸਕਦਾ ਸੀ।



ਅਮਰਜੀਤ ਸਿੰਘ 'ਫੌਜੀ'

ਪੋਸਟ ਕਮਾਂਡਰ ਨੇ ਸਾਰਿਆਂ ਨੂੰ ਹੌਸਲਾ ਦਿੰਦੇ ਹੋਏ ਆਖਰੀ ਹੁਕਮ ਦਿੱਤਾ ਕਿ ਸਾਰੇ ਜਵਾਨ ਪੋਸਟ ਦੇ ਚਾਰੇ ਪਾਸੇ ਦੋ-ਦੋ ਦੀ ਟੋਲੀ ਬਣਾ ਕੇ ਤੈਨਾਤ ਹੋ ਜਾਓ, ਵੱਧ ਤੋਂ ਵੱਧ ਅਮਨੀਸਨ ਆਪਣੇ ਕੋਲ ਰੱਖ ਲਓ, ਗਰਨੇਡਾਂ ਦੇ ਡੱਬਿਆਂ ਦੇ ਢੱਕਣ ਖੋਲ੍ਹ ਕੇ ਕੋਲ ਰੱਖੋ, ਮੈਗਜ਼ੀਨ ਬੌਕਸਾਂ ਦੇ ਢੱਕਣ ਖੋਲ੍ਹ ਲਓ ਤਾਂ ਕਿ ਕੋਈ ਦਿੱਕਤ ਨਾ ਆਵੇ। ਹੌਸਲਾ ਨਹੀਂ ਹਾਰਨਾ, ਆਪਾਂ ਸਾਰੇ ਮਰ-ਮਿਟ ਜਾਵਾਂਗੇ,ਪਰ ਚੌਂਕੀ ਨਹੀਂ ਛੱਡਣੀ। ਇੱਕ ਜਵਾਨ ਦੀ ਡਿਊਟੀ ਲਗਾਈ ਗਈ ਕਿ ਜੇ ਦੁਸ਼ਮਣ ਹਮਲਾ ਕਰਦਾ ਹੈ ਤਾਂ ਤੂੰ ਅਮਨੀਸਨ ਵਾਲੇ ਬੰਕਰ ਨੂੰ ਅੱਗ ਲਾ ਦੇਣੀ ਹੈ। ਭਾਵੇਂ ਕਿ ਸਾਰੇ ਜਵਾਨ ਪਾਣੀ ਢੋ-ਢੋ ਕੇ ਥੱਕ ਗਏ ਸੀ, ਪਰ ਭੁੱਖਣ-ਭਾਣੇ ਵੀ ਬਹੁਤ ਉਤਸ਼ਾਹ ਅਤੇ ਹੌਸਲੇ ਵਿੱਚ ਸਨ। ਅਸੀਂ ਸਾਰੀ ਰਾਤ ਬੋਲੇ ਸੋ ਨਿਹਾਲ; ਸਤਿ ਸ੍ਰੀ ਅਕਾਲ ਦੇ ਉੱਚੀ-ਉੱਚੀ ਜੈਕਾਰੇ ਛੱਡਦੇ ਰਹੇ। ਕੁਦਰਤ ਦਾ ਕ੍ਰਿਸ਼ਮਾ ਵਾਪਰਿਆ ਕਿ ਹਵਾ ਦਾ ਰੁਖ ਬਦਲ ਕੇ ਪਾਕਿਸਤਾਨ ਵੱਲ ਨੂੰ ਹੋ ਗਿਆ, ਹਵਾ ਥੋੜ੍ਹੀ ਤੇਜ਼ ਹੋਣ ਕਰਕੇ ਅੱਗ ਹੁਣ ਦੁਸ਼ਮਣ ਵੱਲ ਨੂੰ ਤੇਜ਼ੀ ਨਾਲ ਵਧ ਰਹੀ ਸੀ ਅਤੇ ਦੇਖਦੇ ਹੀ ਦੇਖਦੇ ਅੱਗ ਦੁਸ਼ਮਣ ਦੀ ਪੋਸਟ ਤੱਕ ਪਹੁੰਚ ਕੇ ਅਪਣਾ ਰੰਗ ਦਿਖਾਉਣ ਲੱਗੀ, ਹੁਣ ਦੁਸ਼ਮਣ ਆਪਣੀ ਹੀ ਲਗਾਈ ਹੋਈ ਅੱਗ ਵਿੱਚ ਝੁਲਸ ਰਿਹਾ ਸੀ ਅਤੇ ਅਸੀਂ ਰਾਤ ਦੇ ਹਨੇਰੇ ਵਿੱਚ ਉਹ ਨਜ਼ਾਰਾ ਦੇਖ ਰਹੇ ਸੀ ਕਿ ਉਹੀ ਅੱਗ ਦੁਸ਼ਮਣ ਦੀ ਪੋਸਟ 'ਤੇ ਦੋ ਦਿਨ ਤੱਕ ਕਹਿਰ ਵਰਸਾਉਂਦੀ ਰਹੀ। ਦੁਸ਼ਮਣ ਸਾਡੇ ਨਾਲੋਂ ਕਾਫੀ ਉਚਾਈ 'ਤੇ ਬੈਠਾ ਹੋਣ ਕਰਕੇ ਸੁਰੱਖਿਅਤ ਸੀ, ਏਨੇ ਨੂੰ ਦਿਨ ਚੜ੍ਹ ਗਿਆ ਅਤੇ ਪਿੱਛੋਂ ਕੰਪਨੀ ਕਮਾਂਡਰ ਸਾਹਿਬ ਅਤੇ ਕੰਪਨੀ ਹੈਡਕੁਆਰਟਰ ਵਿਚੋਂ ਹੋਰ ਜਵਾਨ ਸਾਡੀ ਸਹਾਇਤਾ ਲਈ ਪਹੁੰਚ ਗਏ ਅਤੇ ਪੋਸਟ ਉੱਤੇ ਕੁੱਝ ਸਮੇਂ ਲਈ ਨਫਰੀ ਹੋਰ ਵਧਾਅ ਦਿੱਤੀ ਗਈ ਅਤੇ ਉਸ ਦਿਨ ਅਸੀਂ ਸਾਰਿਆਂ ਨੇ ਮੌਤ ਨੂੰ ਬਿਲਕੁਲ ਨੇੜਿਓਂ ਤੱਕਿਆ। ਇਹ ਸ਼ਬਦ ਮੈਂ ਇਸ ਲਈ ਲਿਖਣ ਲਈ ਵੀ ਮਜਬੂਰ ਹੋਇਆ ਹਾਂ ਕਿ ਕੁੱਝ ਲੋਕ ਕਹਿੰਦੇ ਹਨ ਕਿ ਫੌਜੀ ਤਾਂ ਫਰੀ ਦੀਆਂ ਤਨਖਾਹਾਂ ਅਤੇ ਸਹੂਲਤਾਂ ਲੈਂਦੇ ਹਨ।

ਫੌਜ ਦੀ ਨੌਕਰੀ ਕੋਈ ਸੌਖੀ ਨਹੀਂ ਹੈ। ਫੌਜੀ ਜਾਗਦੇ ਹਨ ਤਾਂ ਹੀ ਸਾਰਾ ਦੇਸ਼ ਸੌਂਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਜੋ ਸਰਜੀਕਲ ਸਟ੍ਰਾਇਕ ਦਾ ਰੌਲਾ ਪਾਇਆ ਜਾ ਰਿਹਾ ਹੈ, ਇਹੋ ਜਿਹੇ ਅਨੇਕਾਂ ਸਰਜੀਕਲ ਸਟ੍ਰਾਇਕ ਦੇਸ਼ ਦਾ ਹਰ ਫੌਜੀ ਆਪਣੀ ਡਿਊਟੀ ਦੌਰਾਨ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ। ਅਤੇ ਦੇਸ਼ ਦੀ ਸੁਰੱਖਿਆ ਲਈ ਹਮੇਸ਼ਾ ਮਰ-ਮਿਟਣ ਲਈ ਤਿਆਰ ਰਹਿੰਦਾ ਹੈ। ਇਨ੍ਹਾਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਕੇਂਦਰ ਦੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਫੌਜੀਆਂ ਦੀ ਹਰ ਮੁਸ਼ਕਿਲ ਦਾ ਹੱਲ ਪਹਿਲ ਦੇ ਅਧਾਰ ਕਰੇ।

***# ਸੰਪਰਕ : 95011-27033***

# ਪ੍ਰਦੂਸ਼ਤ ਵਾਤਾਵਰਣ 'ਚ ਭਾਰਤ ਮੋਹਰੀ

ਵਾਤਾਵਰਣ ਪ੍ਰਦੂਸ਼ਣ ਦੀ ਸਮੱਸਿਆ ਵਿਸ਼ਵ ਦੀ ਸਮੱਸਿਆ ਹੈ। ਪ੍ਰਦੂਸ਼ਤ ਵਾਤਾਵਰਣ ਕਾਰਨ ਹੀ ਵਿਸ਼ਵ 'ਚ 24 ਫੀਸਦੀ ਬਿਮਾਰੀਆਂ 'ਚ ਵਾਧਾ ਹੋਇਆ ਹੈ। ਪ੍ਰਦੂਸ਼ਤ ਵਾਤਾਵਰਣ ਕਾਰਨ ਹੀ ਵਿਸ਼ਵ 'ਚ 23 ਫੀਸਦੀ ਮੌਤਾਂ ਹੋ ਜਾਂਦੀਆਂ ਹਨ। ਵਿਸ਼ਵ ਸੰਗਠਨ ਅਨੁਸਾਰ ਦੁਨੀਆ ਭਰ 'ਚ 17 ਲੱਖ ਤੋਂ ਵੱਧ ਬੱਚੇ ਹਰ ਸਾਲ ਪ੍ਰਦੂਸ਼ਤ ਹਵਾ, ਪਾਣੀ ਅਤੇ ਘਟੀਆ ਖੁਰਾਕ ਕਾਰਨ ਮਰ ਜਾਂਦੇ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਮਗਰ ਇਕ ਬੱਚੇ ਦੀ ਮੌਤ ਪ੍ਰਦੂਸ਼ਣ ਕਾਰਨ ਹੁੰਦੀ ਹੈ। ਹਾਲ ਹੀ ਵਿਚ ਅਮਰੀਕਾ 'ਚ ਸਥਿਤ ਅਦਾਰਿਆਂ ਨੇ ਵਾਤਾਵਰਣ ਕਾਰਗੁਜ਼ਾਰੀ ਸੂਚਕ ਅੰਕ 'ਚ ਭਾਰਤ ਨੂੰ 180 ਦੇਸ਼ਾਂ 'ਚੋਂ ਸਭ ਤੋਂ ਹੇਠਲਾ ਭਾਵ 180ਵਾਂ ਸਥਾਨ ਪ੍ਰਾਪਤ ਹੋਇਆ ਹੈ, ਜਦਕਿ ਪਾਕਿਸਤਾਨ 176ਵੇਂ ਅਤੇ ਬੰਗਲਾਦੇਸ਼ 177ਵੇਂ ਸਥਾਨ 'ਤੇ ਰਹੇ ਹਨ। ਅਮਰੀਕਾ 43ਵੇਂ ਸਥਾਨ 'ਤੇ ਰਿਹਾ ਹੈ, ਜਦਕਿ ਚੀਨ ਨੂੰ 160ਵਾਂ ਸਥਾਨ ਪ੍ਰਾਪਤ ਹੋਇਆ ਹੈ।

ਅਮਰੀਕਾ ਦੇ ਖੋਜ ਸੰਗਠਨ ਹੈੱਲਥ ਇਫੈਕਸ਼ਨ ਇੰਸਟੀਚਿਊਟ ਵੱਲੋਂ ਪ੍ਰਕਾਸ਼ਤ ਰਿਪੋਰਟ ਮੁਤਾਬਕ ਦਿੱਲੀ ਵਿਚ ਹਵਾ ਪ੍ਰਦੂਸ਼ਣ ਫੈਲਾਉਣ ਵਲੋਂ ਪ੍ਰਕਾਸ਼ਤ ਰਿਪੋਰਟ ਹਵਾ ਦੀ ਗੁਣਵੱਤਾ ਦੇ ਜ਼ਮੀਨੀ ਅੰਕੜਿਆਂ ਤੇ ਸੈਟੇਲਾਈਟ ਦੇ ਮਾਡਲਾਂ ਦੀ ਮਦਦ ਨਾਲ ਤਿਆਰ ਕੀਤੀ ਗਈ ਹੈ। ਰਿਪੋਰਟ ਲਿਖਣ ਵਾਲਿਆਂ ਮੁਤਾਬਿਕ ਸਾਲ 2019 ਵਿਚ 17 ਲੱਖ ਮੌਤਾਂ ਪੀ.ਐੱਸ 2.5 ਹਵਾ ਪ੍ਰਦੂਸ਼ਣ ਕਾਰਨ ਹੋਈਆਂ। ਇਸ ਅਧਿਐਨ ਵਿਚ 7239 ਸ਼ਹਿਰਾਂ ਨੂੰ ਸ਼ਾਮਲ ਕੀਤਾ ਗਿਆ ਸੀ। ਏਸ਼ੀਆ, ਅਫਰੀਕਾ ਤੇ ਯੂਰਪੀ ਮੁਲਕਾਂ ਵਿਚ ਪ੍ਰਦੂਸ਼ਣ ਦੇ ਸਿਹਤ ਉੱਤੇ ਪੈਣ ਵਾਲੇ ਮਾੜੇ ਅਸਰ ਦੇਖੇ ਗਏ ਹਨ। ਉਂਜ ਦੁਨੀਆ ਦੇ ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ 18 ਸ਼ਹਿਰ ਭਾਰਤ ਦੇ ਹਨ। ਇਸ ਖੇਤਰ ਦੇ ਸਭ ਤੋਂ ਵੱਧ ਪ੍ਰਦੂਸ਼ਣ ਵਾਲੇ ਸ਼ਹਿਰਾਂ ਵਿਚ ਦਿੱਲੀ ਤੇ ਕੋਲਕਾਤਾ ਸ਼ਾਮਲ ਹਨ। ਹਵਾ ਪ੍ਰਦੂਸ਼ਣ ਦੇ ਮਾਮਲੇ ਵਿਚ ਇਹ ਸਿਖਰਲੇ ਦਸ ਸ਼ਹਿਰਾਂ ਵਿਚ ਸ਼ਾਮਲ ਹਨ। ਰਿਪੋਰਟ ਵਿਚ ਦੁਨੀਆ ਦੇ ਜਿਹੜੇ 50 ਸ਼ਹਿਰਾਂ ਵਿਚ ਮਹੀਨ ਕਣ (ਪੀ.ਐੱਸ 2.5) ਤੇਜ਼ੀ ਨਾਲ ਵਧੇ ਹਨ। ਜੋ ਸਾਹ ਦੀਆਂ ਬਿਮਾਰੀਆਂ ਲਈ ਜ਼ਿੰਮੇਵਾਰ ਹਨ।

ਵਿਸ਼ਵ ਬੈਂਕ ਦੇ ਮਾਹਰਾਂ ਵੱਲੋਂ ਕੀਤੇ ਗਏ ਇਕ ਤਾਜ਼ਾ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤ 'ਚ ਘੱਟੋ-ਘੱਟ 200 ਮਿਲੀਅਨ ਲੋਕ ਬਹੁਤ ਗਰੀਬੀ 'ਚ ਰਹਿੰਦੇ ਹਨ ਅਤੇ ਹਵਾ ਪ੍ਰਦੂਸ਼ਣ ਦੇ ਖਤਰਨਾਕ ਪੱਧਰਾਂ ਦਾ ਸਾਹਮਣਾ ਕਰ ਰਹੇ ਹਨ। ਅਧਿਐਨ 'ਚ ਇਹ ਵੀ ਅਨੁਮਾਨ ਲਗਾਇਆ ਗਿਆ ਹੈ ਕਿ ਦੇਸ਼ ਦੇ 2.8 ਬਿਲੀਅਨ ਲੋਕਾਂ 'ਚੋਂ 47 ਫੀਸਦੀ ਨੂੰ ਖਤਰਨਾਕ ਗੁਣਵੱਤਾ ਵਾਲੀ ਹਵਾ ਦਾ ਸਾਹਮਣਾ ਕਾਰਨਾ ਪੈਂਦਾ ਹੈ। ਵਿਸ਼ਵ ਬੈਂਕ ਦੇ ਮਾਹਰਾਂ ਵੱਲੋਂ ਕੀਤੇ ਗਏ ਅਧਿਐਨ ਦੇ ਅੰਦਾਜ਼ੇ ਮੁਤਾਬਕ 1.33 ਬਿਲੀਅਨ ਲੋਕ ਜੋ ਕਿ ਭਾਰਤ ਦੇ ਅੰਦਾਜ਼ਨ 1.39 ਬਿਲੀਅਨ ਲੋਕਾਂ ਦਾ 96 ਫੀਸਦੀ ਹੈ। ਖਤਰਨਾਕ ਹਵਾ 'ਚ ਸਾਹ ਲੈਂਦੇ ਹਨ। ਅਧਿਐਨ 'ਚ ਕਿਹਾ ਗਿਆ ਹੈ ਕਿ ਦੁਨੀਆ ਦਾ ਜ਼ਿਆਦਾਤਰ ਹਿੱਸਾ ਸੁਰੱਖਿਅਤ ਮਾਪਦੰਢਾਂ ਨੂੰ ਪੂਰਾ ਨਹੀਂ ਕਰਦਾ ਹੈ। ਗਲੋਬਨ ਆਬਾਦੀ ਦਾ 96.4 ਫੀਸਦੀ ਗੰਧਲੀ ਹਵਾ ਦੇ ਸੰਪਰਕ ਵਿਚ ਹੈ।



ਨਰਿੰਦਰ ਸਿੰਘ

ਹਾਲ ਹੀ ਕੌਮੀ ਪੱਧਰ ਦੀ ਇਕ ਵੱਡੀ ਸੰਸਥਾ ਗ੍ਰੀਨਪੀਸ ਇੰਡੀਆ ਵੱਲੋਂ ਜਾਰੀ ਇਕ ਰਿਪੋਰਟ ਅਨੁਸਾਰ ਭਾਰਤ ਦੀ 99 ਫੀਸਦੀ ਤੋਂ ਵੱਧ ਆਬਾਦੀ ਪ੍ਰਦੂਸ਼ਤ ਹਵਾ ਵਿਚ ਸਾਹ ਲੈਣ ਲਈ ਮਜਬੂਰ ਹੈ। ਰਿਪੋਰਟ ਅਨੁਸਾਰ ਇਸ ਸਮੱਸਿਆ ਕਾਰਨ ਸਮਾਜ 'ਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵੀ ਵਧੀ ਹੈ। ਮੁਲਕ ਦੇ ਬਹੁਤ ਜ਼ਿਆਦਾ ਪ੍ਰਦੂਸ਼ਤ ਅਤੇ ਸ਼ਹਿਰੀ ਖੇਤਰਾਂ ਦੀ ਆਬਾਦੀ ਵਧਦੇ ਜਾਣ ਦਾ ਇਕ ਵੱਡਾ ਕਾਰਨ ਪੇਂਡੂ ਖੇਤਰਾਂ ਤੇ ਜੰਗਲੀ ਇਲਾਕਿਆਂ ਦਾ ਤੇਜ਼ੀ ਨਾਲ ਸ਼ਹਿਰੀਕਰਨ ਹੋਣਾ ਹੈ। ਇਕ ਹੋਰ ਰਿਪੋਰਟ ਮੁਤਾਬਕ ਅੱਜ ਵੀ ਦੇਸ਼ ਦੀ 62 ਫੀਸਦੀ ਆਬਾਦੀ ਬੇਸ਼ੱਕ ਪੇਂਡੂ ਖੇਤਰਾਂ ਵਿਚ ਵਸਦੀ ਹੈ, ਪਰ ਜਿਸ ਢੰਗ ਨਾਲ ਪੇਂਡੂ ਖੇਤਰ ਸੁੰਗੜਦੇ ਜਾ ਰਹੇ ਹਨ ਅਤੇ ਜੰਗਲ ਅਧੀਨ ਖੇਤਰ ਘਟ ਰਹੇ ਹਨ, ਉਸ ਨਜ਼ਰੀਏ ਨਾਲ ਸਾਲ 2050 ਤੱਕ ਦੇਸ਼ ਦੇ 68 ਫੀਸਦੀ ਤੋਂ ਵੱਧ ਖੇਤਰ ਦਾ ਸ਼ਹਿਰੀਕਰਨ ਹੋ ਚੁੱਕਾ ਹੋਵੇਗਾ। ਇਸ ਰਿਪੋਰਟ ਅਨੁਸਾਰ ਦੇਸ਼ ਦੀਆਂ 62 ਫੀਸਦੀ ਗਰਭਵਤੀ ਔਰਤਾਂ ਇਨ੍ਹਾਂ ਅਤਿ ਪ੍ਰਦੂਸ਼ਤ ਖੇਤਰਾਂ 'ਚ ਰਹਿੰਦੀਆਂ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ 'ਚ ਹਰ ਸਾਲ 10 ਲੱਖ ਤੋਂ ਵੱਧ ਜਾਨਾਂ ਪ੍ਰਦੂਸ਼ਤ ਹਵਾ ਕਾਰਨ ਜਾਂਦੀਆਂ ਹਨ।

ਮੁਲਕ ਭਰ 'ਚ ਸ਼ਹਿਰਾਂ ਦੀ ਹਾਲਤ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਸਵੱਛ ਭਾਰਤ ਦੇ ਤਮਾਮ ਪ੍ਰੋਗਰਾਮਾਂ ਦੇ ਬਾਵਜੂਦ ਭਾਰਤੀ ਸ਼ਹਿਰਾਂ ਦੀ ਅਸਲ ਸਫਾਈ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸਾਫ-ਸੁਥਰੀ ਮਨੁੱਖੀ ਸਿਹਤ ਲਈ ਜ਼ਰੂਰੀ ਹਵਾ ਤੋਂ ਬਗੈਰ ਕਿਸੇ ਵੀ ਸ਼ਹਿਰ ਨੂੰ ਸਵੱਛ ਸ਼ਹਿਰ ਨਹੀਂ ਕਿਹਾ ਜਾ ਸਕਦਾ। ਸਾਫ-ਸੁਥਰਾ ਸ਼ਹਿਰ ਬਣਾਉਣ ਨੂੰ ਕਿਸੇ ਵੱਡੇ ਅਦਾਕਾਰ ਨੂੰ ਮੂਹਰੇ ਲਾ ਕੇ ਆਲੇ-ਦੁਆਲੇ ਦੇ ਦਸ ਗਜ਼ ਦੀ ਸਫਾਈ ਦੀ ਮੁਹਿੰਮ ਕੁਝ ਦੇਰ ਲਈ ਚਲਾਈ ਰੱਖਣਾ ਕਾਫੀ ਨਹੀਂ ਹੈ, ਬਲਕਿ ਇਸ ਲਈ ਸਰਕਾਰਾਂ ਨੂੰ ਸ਼ਹਿਰ ਦੀ ਹਵਾ ਸਾਫ ਰੱਖਣ ਲਈ ਵੱਡੇ ਠੋਸ ਕਦਮ ਉਠਾਉਣ ਦੀ ਸਖਤ ਜ਼ਰੂਰਤ ਹੈ। ਮਾਹਰਾਂ ਅਨੁਸਾਰ ਪ੍ਰਦੂਸ਼ਤ ਹਵਾ ਕਾਰਨ ਭਾਰਤ ਵਿਚ ਕੋਈ ਪੰਜ ਲੱਖ ਸ਼ਿਸ਼ੂਆਂ ਦੀ ਮੌਤ ਆਪਣੇ ਜੀਵਨ ਦੇ ਪਹਿਲੇ ਮਹੀਨੇ ਹੀ ਹੋ ਜਾਂਦੀ ਹੈ। ਦੇਸ਼ ਵਿਚ ਪੁਰਾਣੇ ਵਾਹਨਾਂ ਦੀ ਬਹੁਤ ਜ਼ਿਆਦਾ ਸਮੇਂ ਤੱਕ ਵਰਤੋਂ 'ਚ ਬਣੇ ਰਹਿਣ, ਡੀਜ਼ਲ ਦੀ ਅਤੇ ਪੈਟਰੋਲ ਦੀ ਵਧਦੀ ਵਰਤੋਂ, ਲੱਕੜ, ਕੋਲਾ ਆਦਿ ਦੀ ਵਰਤੋਂ ਅਤੇ ਉਦਯੋਗਿਕ ਸਹੂਲਤਾਂ ਦਾ ਵਿਸਥਾਰ ਵੀ ਹਵਾ ਪ੍ਰਦੂਸ਼ਣ ਨੂੰ ਵਧਾਉਣ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ।

ਧਾਨ ਦੀ ਕਟਾਈ ਤੋਂ ਬਾਅਦ ਪਰਾਲੀ ਸਾੜਨ ਜਾਂ ਰਹਿੰਦ ਖੂਹਦ ਨੂੰ ਅੱਗ ਲਗਾਉਣ ਨਾਲ ਧੂੰਏਂ ਕਾਰਨ ਵੀ ਵਾਤਾਵਰਣ ਪ੍ਰਦੂਸ਼ਤ ਹੁੰਦਾ ਹੈ। ਧਾਨ ਦੀ ਕਟਾਈ ਤੋਂ ਬਾਅਦ ਜਦੋਂ ਪੌਦੇ ਦੇ ਬਚੇ ਹਿੱਸੇ ਨੂੰ ਅੱਗ ਲਗਾਈ ਜਾਂਦੀ ਹੈ ਤਾਂ ਪੌਦੇ ਵਿਚ ਨਮੀ ਹੋਣ ਕਾਰਨ ਕਾਰਬਨ ਮੋਨੋਆਕਸਾਇਡ, ਮੀਥੇਨ, ਕਾਰਬਨ ਡਾਇਆਕਸਾਈਡ, ਸਲਫਰ ਡਾਇਆਕਸਾਈਡ ਆਦਿ ਹਾਨੀਕਾਰਕ ਗੈਸਾਂ ਨਿਕਲਦੀਆਂ ਹਨ, ਜੋ ਕਿ ਵਾਤਾਵਰਣ ਨੂੰ ਪ੍ਰਦੂਸ਼ਤ ਕਰਦੀਆਂ ਹਨ। ਫਿਰ ਵਾਤਾਵਰਣ ਪ੍ਰਦੂਸ਼ਣ ਨਾਲ ਖਤਰਨਾਕ ਸਾਹ ਦੀਆਂ ਬਿਮਾਰੀਆਂ, ਫੇਫੜਿਆਂ ਦਾ ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ 'ਚ ਵਾਧਾ ਹੁੰਦਾ ਹੈ। ਪਰਾਲੀ ਸਾੜਨ ਜਾਂ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਧਰਤੀ ਦੀ ਉਪਜਾਊ ਸ਼ਕਤੀ ਵੀ ਘੱਟ ਹੁੰਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਖੇਤਾਂ ਵਿਚ ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਜਾਗਰੂਕ ਕਰਨ, ਕਿਉਂਕਿ ਪਰਾਲੀ ਨੂੰ ਖੇਤਾਂ ਵਿਚ ਵਾਹੁਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ ਅਤੇ ਵਾਤਾਵਰਣ 'ਤੇ ਵੀ ਸਕਾਤਮਕ ਪ੍ਰਭਾਵ ਪੈਂਦਾ ਹੈ।

ਹਵਾ ਪ੍ਰਦੂਸ਼ਣ ਦੇ ਨਾਲ ਨਾਲ ਪਾਣੀ ਦਾ ਪ੍ਰਦੂਸ਼ਣ ਵੀ ਉੱਚ ਪੱਧਰ 'ਤੇ ਹੋ ਗਿਆ ਹੈ। ਹਵਾ ਵਿਚ ਮਿਲਦੇ ਜ਼ਹਿਰੀਲੇ ਧੂੰਏਂ ਨੇ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਇਸ ਧੂੰਏਂ 'ਤੇ ਜਲਦੀ ਨਾਲ ਕਾਬੂ ਪਾਉਣਾ ਸੰਭਵ ਨਹੀਂ ਹੈ। ਬੇਸ਼ੱਕ ਹਵਾ ਪ੍ਰਦੂਸ਼ਣ ਨਾਲ ਪੂਰਾ ਵਿਸ਼ਵ ਪ੍ਰੇਸ਼ਾਨ ਹੈ ਅਤੇ ਨੇੜਲੇ ਭਵਿੱਖ ਵਿਚ ਇਸ ਸਥਿਤੀ ਤੋਂ ਬਚ ਕੇ ਨਿਕਲ ਪਾਉਣ ਦਾ ਕੋਈ ਉਪਾਅ ਵੀ ਨਜ਼ਰ ਨਹੀਂ ਆ ਰਿਹਾ, ਪਰ ਵਿਸ਼ਵ ਦੇ ਕੁਝ ਵੱਡੇ ਖੁਸ਼ਹਾਲ ਅਤੇ ਵਿਕਸਤ ਦੇਸ਼ਾਂ ਨੂੰ ਇਸ ਮਾਮਲੇ 'ਚ ਆਪਣੀ ਜ਼ਿੰਮੇਵਾਰੀ ਸਮਝਣ ਦੀ ਵਧੇਰੇ ਲੋੜ ਹੈ। ਚੀਨ ਨੇ ਇਸ ਮਾਮਲੇ ਵਿਚ ਆਪਣੀ ਧਰਤੀ 'ਤੇ ਪ੍ਰਦੂਸ਼ਣ ਵਿਰੁੱਧ ਕੁਝ ਸਖਤ ਉਪਾਅ ਕੀਤੇ ਹਨ ਅਤੇ ਇਨ੍ਹਾਂ ਉਪਾਵਾਂ ਦਾ ਨਤੀਜਾ ਵੀ ਚੰਗਾ ਹੀ ਨਿਕਲਿਆ ਹੈ। ਭਾਰਤ ਵਿਚ ਵੀ ਇਸ ਤਰ੍ਹਾਂ ਦੇ ਉਪਾਵਾਂ ਦੀ ਵੱਡੀ ਲੋੜ ਹੈ। ਭਾਰਤ ਵਿਚ ਵਿਕਾਸ ਅਤੇ ਖੁਸ਼ਹਾਲੀ ਕਾਰਨ ਆਵਾਜਾਈ ਦੇ ਤਰੀਕਿਆਂ ਅਤੇ ਵਾਹਨਾਂ ਦੀ ਗਿਣਤੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ ਅਤੇ ਦੇਸ਼ ਦੀ ਵਧ ਰਹੀ ਆਬਾਦੀ ਨੇ ਵੀ ਸਥਿਤੀ ਨੂੰ ਹੋਰ ਗੰਭੀਰ ਬਣਾਇਆ ਹੈ।

ਭਾਵੇਂ ਆਰਥਕ ਤਰੱਕੀ ਅਤੇ ਕੁਦਰਤ ਦੀ ਸੰਭਾਲ ਇਕ-ਦੂਜੇ ਨਾਲ ਜੁੜੇ ਹੋਏ ਹਨ। ਵਾਤਾਵਰਣ ਦੇ ਮੁੱਦਿਆਂ ਨੂੰ ਲਾਂਭੇ ਰੱਖ ਕੇ ਵਿਕਾਸ ਯੋਜਨਾਵਾਂ ਘੜੀਆਂ ਤਾਂ ਜਾ ਸਕਦੀਆਂ ਹਨ ਪਰ ਇਹ ਵਿਕਾਸ ਯੋਜਨਾਵਾਂ ਲੋੜੀਂਦੇ ਸਿੱਟੇ ਨਹੀਂ ਦੇ ਸਕਦੀਆਂ। ਸਾਨੂੰ ਅਜਿਹੇ ਵਿਕਾਸ ਦੀ ਲੋੜ ਹੈ, ਜਿਹੜਾ ਮਨੁੱਖ ਦੀਆਂ ਜ਼ਰੂਰਤਾਂ ਵੀ ਪੂਰੀਆਂ ਕਰੇ ਅਤੇ ਵਾਤਾਵਰਣ ਦਾ ਹਰਜਾ ਵੀ ਨਾ ਹੋਵੇ। ਵਾਤਾਵਰਣ ਵਿਚ ਹੋ ਰਹੀਆਂ ਤਬਦੀਲੀਆਂ ਕਾਰਨ ਭੁੱਖਮਰੀ ਫੈਲ ਸਕਦੀ ਹੈ, ਜੋ ਇਸ ਸਦੀ ਦੀ ਸਭ ਤੋਂ ਵੱਡੀ ਤ੍ਰਾਸਦੀ ਸਾਬਤ ਹੋਵੇਗੀ। ਆਕਸਫੈਮ ਨੇ ਸਪੱਸ਼ਟ ਤੌਰ 'ਤੇ ਗਰੀਬ ਦੇਸ਼ਾਂ ਨੂੰ ਕਿਹਾ ਹੈ ਕਿ ਮੌਸਮੀ ਤਬਦੀਲੀ ਨੂੰ ਰੋਕਣ ਦੀ ਉਹ ਆਪ ਸਹੇੜੀ ਜ਼ਿੰਮੇਵਾਰੀ ਲੱਭਣ ਅਤੇ ਨਿਰਪੱਖ ਤਰੀਕੇ ਨਾਲ ਕੰਮ ਕਰਨ, ਤਾਂ ਜੋ ਹੋਣ ਜਾ ਰਹੀ ਮਨੁੱਖੀ ਤ੍ਰਾਸਦੀ ਨੂੰ ਰੋਕਿਆ ਜਾ ਸਕੇ। ਰੁੱਤ ਵਿਗਾੜ ਕੁਦਰਤੀ ਸਹਿਹੋਂਦ ਅਤੇ ਸਮਾਜਿਕ, ਆਰਥਿਕ ਵਿਵਸਥਾ ਲਈ ਤਣਾਅ ਦਾ ਕਾਰਨ ਬਣ ਗਿਆ ਹੈ।

ਰੁੱਖ ਇਸ ਦਾ ਬਿਹਤਰੀਨ ਅਤੇ ਸਸਤਾ ਤੋੜ ਹਨ। ਰੁੱਖ ਹੋਰ ਵੀ ਬਹੁਤ ਸਾਰੇ ਪ੍ਰਤੱਖ ਅਤੇ ਅਪ੍ਰਤੱਖ ਲਾਭ ਦਿੰਦੇ ਹਨ, ਪਰ ਅਜੋਕੇ ਸਮੇਂ ਰੁੱਖਾਂ ਦਾ ਘਟਦੇ ਜਾਣਾ ਖਤਰੇ ਦੀ ਘੰਟੀ ਹੈ। ਅਸੀਂ ਰੁੱਖਾਂ ਨੂੰ ਕੱਟ ਕੇ ਕੰਕਰੀਟ ਦੇ ਜੰਗਲ ਉਸਾਰ ਰਹੇ ਹਾਂ। ਦੋ ਕਦਮ ਪੈਦਲ ਚੱਲਣ ਦੀ ਬਜਾਏ ਗੱਡੀਆਂ-ਮੋਟਰਾਂ ਦੀ ਵਰਤੋਂ ਨਾਲ ਗਲੋਬਲ ਵਾਰਮਿੰਗ ਨੂੰ ਹੱਲਾਸ਼ੇਰੀ ਦੇ ਰਹੇ ਹਾਂ। ਅਸੀਂ ਪਾਣੀ ਦੀ ਨਜਾਇਜ਼ ਵਰਤੋਂ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਹੱਥੀਂ ਕੰਡੇ ਬੀਜ ਰਹੇ ਹਾਂ। ਅੱਜ ਪੂਰੀ ਦੁਨੀਆ ਗਲੋਬਲ ਵਾਰਮਿੰਗ ਤੋਂ ਚਿੰਤਤ ਹੈ ਤੇ ਦੂਜੇ ਪਾਸੇ ਖਾਦਾਂ, ਸਪਰੇਆਂ ਕਾਰਨ ਸੋਨਾ ਉਗਾਉਣ ਵਾਲੀ ਧਰਤੀ ਮਾਂ ਦੀ ਕੁੱਖ ਬੰਜਰ ਹੋਣ ਕਿਨਾਰੇ ਹੈ, ਪਰ ਇਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕੁਦਰਤ ਪਾਲਣ-ਪੋਸ਼ਣ ਦੇ ਨਾਲ ਬਾਲ ਵਿਨਾਸ਼ ਕਰਨ ਦੀ ਸਮਰੱਥਾ ਵੀ ਰੱਖਦੀ ਹੈ। ਗੁਰੂ ਨਾਨਕ ਜੀ ਨੇ ਵਾਤਾਵਰਣ ਦੀ ਮਹੱਤਤਾ ਬਾਰੇ ਦੱਸਦੇ ਹੋਏ ਉਚਾਰਿਆ ਹੈ :-

*ਕੁਦਰਤਿ ਪਾਉਣ ਪਾਣੀ ਬੈਸੰਤਰੁ, ਕੁਦਰਤਿ ਧਰਤੀ ਖਾਕੁ।।*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥*

ਕੁਦਰਤ ਅਨੇਕਾਂ ਰੰਗਾਂ ਨਾਲ ਭਰੀ ਹੋਈ ਹੈ। ਕੁਦਰਤ ਨੂੰ ਸਾਂਭਣ ਲਈ ਸਾਨੂੰ ਖੁਦ ਹੰਭਲਾ ਮਾਰਨ ਦੇ ਨਾਲ-ਨਾਲ ਦੂਜਿਆਂ ਨੂੰ ਜਾਗਰੂਕ ਵੀ ਕਰਨਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਕੁਦਰਤ ਦਾ ਆਨੰਦ ਮਾਣ ਸਕਣ। ਕੁਦਰਤ ਦੀ ਸੰਭਾਲ ਲਈ ਸਾਨੂੰ ਸਾਰਿਆਂ ਨੂੰ ਚਿਰ-ਸਥਾਈ ਰਵਾਇਤੀ ਰੁੱਖ ਲਗਾਉਣੇ ਚਾਹੀਦੇ ਹਨ। ਆਉਣ ਵਾਲੀਆਂ ਪੀੜ੍ਹੀਆਂ ਦੇ ਖੁਸ਼ਗਵਾਰ ਭਵਿੱਖ ਲਈ ਸਿਰਫ ਸਾਨੂੰ ਰੁੱਖ ਹੀ ਨਹੀਂ ਲਗਾਉਣੇ ਚਾਹੀਦੇ, ਸਗੋਂ ਉਨ੍ਹਾਂ ਦਾ ਬੱਚਿਆਂ ਵਾਂਗ ਪਾਲਣ-ਪੋਸ਼ਣ ਵੀ ਕਰਨਾ ਚਾਹੀਦਾ ਹੈ। ਹਰ ਮਨੁੱਖ ਨੂੰ ਜ਼ਿੰਦਗੀ ਵਿਚ ਵੱਧ ਤੋ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤੇ ਪੁੱਟਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਦੁਨੀਆ 'ਤੇ ਲੱਖਾਂ ਸਾਲਾਂ 'ਚ ਪ੍ਰਫੁੱਲਤ ਹੋਇਆ ਜੀਵਨ, ਕੁਦਰਤ ਵੱਲੋਂ ਸਿਰਜੇ ਸਾਫ਼-ਸੁਥਰੇ ਵਾਤਾਵਰਣ ਦੀ ਪੈਦਾਵਾਰ ਹੈ। ਜੀਵਨ ਦਾ ਵਿਗਸਣਾ, ਧਰਤੀ ਦਾ ਪਾਲਣਾ, ਕੁਦਰਤ ਦਾ ਮੌਲਣਾ ਅਤੇ ਮਨੁੱਖ ਦਾ ਸਾਵਾਂ ਵਿਕਾਸ ਕੇਵਲ ਵਾਤਾਵਰਣ ਦੇ ਸੰਤੁਲਨ ਨਾਲ ਹੀ ਸੰਭਵ ਹੋਇਆ ਹੈ। ਰੁਮਕਦੀ ਸ਼ੁੱਧ ਪੌਣ, ਸਵੱਛ ਵਗਦਾ ਪਾਣੀ, ਬਨਸਪਤੀ ਦੀ ਵਿਭਿੰਨਤਾ ਅਤੇ ਸਿਹਤਮੰਦ ਧਰਤੀ ਹੀ ਨਿੱਗਰ ਇਨਸਾਨੀ ਸੱਭਿਅਤਾ ਦੀ ਜਨਮਦਾਤਾ ਅਤੇ ਪਾਲਣਹਾਰ ਹੈ। ਸ਼ਾਂਤ ਤੇ ਸੰਤੁਲਤ ਵਾਤਾਵਰਣ ਕਿਸੇ ਦੇਸ਼ ਦੇ ਸਿਹਤਮੰਦ ਨਾਗਰਿਕਾਂ ਲਈ ਬੇਹੱਦ ਜ਼ਰੂਰੀ ਹੈ। ਸਾਵਾਂ ਵਾਤਾਵਰਣ ਹੀ ਧਰਤੀ 'ਤੇ ਜੀਵਨ ਬਚਾ ਸਕਦਾ ਹੈ।

***# ਸੰਪਰਕ : 98146-62260***

19-OCT-PAGE-5.qxd 10/18/2022 9:53 PM Page 1



# ਪੁਰਾਣੀ ਪੈਨਸ਼ਨ ਬਹਾਲੀ ਲਈ ਮੁਲਾਜ਼ਮਾਂ-ਪੈਨਸ਼ਨਰਾਂ ਵੱਲੋਂ ਅਰਥੀ ਫੂਕ ਰੈਲੀ




**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (1680) ਦੇ ਸੱਦੇ 'ਤੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੇ ਤੀਜਾ, ਚੌਥਾ ਦਰਜਾ ਮੁਲਾਜ਼ਮਾਂ ਨੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਰੋਹ ਭਰਪੂਰ ਰੈਲੀ ਕੀਤੀ ਅਤੇ ਸਰਕਾਰ ਦੀ ਅਰਥੀ ਸਾੜ ਕੇ ਆਪਣਾ ਰੋਸ ਪ੍ਰਗਟ ਕੀਤਾ ਅਤੇ ਮੰਗਾਂ ਦਾ ਯਾਦ ਪੱਤਰ ਮੁੱਖ ਮੰਤਰੀ, ਵਿੱਤ ਮੰਤਰੀ ਦੇ ਨਾਂਅ ਡਿਪਟੀ ਕਮਿਸ਼ਨਰ ਨੂੰ ਸੌਂਪਿਆ। ਇਸ ਮੌਕੇ ਮੰਡੀ ਬੋਰਡ ਤੇ ਮਾਰਕੀਟ ਕਮੇਟੀਆਂ ਵਿਚਲੇ ਕੰਟਰੈਕਟ/ਆਊਟ ਸੋਰਸ ਕਰਮੀਆਂ ਨੂੰ ਬਦਲਾ ਲਊ ਭਾਵਨਾ ਨਾਲ ਕੰਮ ਤੋਂ ਹਟਾਉਣ ਤੇ ਕੁਰੱਪਸ਼ਨ ਵਿੱਚ ਲਿਪਤ ਮਾਰਕਿਟ ਕਮੇਟੀ ਅਫਸਰਾਂ ਵਿਰੁੱਧ ਵੀ ਰੋਸ ਪ੍ਰਗਟ ਕੀਤਾ ਗਿਆ।

ਮੁਲਾਜ਼ਮਾਂ ਦੇ ਪ੍ਰਮੁੱਖ ਆਗੂਆਂ ਦਰਸ਼ਨ ਸਿੰਘ ਲੁਬਾਣਾ, ਹਰਭਜਨ ਸਿੰਘ ਪਿਲਖਣੀ, ਅਸ਼ੋਕ ਕੁਮਾਰ ਬਿੱਟੂ, ਬਲਜਿੰਦਰ ਸਿੰਘ, ਗੁਰਦਰਸ਼ਨ ਸਿੰਘ, ਰਾਮ ਲਾਲ ਰਾਮਾ, ਪ੍ਰੀਤਮ ਚੰਦ ਠਾਕੁਰ, ਨਾਰੰਗ ਸਿੰਘ, ਹਰਵਿੰਦਰ ਸਿੰਘ, ਸੰਜੀਵ ਕੁਮਾਰ, ਜਗਤਾਰ ਲਾਲ ਆਦਿ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਚੋਣ ਘੋਸ਼ਣਾ ਪੱਤਰ ਵਿੱਚ ਸਾਰੇ ਵਰਗਾਂ ਦੇ ਕੱਚੇ ਸਮੇਤ ਆਊਟ ਸੋਰਸ ਕਰਮੀਆਂ ਨੂੰ ਪੱਕਾ ਕਰਨਾ, ਘੱਟੋ ਘੱਟ ਉਜ਼ਰਤਾਂ ਵਿੱਚ ਵਾਧਾ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਰੋਜ਼ਗਾਰ ਦੇਣਾ, ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਤੀਜਾ ਦਰਜਾ, ਟੈਕਨੀਕਲ ਤੇ ਚੌਥਾ ਦਰਜਾ ਦੀਆਂ ਪੁਨਰਗਠਨ ਦੌਰਾਨ ਖਤਮ ਕੀਤੀਆਂ ਅਸਾਮੀਆਂ ਬਹਾਲ ਕਰਕੇ ਨੌਕਰੀਆਂ ਦੇਣ, ਪਰਖ ਕਾਲ ਦਾ ਸਮਾਂ ਘਟਾਉਣ, ਸੀਵਰਮੈਨ, ਸਫਾਈ ਸੇਵਕ ਤੇ ਮਾਲੀਆਂ ਦੀਆਂ ਅਸਾਮੀਆਂ ਨੂੰ ਪੱਕਾ ਕਰਨ, ਠੇਕੇਦਾਰੀ ਸਿਸਟਮਾਂ ਦਾ ਮੁਕੰਮਲ ਖਾਤਮਾ ਕਰਨ, ਮਹਿੰਗਾਈ ਭੱਤਾ ਦੇਣਾ, ਵੇਤਨ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਬਕਾਇਆ ਦੇਣਾ, ਘੱਟੋ ਘੱਟ ਉਜ਼ਰਤਾਂ 21000 ਰੁਪਏ ਕਰਨ ਵਰਗੇ ਭਰੋਸੇ ਦਿੱਤੇ ਗਏ ਸਨ, ਪ੍ਰੰਤੂ ਮੁੱਖ ਮੰਤਰੀ ਸਮੇਤ ਵਿੱਤ ਮੰਤਰੀ ਨੂੰ ਮੁਲਾਜ਼ਮ ਮੰਗਾਂ ਤੋਂ 2004 ਦੀ ਪੈਨਸ਼ਨ ਬਹਾਲੀ ਸਮੇਤ ਪੱਕੇ ਕਰਨ ਤੋਂ ਹੱਥ ਖੜੇ ਕਰ ਦਿੱਤੇ ਹਨ। ਮੁਲਾਜ਼ਮਾਂ ਦੇ ਵਿਸ਼ਾਲ ਇਕੱਠ ਨੇ ਮੰਗ ਕੀਤੀ ਚੌਥਾ ਦਰਜਾ ਕਰਮਚਾਰੀਆਂ ਨੂੰ ਦਿਵਾਲੀ ਤੋਂ ਪਹਿਲਾਂ ਫੈਸਟੀਵਲ ਕਰਜ਼ਾ ਦਿੱਤਾ ਜਾਵੇ ਤੇ ਪੱਕੇ ਸਮੇਤ ਸਾਰੇ ਕੱਚੇ ਮੁਲਾਜ਼ਮਾਂ ਨੂੰ ਤਨਖਾਹਾਂ ਇਸ ਤਿਉਹਾਰ ਤੋਂ ਪਹਿਲਾਂ ਦਿੱਤੀ ਜਾਵੇ, ਅਜਿਹਾ ਨਾ ਕਰਨ 'ਤੇ 20 ਅਕਤੂਬਰ ਨੂੰ ਖਜ਼ਾਨਾ ਦਫਤਰਾਂ ਅੱਗੇ ਦਰਜਾਚਾਰ ਮੁਲਾਜ਼ਮਾਂ ਵੱਲੋਂ ਰੈਲੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਬਲਬੀਰ ਸਿੰਘ, ਮੋਧ ਨਾਥ ਸ਼ਰਮਾ, ਉਂਕਾਰ ਸਿੰਘ, ਅਜੈ ਕੁਮਾਰ ਸਿੱਪਾ, ਅਮਰੀਕ ਸਿੰਘ, ਸਤਨਾਮ ਸਿੰਘ, ਭਰਪੂਰ ਸਿੰਘ, ਰਾਕੇਸ਼ ਗੋਲੂ, ਸ਼ਿਵ ਚਰਨ, ਰਾਮ ਜੋਧਾ, ਇੰਦਰਪਾਲ, ਪ੍ਰਕਾਸ਼ ਲੁਬਾਣਾ, ਬੰਸੀ ਲਾਲ, ਨਿਸ਼ਾ ਰਾਣੀ, ਸੁਖਦੇਵ ਸਿੰਘ ਝੰਡੀ, ਸੋਹਨ ਸਿੰਘ, ਵੇਦ ਪ੍ਰਕਾਸ਼, ਸੁਭਾਸ਼, ਹਰਬੰਸ ਸਿੰਘ, ਕਾਕਾ ਸਿੰਘ, ਨਿਰਮਲ ਸਿੰਘ, ਅਮਰਨਾਥ ਨਰੜੂ, ਸੁਨੀਲ ਦੱਤ, ਹਰਨਾਮ ਸਿੰਘ, ਦਰਮਨ ਸਿੰਘ, ਹਰਨੇਕ ਸਿੰਘ, ਕਰਮਜੀਤ ਸਾਗਰ, ਲਖਵੀਰ ਸਿੰਘ, ਸਤਿਨਰਾਇਣ ਗੋਨੀ, ਰਾਜਵੰਤ ਕੌਰ, ਰਾਜ ਕੁਮਾਰ, ਬੁੱਧ ਰਾਮ ਆਦਿ ਹਾਜ਼ਰ ਸਨ।

# ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਸ਼ੱਕੀ ਮੁਲਜ਼ਮਾਂ ਨੂੰ ਸ਼ਹਿ ਦੇ ਰਹੀ ਹੈ ਪੰਜਾਬ ਸਰਕਾਰ : ਸੇਖੋਂ

**ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਸੰਕੇਤਕ ਰੋਸ ਧਰਨਾ ਭਲਕੇ**

**ਸੰਗਰੂਰ (ਪ੍ਰਵੀਨ ਸਿੰਘ)**-ਮਰਹੂਮ ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿੱਚ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਸ਼੍ਰੋਮਣੀ ਅਕਾਲੀ ਦਲ (ਅ) ਪੂਰੀ ਤਰ੍ਹਾਂ ਵਚਨਬੱਧ ਹੈ ਤੇ ਪਾਰਟੀ ਦਾ ਯੂਥ ਵਰਗ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ ਵਿੱਚ ਇਨਸਾਫ ਲੈਣ ਲਈ ਹਰ ਤਰ੍ਹਾਂ ਦਾ ਸੰਘਰਸ਼ ਕਰਨ ਲਈ ਤਿਆਰ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਵਰਿੰਦਰ ਸਿੰਘ ਸੇਖੋਂ ਨੇ ਪਾਰਟੀ ਦੇ ਸਥਾਨਕ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਯੂਥ ਆਗੂ ਵਰਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਇਨਸਾਫ ਲੈਣ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਸੰਗਰੂਰ ਸਥਿਤ ਕੋਠੀ ਅੱਗੇ 20 ਅਕਤੂਬਰ ਨੂੰ ਸੰਕੇਤਕ ਰੋਸ ਧਰਨਾ ਦਿੱਤਾ ਜਾਵੇਗਾ।

ਜੇਕਰ ਫਿਰ ਵੀ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਜਲਦੀ ਹੀ ਸਿੱਧੂ ਮੂਸੇਵਾਲਾ ਦੇ ਮਾਮਲੇ ਵਿੱਚ ਇਨਸਾਫ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੇ ਤਹਿਤ ਮੁੱਖ ਮੰਤਰੀ ਦੀ ਚੰਡੀਗੜ੍ਹ ਸਥਿਤ ਰਿਹਾਇਸ਼ ਦਾ ਘਿਰਾਓ ਵੀ ਕੀਤਾ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਯੂਥ ਪ੍ਰਧਾਨ ਐਡਵੋਕੇਟ ਜਗਮੀਤ ਸਿੰਘ, ਸੁਖਵਿੰਦਰ ਸਿੰਘ ਸ਼ਹਿਰੀ ਪ੍ਰਧਾਨ, ਗੁਰਪ੍ਰੀਤ ਸਿੰਘ ਖੁੱਡੀ, ਜ਼ਿਲ੍ਹਾ ਪ੍ਰਧਾਨ ਮੱਖਣ ਸਿੰਘ ਸਮਾਓਂ, ਤਜਿੰਦਰ ਸਿੰਘ ਦਿਓਲ, ਕੁਲਵੰਤ ਸਿੰਘ ਲੱਡੀ ਹਾਜ਼ਰ ਸਨ।



# ਤਨਖਾਹਾਂ ਲਈ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਸੀ ਡੀ ਪੀ ਓ ਦਫਤਰ ਅੱਗੇ ਰੋਸ ਪ੍ਰਦਰਸ਼ਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਬਲਾਕ ਸ੍ਰੀ ਮੁਕਤਸਰ ਸਾਹਿਬ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਤਨਖਾਹਾਂ ਨਾ ਮਿਲਣ ਕਰਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਛਿੰਦਰਪਾਲ ਕੌਰ ਥਾਂਦੇਵਾਲਾ ਦੀ ਅਗਵਾਈ ਹੇਠ ਸੀ ਡੀ ਪੀ ਓ ਦਫਤਰ ਸ੍ਰੀ ਮੁਕਤਸਰ ਸਾਹਿਬ ਅੱਗੇ ਰੋਸ ਪ੍ਰਦਰਸ਼ਨ ਕੀਤਾ। ਵੱਡੀ ਗਿਣਤੀ 'ਚ ਪੁੱਜੀਆਂ ਵਰਕਰਾਂ ਤੇ ਹੈਲਪਰਾਂ ਨੇ ਸਬੰਧਤ ਵਿਭਾਗ ਤੇ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬੋਲਦਿਆਂ ਛਿੰਦਰਪਾਲ ਕੌਰ ਥਾਂਦੇਵਾਲਾ ਨੇ ਕਿਹਾ ਕਿ ਜਿੰਨਾ ਚਿਰ ਵਰਕਰਾਂ ਤੇ ਹੈਲਪਰਾਂ ਨੂੰ ਤਨਖਾਹਾਂ ਨਹੀਂ ਮਿਲਦੀਆਂ, ਉਨਾ ਚਿਰ ਉਹ ਆਂਗਣਵਾੜੀ ਸੈਂਟਰਾਂ ਨੂੰ ਬੰਦ ਰੱਖ ਕੇ ਸੀ ਡੀ ਪੀ ਓ ਦਫਤਰ ਅੱਗੇ ਰੋਸ ਧਰਨਾ ਜਾਰੀ ਰੱਖਣਗੀਆਂ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਬਹਾਨਾ ਲਗਾ ਕੇ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਕਿ ਕਲਰਕਾਂ ਦੀ ਹੜਤਾਲ ਚੱਲ ਰਹੀ ਹੈ, ਪਰ ਦਫਤਰ ਦੇ ਸਟਾਫ ਵਾਲਿਆਂ ਨੂੰ ਤਨਖਾਹਾਂ ਮਿਲ ਚੁੱਕੀਆਂ ਹਨ। ਜਦੋਂ ਕਲਰਕਾਂ, ਸੁਪਰਵਾਈਜ਼ਰਾਂ ਤੇ ਸੀ ਡੀ ਪੀ ਓ ਆਦਿ ਨੂੰ ਤਨਖਾਹਾਂ ਮਿਲ ਚੁੱਕੀਆਂ ਹਨ ਤਾਂ ਫੇਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਤਨਖਾਹਾਂ ਕਿਉਂ ਨਹੀਂ ਦਿੱਤੀਆਂ ਜਾ ਰਹੀਆਂ? ਉਨ੍ਹਾਂ ਕਿਹਾ ਕਿ ਵਰਕਰਾਂ ਤੇ ਹੈਲਪਰਾਂ ਨੂੰ ਅਜੇ ਤੱਕ ਜੁਲਾਈ ਤੋਂ ਲੈ ਕੇ ਅਕਤੂਬਰ ਤੱਕ ਸੈਂਟਰ ਫੰਡ ਵੀ ਨਹੀਂ ਮਿਲਿਆ। ਹੁਣ ਦੋ ਮਹੀਨਿਆਂ ਦਾ ਬੱਜਟ ਆਇਆ ਸੀ, ਪਰ ਉਹ ਵੀ ਨਹੀਂ ਦਿੱਤਾ ਜਾ ਰਿਹਾ। ਆਗੂਆਂ ਦਾ ਕਹਿਣਾ ਹੈ ਕਿ ਦੀਵਾਲੀ ਦਾ ਤਿਉਹਾਰ ਆ ਰਿਹਾ ਹੈ। ਹਰੇਕ ਨੂੰ ਪੈਸਿਆਂ ਦੀ ਲੋੜ ਹੈ, ਪਰ ਤਿਉਹਾਰਾਂ ਦੇ ਦਿਨਾਂ 'ਚ ਵੀ ਸਰਕਾਰ ਉਨ੍ਹਾਂ ਨੂੰ ਤਨਖਾਹਾਂ ਨਹੀਂ ਦਿੰਦੀ, ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀ ਦੀਵਾਲੀ ਪੂਰੇ ਪੰਜਾਬ ਵਿੱਚ ਹੀ ਤਨਖਾਹਾਂ ਨਾ ਮਿਲਣ ਕਰਕੇ ਫਿੱਕੀ ਰਹੇਗੀ।

ਸੀ ਡੀ ਪੀ ਓ ਸਤਵੰਤ ਕੌਰ ਛੁੱਟੀ 'ਤੇ ਹੋਣ ਕਰਕੇ ਜਥੇਬੰਦੀ ਦੀਆਂ ਆਗੂਆਂ ਨੇ ਆਪਣਾ ਮੰਗ ਪੱਤਰ ਵਿਭਾਗ ਦੀਆਂ ਸੁਪਰਵਾਈਜ਼ਰਾਂ ਨੂੰ ਦਿੱਤਾ। ਇਸ ਮੌਕੇ ਕਿਰਨਪਾਲ ਕੌਰ ਮਹਾਂਬੱਧਰ, ਸਰਬਜੀਤ ਕੌਰ ਕੌੜਿਆਂਵਾਲੀ, ਇੰਦਰਪਾਲ ਕੌਰ ਮੁਕਤਸਰ, ਰਾਜਿੰਦਰ ਕੌਰ, ਅੰਮ੍ਰਿਤਪਾਲ ਕੌਰ ਥਾਂਦੇਵਾਲਾ, ਰਾਜਪਾਲ ਕੌਰ ਚੜੇਵਾਨ, ਨਰਿੰਦਰ ਕੌਰ ਕੋਟਲੀ ਸੰਘਰ, ਪ੍ਰਭਜੀਤ ਕੌਰ ਰਣਜੀਤਗੜ੍ਹ ਝੁੱਗੇ, ਚਰਨਜੀਤ ਕੌਰ, ਕਰਮਜੀਤ ਕੌਰ ਫੱਤਣਵਾਲਾ, ਮਧੂ ਬਾਲਾ ਤੇ ਰਜਿੰਦਰ ਕੌਰ ਹਰੀਕੇ ਕਲਾਂ ਆਦਿ ਆਗੂ ਮੌਜੂਦ ਸਨ।


ਸੀ ਡੀ ਪੀ ਓ ਦਫਤਰ ਅੱਗੇ ਰੋਸ ਧਰਨੇ ਦੌਰਾਨ ਨਾਅਰੇਬਾਜ਼ੀ ਕਰਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ।

## ਕਾਤਰਾਂ

### ਸੜਕ ਹਾਦਸੇ 'ਚ 4 ਸਾਲਾ ਮਾਸੂਮ ਦੀ ਮੌਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੰਗਲਵਾਰ ਸਵੇਰੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਟਰੱਕ ਦੇ ਟਾਇਰ ਹੇਠਾਂ ਆਉਣ ਕਾਰਨ ਇੱਕ ਮਾਸੂਮ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸਵੇਰ ਸਮੇਂ ਜਦ ਅਵਲਦੀਪ ਸਿੰਘ (4 ਸਾਲ) ਨੂੰ ਉਸ ਦਾ ਦਾਦਾ ਸ਼ੀਤਲ ਸਿੰਘ ਲਿਟਲ ਫਲਾਵਰ ਕਾਨਵੈਂਟ ਸਕੂਲ ਵਿਖੇ ਛੱਡਣ ਜਾ ਰਿਹਾ ਸੀ ਤਾਂ ਬੂੜਾ ਗੁੱਜਰ ਰੋਡ ਫਾਟਕ ਖੁੱਲ੍ਹਣ ਤੋਂ ਬਾਅਦ ਜਦ ਉਹ ਫਾਟਕ ਪਾਰ ਕਰਨ ਲੱਗੇ ਤਾਂ ਸਾਹਮਣੇ ਤੋਂ ਆ ਰਹੇ ਸਪੈਸ਼ਲ ਟਰੱਕ ਪੀ ਬੀ 04 ਏ ਬੀ 0112 ਨੇ ਸਕੂਟਰੀ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਅਵਲਦੀਪ ਸਕੂਟਰੀ ਤੋਂ ਹੇਠਾਂ ਡਿੱਗਣ ਕਾਰਨ ਟਰੱਕ ਦੇ ਟਾਇਰ ਹੇਠਾਂ ਆ ਗਿਆ, ਜਿਸ ਕਾਰਨ ਬੱਚੇ ਦੀ ਮੌਤ ਹੋ ਗਈ। ਮ੍ਰਿਤਕ ਅਵਲਦੀਪ ਸਿੰਘ ਲਿਟਲ ਫਲਾਵਰ ਕਾਨਵੈਂਟ ਸਕੂਲ ਵਿੱਚ ਨਰਸਰੀ ਦਾ ਵਿਦਿਆਰਥੀ ਸੀ ਤੇ ਮ੍ਰਿਤਕ ਬੱਚਾ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

### ਵਿਧਾਇਕ ਰਜਨੀਸ਼ ਦਹੀਆ ਭਲਕੇ ਮਮਦੋਟ 'ਚ

**ਮਮਦੋਟ (ਹਰਪਾਲ ਸਿੰਘ ਸੋਢੀ)**-ਫਿਰੋਜ਼ਪੁਰ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਜਨੀਸ਼ ਦਹੀਆ 20 ਅਕਤੂਬਰ ਵੀਰਵਾਰ ਨੂੰ ਮਮਦੋਟ ਕਸਬੇ ਦਾ ਦੌਰਾ ਕਰਨਗੇ। ਇਹ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ ਨੇ ਦੱਸਿਆ ਕਿ ਵਿਧਾਇਕ ਦਹੀਆ ਇਸ ਮੌਕੇ ਨਗਰ ਪੰਚਾਇਤ ਮਮਦੋਟ ਵਿਖੇ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਨਵੇਂ ਮਕਾਨਾਂ ਦੇ ਪੇਸ਼ਕਸ਼ ਪੱਤਰ (ਆਫਰ ਲੇਟਰ) ਲਾਭਪਾਤਰੀਆਂ ਨੂੰ ਵੰਡਣਗੇ ਤੇ ਉਸ ਤੋਂ ਬਾਅਦ ਮਮਦੋਟ ਦੇ ਹਰੇਕ ਦੁਕਾਨਾਂ 'ਤੇ ਜਾ ਕੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਸੁਣਨਗੇ।

### ਮੋਟਰਸਾਈਕਲ ਸਵਾਰਾਂ ਨੇ ਕਾਰ ਦਾ ਸ਼ੀਸ਼ਾ ਤੋੜਿਆ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੈਕਸਾਈਡ ਜੇਲ੍ਹ ਪਿੱਛੇ ਪੁੱਡਾ ਕਲੋਨੀ ਵਿਖੇ ਮੋਟਰਸਾਈਕਲ ਸਵਾਰਾਂ ਵੱਲੋਂ ਇਕ ਕਾਰ ਅੱਗੇ ਮੋਟਰਸਾਈਕਲ ਲਾ ਕੇ ਕਾਰ ਦਾ ਸ਼ੀਸ਼ਾ ਤੋੜਨ ਤੇ ਵਿਅਕਤੀ ਕੋਲੋਂ ਮੋਬਾਇਲਾਂ ਵਾਲਾ ਬੈਗ ਖੋਹ ਕੇ ਫਰਾਰ ਹੋਣ ਦੀ ਖਬਰ ਮਿਲੀ ਹੈ। ਥਾਣਾ ਸਿਟੀ ਫ਼ਿਰੋਜ਼ਪੁਰ ਪੁਲਸ ਨੇ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਖਿਲਾਫ 379-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪ੍ਰਦੀਪ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਝੋਕ ਨੋਧ ਸਿੰਘ ਵਾਲਾ ਨੇ ਦੱਸਿਆ ਕਿ ਉਸ ਦੀ ਆਈਫੋਨ ਟੈਲੀਕਾਮ ਦੁਕਾਨ ਨੇੜੇ ਬੱਸ ਅੱਡਾ ਸਿਟੀ ਫਿਰੋਜ਼ਪੁਰ ਵਿਖੇ ਹੈ। 17 ਅਕਤੂਬਰ 2022 ਨੂੰ ਉਹ ਰੋਜ਼ਾਨਾ ਦੀ ਤਰ੍ਹਾਂ ਆਪਣੀ ਦੁਕਾਨ ਬੰਦ ਕਰਕੇ ਆਈਫੋਨ ਨਵੇਂ ਤੇ ਪੁਰਾਣੇ ਜੋ ਬੈਗ ਵਿਚ ਸਨ, ਨੂੰ ਲੈ ਕੇ ਆਪਣੀ ਕਾਰ ਆਈ-20 ਨੰਬਰ ਪੀਬੀ 05 ਐਕਸ 0181 ਦੀ ਪਿਛਲੀ ਸੀਟ 'ਤੇ ਰੱਖ ਕੇ ਆਪਣੇ ਪਿੰਡ ਨੂੰ ਚੱਲ ਪਿਆ। ਜਦ ਉਹ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਦੀ ਬੈਕਸਾਈਡ ਪੁੱਡਾ ਕਾਲੋਨੀ ਪਾਸ ਪੁੱਜਾ ਤਾਂ ਇਕ ਮੋਟਰਸਾਈਕਲ 'ਤੇ ਦੋ ਨੌਜਵਾਨ ਲੜਕੇ ਇਕਦਮ ਉਸ ਦੀ ਕਾਰ ਨੂੰ ਕਰਾਸ ਕਰਕੇ ਉਸ ਦੀ ਕਾਰ ਅੱਗੇ ਮੋਟਰਸਾਈਕਲ ਲਾ ਲਿਆ ਤੇ ਬੇਸਬਾਲ ਮਾਰ ਕੇ ਉਸ ਦੀ ਕਾਰ ਦਾ ਡਰਾਈਵਰ ਸਾਈਡ ਸ਼ੀਸ਼ਾ ਤੋੜ ਦਿੱਤਾ ਤੇ ਝਪਟਮਾਰ ਕੇ ਮੋਬਾਇਲਾਂ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ। ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਦੋ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 3 ਮਹੀਨੇ ਤੋਂ ਤਨਖਾਹਾਂ ਨਾ ਮਿਲਣ 'ਤੇ ਬੀ ਡੀ ਪੀ ਓ ਦਫਤਰ ਵਿਖੇ ਧਰਨਾ

**ਪੰਚਾਇਤਾਂ ਵੱਲੋਂ ਸੰਘਰਸ਼ ਦੀ ਹਮਾਇਤ ਦਾ ਐਲਾਨ**



**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**

ਪੰਚਾਇਤ ਸਕੱਤਰ ਯੂਨੀਅਨ ਬਲਾਕ ਮਹਿਲ ਕਲਾਂ ਵੱਲੋਂ ਜਥੇਬੰਦੀ ਦੀ ਸੂਬਾ ਕਮੇਟੀ ਦੇ ਸੱਦੇ ਉੱਪਰ ਪੰਜਾਬ ਸਰਕਾਰ ਵੱਲੋਂ ਜੁਲਾਈ ਤੋਂ ਸਤੰਬਰ ਤੱਕ ਦੀਆਂ ਮੁਲਾਜ਼ਮਾਂ ਨੂੰ ਤਨਖਾਹਾਂ ਨਾ ਜਾਰੀ ਕੀਤੇ ਜਾਣ ਦੇ ਰੋਸ ਵਜੋਂ ਬਲਾਕ ਮਹਿਲ ਕਲਾਂ ਦੇ ਦਫਤਰ ਵਿਖੇ ਸਮੂਹ ਕਰਮਚਾਰੀਆਂ ਵੱਲੋਂ ਕਲਮਛੋੜ ਹੜਤਾਲ ਸ਼ੁਰੂ ਕਰਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਮੁਲਾਜ਼ਮਾਂ ਨੂੰ ਬਕਾਏ ਸਮੇਤ ਤਨਖਾਹਾਂ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਇਸ ਮੌਕੇ ਪੰਚਾਇਤ ਸਕੱਤਰ ਯੂਨੀਅਨ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ, ਬਲਾਕ ਪ੍ਰਧਾਨ ਜਸਪ੍ਰੀਤ ਕੌਰ, ਪੰਚਾਇਤ ਅਫਸਰ ਗੁਰਮੇਲ ਸਿੰਘ, ਸੁਪਰਡੈਂਟ ਗੁਰਚੇਤ ਸਿੰਘ, ਸੁਖਦੀਪ ਸਿੰਘ ਦੀਵਾਨਾ ਨੇ ਕਿਹਾ ਕਿ ਜੁਲਾਈ ਤੋਂ ਸਤੰਬਰ ਤੱਕ ਦੀਆਂ ਤਨਖਾਹਾਂ ਨਾ ਜਾਰੀ ਕੀਤੇ ਜਾਣ ਕਾਰਨ ਕਰਮਚਾਰੀਆਂ ਨੂੰ ਆਪਣੇ ਘਰਾਂ ਦਾ ਗੁਜ਼ਾਰਾ ਚਲਾਉਣਾ ਮੁਸ਼ਕਲ ਹੋਇਆ ਪਿਆ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦਾ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਪੰਜਾਬ ਸਰਕਾਰ ਮੁਲਜ਼ਮਾਂ ਨੂੰ ਤਨਖਾਹਾਂ ਬਕਾਏ ਸਮੇਤ ਖਾਤਿਆਂ ਵਿੱਚ ਨਹੀਂ ਭੇਜਦੀ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਵੱਲੋਂ ਵਾਰ ਵਾਰ ਮੰਤਰੀਆਂ ਤੇ ਸਰਕਾਰ ਦੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਉਣ ਦੇ ਬਾਵਜੂਦ ਮੁਲਾਜ਼ਮਾਂ ਨੂੰ ਜੁਲਾਈ ਤੋਂ ਸਤੰਬਰ ਤੱਕ ਦੀਆਂ ਰਹਿੰਦੀਆਂ ਤਨਖਾਹਾਂ ਜਾਰੀ ਨਹੀਂ ਕੀਤੀਆਂ ਜਾ ਰਹੀਆਂ। ਜਥੇਬੰਦੀ ਦੀ ਸੂਬਾ ਕਮੇਟੀ ਦੇ ਸੱਦੇ ਉਪਰ ਸਮੂਹ ਕਰਮਚਾਰੀਆਂ ਵੱਲੋਂ ਸਾਰੀਆਂ ਦਫਤਰੀ ਰਿਪੋਰਟਾਂ ਦਾ ਬਾਈਕਾਟ ਕਰਕੇ ਰੋਸ ਵਜੋਂ ਅਣਮਿੱਥੇ ਸਮੇਂ ਲਈ ਕਲਮ ਛੋੜ ਹੜਤਾਲ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਮੌਕੇ ਸਰਪੰਚ ਰਣਧੀਰ ਸਿੰਘ, ਸਰਪੰਚ ਪਰਮਜੀਤ ਕੌਰ ਛੀਨੀਵਾਲ, ਸਰਪੰਚ ਹਰਪ੍ਰੀਤ ਸਿੰਘ ਹਰਦਾਸਪੁਰਾ, ਸਰਪੰਚ ਗੁਰਮੀਤ ਕੌਰ ਵਜੀਦਕੇ ਕਲਾਂ, ਸਰਪੰਚ ਜੋਗਿੰਦਰ ਸਿੰਘ ਚੁਹਾਨਕੇ ਕਲਾਂ, ਸਰਪੰਚ ਹਰਮਨਦੀਪ ਸਿੰਘ, ਸਰਪੰਚ ਸਿਮਲਜੀਤ ਕੌਰ ਛੀਨੀਵਾਲ ਕਲਾਂ ਨੇ ਮੁਲਾਜ਼ਮਾਂ ਦੇ ਚੱਲ ਰਹੇ ਸੰਘਰਸ਼ ਦੀ ਡੱਟਵੀਂ ਹਮਾਇਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਤੁਰੰਤ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਲਗਾਤਾਰ ਦਫਤਰੀ ਤੇ ਆਮ ਲੋਕਾਂ ਦੇ ਪ੍ਰਭਾਵਿਤ ਹੋ ਰਹੇ ਕੰਮਾਂ ਕਰਵਾਉਣ ਲਈ ਡਿਊਟੀਆਂ 'ਤੇ ਭੇਜਣ ਦੀ ਮੰਗ ਕੀਤੀ। ਇਸ ਮੌਕੇ ਬੀ ਡੀ ਪੀ ਓ ਮਹਿਲ ਕਲਾਂ ਸੁਖਦੀਪ ਸਿੰਘ ਨੇ ਪੰਚਾਇਤ ਸਕੱਤਰਾਂ ਨਾਲ ਮੀਟਿੰਗ ਕਰਕੇ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਕਿਸੇ ਵੀ ਸੈਕਟਰੀ ਦੀ ਕੋਈ ਬਦਲੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਕਿਸੇ ਦਾ ਕੋਈ ਸੈਕਟਰ ਬਦਲਿਆ ਜਾਵੇਗਾ।

# ਫਾਇਨਾਂਸ ਕੰਪਨੀ ਦੇ ਕਰਮਚਾਰੀ ਕੋਲੋਂ ਲੁਟੇਰਿਆਂ ਨੇ ਖੋਹਿਆ ਬੈਗ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਹਲਕਾ ਗੁਰੂਹਰਸਹਾਏ ਦੇ ਟਿੱਲੂ ਅਰਾਈਂ ਕੋਲ ਭਾਰਤ ਫਾਇਨਾਂਸ ਇੰਨਕਲੇਜਿੰਗ ਲਿਮਟਿਡ ਦੇ ਕ੍ਰਮਚਾਰੀ ਕੋਲੋਂ ਤਿੰਨ ਲੁਟੇਰਿਆਂ ਵੱਲੋਂ ਉਸ ਦਾ ਕੁਲੈਕਸ਼ਨ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ। ਇਸ ਸਬੰਧ ਵਿੱਚ ਥਾਣਾ ਗੁਰੂਹਰਸਹਾਏ ਪੁਲਿਸ ਨੇ ਤਿੰਨ ਅਣਪਛਾਤੇ ਲੁਟੇਰਿਆਂ ਖਿਲਾਫ਼ 379-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਪਰਮਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਝੁਰੜ ਥਾਣਾ ਸਦਰ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਉਹ ਜੋ ਭਾਰਤ ਫਾਇਨਾਂਸ ਇੰਨਕਲੇਜਿੰਗ ਲਿਮਟਿਡ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਵਿਖੇ ਲੱਗਾ ਹੋਇਆ ਹੈ ਤੇ ਪਿੰਡਾਂ ਵਿਚੋਂ ਕੁਲੈਕਸ਼ਨ ਦਾ ਕੰਮ ਕਰਦਾ ਹੈ।

17 ਅਕਤੂਬਰ 2022 ਨੂੰ ਪਿੰਡਾਂ ਵਿਚੋਂ ਕੁਲੈਕਸ਼ਨ ਇਕੱਠੀ ਕਰਕੇ ਮੋਟਰਸਾਈਕਲ 'ਤੇ ਵਾਇਆ ਜੀਵਾਂ ਅਰਾਈਂ ਤੋਂ ਜਲਾਲਾਬਾਦ ਨੂੰ ਜਾ ਰਿਹਾ ਸੀ, ਜਦ ਉਹ ਟਿੱਲੂ ਅਰਾਈਂ ਪਾਸ ਪੁੱਜਾ ਤਾਂ ਇਕ ਮੋਟਰਸਾਈਕਲ 'ਤੇ ਤਿੰਨ ਨੌਜਵਾਨ ਅਣਪਛਾਤੇ ਜਿਨ੍ਹਾਂ ਦੇ ਮੂੰਹ ਢੱਕੇ ਹੋਏ ਸਨ, ਆਏ ਤੇ ਜਿਨ੍ਹਾਂ ਨੇ ਉਸ ਦੇ ਮੋਟਰਸਾਈਕਲ ਅੱਗੇ ਰੱਖਿਆ ਬੈਗ ਝਪਟ ਮਾਰ ਕੇ ਖੋਹ ਲਿਆ ਤੇ ਮੌਕੇ ਤੋਂ ਫਰਾਰ ਹੋ ਗਏ।

ਪਰਮਿੰਦਰ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਵੱਲੋਂ ਉਸ ਦੇ ਖੋਹੇ ਬੈਗ ਵਿੱਚ 52400 ਰੁਪਏ, ਇਕ ਟੈਬਲੇਟ ਮਾਰਕਾ ਸੈਮਸੰਗ ਤੇ ਇਕ ਬਾਇਓਮੈਟ੍ਰਿਕ ਫਿੰਗਰ ਟੱਚ ਵਾਲੀ ਮਸ਼ੀਨ ਸੀ। ਜਾਂਚ ਕਰ ਰਹੇ ਏਐੱਸਆਈ ਆਤਮਾ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਬੀ ਡੀ ਪੀ ਓ ਵੱਲੋਂ ਸੀਲ ਕੀਤੀ ਦੁਕਾਨ ਬੀ ਕੇ ਯੂ ਡਕੌਂਦਾ ਨੇ ਖੁੱਲ੍ਹਵਾਈ



**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਕੁੱਝ ਮਹੀਨੇ ਪਹਿਲਾਂ ਬੀ.ਡੀ.ਪੀ.ਓ. ਵੱਲੋਂ ਸੀਲ ਕੀਤੀ ਗਈ ਦੁਕਾਨ ਨੂੰ ਬੀ.ਕੇ.ਯੂ. ਡਕੌਂਦਾ ਵੱਲੋਂ ਖੁੱਲ੍ਹਵਾਇਆ ਗਿਆ। ਬੀ.ਕੇ.ਯੂ. ਡਕੌਂਦਾ ਸਹਿਜੜਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸਹਿਜੜਾ ਦੀ ਅਗਵਾਈ ਹੇਠ ਇਕੱਠੇ ਹੋਏ ਜਥੇਬੰਦੀ ਦੇ ਵਰਕਰਾਂ ਨੇ ਇਸ ਮੌਕੇ ਬੀ.ਡੀ.ਪੀ.ਓ. ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ।

ਕਿਸਾਨ ਆਗੂਆਂ ਨੇ ਦੱਸਿਆ ਕਿ ਕ੍ਰਿਸ਼ਨ ਕੁਮਾਰ ਪੁੱਤਰ ਸੁਰੇਸ਼ ਕੁਮਾਰ ਪੰਚਾਇਤ ਸੰਮਤੀ ਦੀ ਦੁਕਾਨ 'ਚ 2010 ਤੋਂ ਆਪਣਾ ਰੁਜ਼ਗਾਰ ਚਲਾ ਰਿਹਾ ਸੀ, ਪਰ 2 ਮਹੀਨੇ ਪਹਿਲਾਂ ਜਦੋਂ ਦੁਕਾਨਦਾਰ ਵੱਲੋਂ ਦੁਕਾਨ ਦੀ ਮੁਰੰਮਤ ਕਰਾਈ ਗਈ ਤਾਂ ਬੀ.ਡੀ.ਪੀ.ਓ. ਵੱਲੋਂ ਇਸ ਦੁਕਾਨ ਨੂੰ ਸੀਲ ਕਰ ਦਿੱਤਾ ਗਿਆ। ਦੁਕਾਨਦਾਰ ਵੱਲੋਂ ਵਾਰ-ਵਾਰ ਬੇਨਤੀ ਕਰਨ 'ਤੇ ਵੀ ਦੁਕਾਨ ਨੂੰ ਖੋਲ੍ਹਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਜਦੋਂ ਇਸ ਮਾਮਲਾ ਜਥੇਬੰਦੀ ਕੋਲ ਆਇਆ ਤਾਂ ਉਨ੍ਹਾਂ ਇਸ ਪੀੜਤ ਦੁਕਾਨਦਾਰ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ। ਕਿਸਾਨ ਆਗੂਆਂ ਨੇ ਖੁਦ ਮਹਿਕਮੇ ਦੇ ਅਧਿਕਾਰੀਆਂ ਨੂੰ ਮਿਲੇ ਤੇ ਇੱਕ ਘੰਟੇ ਦੇ ਅੰਦਰ-ਅੰਦਰ ਇਸ ਦੁਕਾਨ ਨੂੰ ਖੁਲ੍ਹਵਾਉਣ ਦਾ ਅਲਟੀਮੇਟਮ ਦਿੱਤਾ ਗਿਆ, ਪਰ ਅਧਿਕਾਰੀਆਂ ਵੱਲੋਂ ਉਨ੍ਹਾ ਨੂੰ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ, ਜਿਸ ਤੋਂ ਬਾਅਦ ਕਿਸਾਨਾਂ ਨੇ ਦੁਕਾਨ ਖੁਲ੍ਹਵਾਉਣ ਕੇ ਦੁਕਾਨਦਾਰ ਦਾ ਸਮਾਨ ਮੁੜ ਤੋਂ ਦੁਕਾਨ 'ਚ ਰਖਵਾ ਦਿੱਤਾ ਹੈ। ਇਸ ਮੌਕੇ ਮਾ. ਅਮਰਜੀਤ ਸਿੰਘ ਮਹਿਲ ਖੁਰਦ, ਸਤਪਾਲ ਸਿੰਘ ਸੋਹੀ, ਬਹਾਦਰ ਸਿੰਘ ਸਹਿਜੜਾ, ਦਰਸ਼ਨ ਸਿੰਘ, ਗੁਰਵਿੰਦਰ ਸਿੰਘ ਮਹਿਲ ਕਲਾਂ ਤੇ ਨੰਬਰਦਾਰ ਬਲਬੀਰ ਸਿੰਘ ਆਦਿ ਹਾਜ਼ਰ ਸਨ।

ਬੀ.ਡੀ.ਪੀ.ਓ. ਮਹਿਲ ਕਲਾਂ ਸੁਖਦੀਪ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਮਾਮਲੇ 'ਚ ਨਿਯਮਾਂ ਦੀ ਉਲੰਘਣਾ ਕਰਨ ਵਾਲਿਆ ਖ਼ਿਲਾਫ਼ ਬਣਦੀ ਕਰਵਾਈ ਕੀਤੀ ਜਾਵੇਗੀ। ਇਸ ਸਬੰਧੀ ਮਹਿਕਮੇ ਨੂੰ ਲਿਖਤੀ ਰੂਪ 'ਚ ਭੇਜਿਆ ਜਾ ਰਿਹਾ ਹੈ।

# ਲਾਰੈਂਸ ਸਕੂਲ 'ਚ ਮਾਪੇ-ਅਧਿਆਪਕ ਮੀਟਿੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਅਧਿਆਪਕਾਂ ਤੇ ਮਾਪਿਆਂ ਦੀ ਮੀਟਿੰਗ ਕੀਤੀ ਗਈ, ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਦੇ ਸਤੰਬਰ ਵਿੱਚ ਹੋਏ ਪੇਪਰਾਂ ਦਾ ਨਤੀਜਾ ਘੋਸ਼ਿਤ ਕਰਨਾ ਸੀ। ਮਾਪਿਆਂ ਨੇ ਬੜੇ ਉਤਸ਼ਾਹ ਨਾਲ ਮੀਟਿੰਗ 'ਚ ਹਿੱਸਾ ਲਿਆ। ਇਹ ਮੀਟਿੰਗ ਨਰਸਰੀ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੇ ਨਤੀਜੇ 'ਤੇ ਰੱਖੀ ਗਈ।

ਸਕੂਲ ਦੇ ਅਧਿਆਪਕਾਂ ਵੱਲੋਂ ਮਾਪਿਆਂ ਨਾਲ ਉਨ੍ਹਾਂ ਦੇ ਬੱਚਿਆਂ ਦੀ ਰਿਜ਼ਲਟ ਰਿਪੋਰਟ ਸਾਂਝੀ ਕੀਤੀ ਗਈ ਤੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮਨੋਜ ਕੁਮਾਰ ਨੇ ਦੱਸਿਆ ਕਿ ਵਿਦਿਆਰਥੀਆਂ ਦਾ ਰਿਜ਼ਲਟ ਸ਼ਾਨਦਾਰ ਰਿਹਾ ਤੇ ਉਨ੍ਹਾ ਇਸ ਸ਼ਾਨਦਾਰ ਨਤੀਜੇ ਲਈ ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਹੋਰ ਵਧੀਆ ਨੰਬਰ ਪ੍ਰਾਪਤ ਕਰਨ ਲਈ ਕਿਹਾ ਤਾਂ ਜੋ ਉਹ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਨਾਂਅ ਰੋਸ਼ਨ ਕਰ ਸਕਣ। ਸਕੂਲ ਦੇ ਚੇਅਰਮੈਨ ਤਰਸੇਮ ਲਾਲ ਗਰਗ ਤੇ ਮੈਨੇਜਰ ਮੈਡਮ ਜੀਨਮ ਗਰਗ ਨੇ ਮਾਪਿਆਂ ਦਾ ਸਕੂਲ ਪਹੁੰਚਣ ਲਈ ਧੰਨਵਾਦ ਕੀਤਾ।

# ਨਰੇਗਾ ਕਰਮਚਾਰੀਆਂ ਵੱਲੋਂ ਮੁੱਖ ਮੰਤਰੀ ਦੇ ਓ ਐੱਸ ਡੀ ਨੂੰ ਮੰਗ ਪੱਤਰ


ਮੁੱਖ ਮੰਤਰੀ ਦੇ ਓਂਕਾਰ ਸਿੰਘ ਸਿੱਧੂ ਨੂੰ ਮੰਗ ਪੱਤਰ ਦਿੰਦੇ ਨਰੇਗਾ ਕਰਮਚਾਰੀ।

**ਧੂਰੀ (ਸੁਖਦੇਵ ਧੂਰੀ)**

ਨਰੇਗਾ ਕਰਮਚਾਰੀ ਯੂਨੀਅਨ ਪੰਜਾਬ ਦਾ ਇਕ ਵਫਦ ਸੂਬਾ ਪ੍ਰਧਾਨ ਮਨਸੇ ਖਾਂ ਦੀ ਅਗਵਾਈ ਹੇਠ ਧੂਰੀ ਵਿਖੇ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਓ ਐੱਸ ਡੀ ਓਂਕਾਰ ਸਿੰਘ ਸਿੱਧੂ ਨੂੰ ਮਿਲਿਆ ਤੇ ਅਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਗਿਆ। ਇਸ ਸਬੰਧੀ ਸੂਬਾ ਪ੍ਰਧਾਨ ਮਨਸੇ ਖਾਂ ਨੇ ਦੱਸਿਆ ਕਿ ਨਰੇਗਾ ਮਲਾਜ਼ਮ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਪਿਛਲੇ ਲਗਭਗ 15 ਸਾਲਾਂ ਤੋਂ ਨਰੇਗਾ ਤਹਿਤ ਵੱਖ-ਵੱਖ ਕੱਚੀਆਂ ਅਸਾਮੀਆਂ 'ਤੇ ਸੇਵਾਵਾਂ ਦੇ ਰਹੇ ਹਨ, ਸਮੁੱਚੇ ਨਰੇਗਾ ਮੁਲਾਜ਼ਮਾਂ ਦੀ ਭਰਤੀ ਪੂਰੇ ਪਾਰਦਰਸ਼ੀ ਢੰਗ ਨਾਲ ਰੈਗੂਲਰ ਮੁਲਾਜ਼ਮਾਂ ਦੀ ਭਰਤੀ ਲਈ ਅਪਨਾਏ ਜਾਂਦੇ ਤੈਅ ਮਾਪਦੰਡਾਂ ਅਨੁਸਾਰ ਹੋਈ ਹੈ।

ਉਨ੍ਹਾ ਕਿਹਾ ਕਿ ਨਰੇਗਾ ਮੁਲਾਜ਼ਮਾਂ ਦੀ ਸਾਰੀ ਤਨਖਾਹ ਕੰਟਨਜੈਂਸੀ ਦੇ ਰੂਪ ਵਿੱਚ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ। ਇਸ ਲਈ ਕੋਈ ਵਾਧੂ ਵਿੱਤੀ ਬੋਝ ਵੀ ਪੰਜਾਬ ਸਰਕਾਰ ਦੇ ਖਜ਼ਾਨੇ ਉੱਪਰ ਨਹੀਂ ਪੈਂਦਾ।

ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਤੇ ਸੱਤਾ ਵਿੱਚ ਆਉਣ ਤੋਂ ਬਾਅਦ 36000 ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਰ-ਵਾਰ ਵਾਅਦਾ ਕੀਤਾ ਜਾਂਦਾ ਰਿਹਾ ਹੈ ਤੇ ਤਿੰਨ ਮੈਂਬਰੀ ਕੈਬਨਿਟ ਸਬ-ਕਮੇਟੀ ਬਣਾ ਕੇ ਸਰਕਾਰ ਨੇ ਪਾਲਿਸੀ ਨੂੰ ਪ੍ਰਵਾਨਗੀ ਵੀ ਦੇ ਦਿੱਤੀ ਗਈ ਹੈ। ਸਿੱਖਿਆ ਵਿਭਾਗ ਦੇ ਕੱਚੇ ਅਧਿਆਪਕ ਪੱਕੇ ਵੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਵੀ ਨਰੇਗਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਭਰੋਸਾ ਤਾਂ ਦਿੱਤਾ ਜਾਂਦਾ ਰਿਹਾ ਹੈ, ਪ੍ਰੰਤੂ ਪੱਕੇ ਕਰਨ ਦੀ ਕੋਈ ਵੀ ਚਾਰਾਜੋਈ ਮੰਤਰੀ ਵੱਲੋਂ ਤੇ ਪੰਚਾਇਤ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਨਹੀਂ ਕੀਤੀ ਜਾ ਰਹੀ।

ਉਨ੍ਹਾ ਕਿਹਾ ਕਿ ਮੀਟਿੰਗ ਵਿੱਚ ਵੀ ਉਨ੍ਹਾਂ ਮੁੱਖ ਮੰਤਰੀ ਪੰਜਾਬ ਨਾਲ ਪੈਨਲ ਮੀਟਿੰਗ ਦੀ ਮੰਗ ਕੀਤੀ ਹੈ ਤੇ 8 ਅਕਤੂਬਰ ਦੀ ਲੁਧਿਆਣਾ ਮੀਟਿੰਗ ਵਿੱਚ ਲਏ ਫੈਸਲੇ ਮੁਤਾਬਕ 5 ਨਵੰਬਰ ਨੂੰ ਧੂਰੀ ਵਿਖੇ ਪੰਜਾਬ ਪੱਧਰ ਦੀ ਵਿਸ਼ਾਲ ਕਨਵੈਨਸ਼ਨ ਕੀਤੀ ਜਾਵੇਗੀ।

ਇਸ ਮੌਕੇ ਯੂਨੀਅਨ ਦੇ ਸੂਬਾ ਵਿੱਤ ਸਕਤਰ ਸੰਜੀਵ ਕਾਕੜਾ, ਚੇਅਰਮੈਨ ਰਣਧੀਰ ਸਿੰਘ ਧੀਮਾਨ, ਜਸਪ੍ਰੀਤ ਸਿੰਘ, ਬਲਜੀਤ ਸਿੰਘ ਤੇ ਸੰਜੀਵ ਕੁਮਾਰ ਆਦਿ ਹਾਜ਼ਰ ਸਨ।

# ਫਿਰੌਤੀ ਮਾਮਲਾ : ਵਿਧਾਇਕਾ ਦੀ ਚੁੱਪ 'ਤੇ ਨੱਕ ਬੁੱਲ੍ਹ ਚਿੜਾ ਰਹੇ ਨੇ ਸ਼ਹਿਰ ਦੇ ਲੋਕ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਇਤਿਹਾਸਿਕ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਪਿਛਲੇ ਕਈ ਹਫ਼ਤਿਆਂ ਤੋਂ ਜੇਲ੍ਹ ਵਿੱਚ ਬੈਠੇ ਮੂਸੇਵਾਲੇ ਗਾਇਕ ਦੇ ਕਤਲ ਵਿੱਚ ਸ਼ਾਮਲ ਇਕ ਗੈਂਗਸਟਰ ਵੱਲੋਂ ਲੀਡਰਾਂ ਨੂੰ ਇਸ ਗੋਰਖ ਧੰਦੇ ਵਿੱਚ ਨਾਲ ਰਲਾ ਕੇ ਚਲਾਈਆਂ ਜਾ ਰਹੀਆਂ ਫਿਰੌਤੀ ਮੁਹਿੰਮਾਂ ਦੀ ਚਰਚਾ ਹੁਣ ਸਿਖਰਾਂ ਛੋਹ ਰਹੀ ਹੈ। ਇਸ ਹਮਾਮ ਵਿੱਚ ਨੰਗੇ ਹੋ ਚੁੱਕੇ ਦੋ ਸਿਖਰਲੇ ਸਥਾਨਕ 'ਮੋਹਤਬਰਾਂ' ਜਿਨ੍ਹਾਂ ਦਾ ਸਬੰਧ ਕਾਂਗਰਸ ਤੇ ਅਕਾਲੀ ਦਲ ਨਾਲ ਦੱਸਿਆ ਜਾ ਰਿਹਾ ਹੈ, ਨੂੰ ਅੱਗੇ ਲਾ ਕੇ ਉਕਤ ਗੈਂਗ ਵੱਲੋਂ ਵਸੂਲੀਆਂ ਜਾ ਚੁੱਕੀਆਂ ਫਿਰੌਤੀਆਂ ਦੀ ਗਿਣਤੀ ਭਾਵੇਂ ਦਰਜਨਾਂ ਵਿੱਚ ਦੱਸੀ ਜਾ ਰਹੀ ਹੈ, ਪਰ ਦਹਿਸ਼ਤ ਏਨੀ ਹੈ ਕਿ ਡਰਦਾ ਮਾਰਾ ਕੋਈ ਵੀ ਸ਼ਹਿਰੀ ਪੁਲਸ ਕੋਲ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹੋ ਰਿਹਾ। ਸ਼ਾਇਦ ਇੱਥੋਂ ਦੇ ਦੋ ਸਥਾਨਕ ਮੋਹਤਬਰਾਂ ਦੇ ਇਸ ਮੁਕੱਦਮੇ ਵਿਚ ਲਪੇਟੇ ਜਾਣ ਪਿੱਛੋਂ ਪੈਦਾ ਹੋਈਆਂ ਪ੍ਰਸਥਿਤੀਆਂ ਦਾ ਹੀ ਨਤੀਜਾ ਹੈ ਕਿ ਪੀੜਤ ਪਰਵਾਰਾਂ ਨੂੰ ਔਖੇ ਵਕਤ ਉਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਲੀਡਰ ਹੀ ਹੁਣ ਵਿਖਾਈ ਨਹੀਂ ਦੇ ਰਿਹਾ। ਹੋਰ ਤਾਂ ਹੋਰ ਉਸ ਵਕਤ ਜਦੋਂ ਪਿਛਲੇ ਕੁਝ ਦਿਨਾਂ ਤੋਂ ਇਲਾਕੇ ਦੇ ਕਾਰੋਬਾਰੀ ਤੇ ਅਮੀਰ ਲੋਕਾਂ ਨੂੰ ਮੌਤ ਵਿਖਾ ਕੇ ਜਹਿਮਤਾਂ ਮਨਵਾਈਆਂ ਜਾ ਰਹੀਆਂ ਹਨ ਤਾਂ ਇਥੋਂ ਦੀ ਵਿਧਾਇਕਾ ਬੀਬੀ ਦੀ ਚੁੱਪ ਅਤੇ ਇਸ ਮਾਮਲੇ ਵਿੱਚ ਉਸ ਦੀ ਗੈਰ ਸਰਗਰਮੀ ਨੂੰ ਲੈ ਕੇ ਵੀ ਨਾ ਸਿਰਫ਼ ਪੀੜਤ ਹਲਕੇ ਭਾਰੀ ਨਰਾਜ਼ਗੀ ਦੇ ਆਲਮ ਵਿੱਚ ਡੁੱਬੇ ਪਏ ਹਨ ਸਗੋਂ ਆਮ ਲੋਕ ਵੀ ਬੀਬੀ ਦੀ ਨਾ ਸਲਾਹੁਣਯੋਗ ਭੂਮਿਕਾ ਨੂੰ ਕੋਸ ਰਹੇ ਨਜ਼ਰੀਂ ਪੈ ਰਹੇ ਹਨ। ਉਧਰ ਭਾਵੇਂ ਭਾਰਤੀ ਜਨਤਾ ਪਾਰਟੀ ਦੇ ਹਲਕਾ ਆਗੂ ਸਰਦਾਰ ਰਵੀ ਪ੍ਰੀਤ ਸਿੰਘ ਸਿੱਧੂ ਨੇ ਇਸ ਮਾਮਲੇ ਵਿੱਚ ਸੱਤਾਧਾਰੀ ਧਿਰ ਦੀ ਗੈਰ ਮੌਜੂਦਗੀ ਦਾ ਲਾਹਾ ਲੈਂਦਿਆਂ ਪੀੜਤਾ ਨਾਲ ਖੜ ਕੇ ਲੀਡਰਸ਼ਿਪ ਦਾ ਖਲਾਅ ਭਰਨ ਦੀ ਕੋਸ਼ਿਸ਼ ਕੀਤੀ ਹੈ, ਪ੍ਰੰਤੂ ਉਸ ਕੋਸ਼ਿਸ਼ ਨੂੰ ਵੀ ਸੁਚੇਤ ਲੋਕੀਂ ਰਾਜਨੀਤੀ ਤੋਂ ਪ੍ਰੇਰਤ ਦਸ ਰਹੇ ਹਨ, ਜਿਸ ਨਾਲ ਪੀੜਤ ਭਾਈਚਾਰੇ ਦਾ ਕੋਈ ਫਾਇਦਾ ਜਾਂ ਭਲਾ ਹੁੰਦਾ ਨਜ਼ਰ ਨਹੀਂ ਆ ਰਿਹਾ। ਖ਼ਬਰ ਲਿਖੇ ਜਾਣ ਵੇਲੇ ਤੱਕ ਭਾਵੇਂ ਜੇਲ੍ਹ ਵਿੱਚ ਬੰਦ ਇੱਕ ਗੈਂਗਸਟਰ ਮੰਨਾ ਸਿੰਘ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਉਸ ਤੋਂ ਕੀਤੀ ਜਾ ਰਹੀ ਪੁੱਛਗਿੱਛ ਸਮੇਤ ਲਗਭਗ ਅੱਧੀ ਦਰਜਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਪ੍ਰੰਤੂ ਉਕਤ ਗੈਂਗ ਦੇ ਉਨ੍ਹਾਂ ਗੁਰਗਿਆਂ ਨੂੰ ਪੁਲਸ ਹਾਲੇ ਤੱਕ ਵੀ ਹੱਥ ਨਹੀਂ ਪਾ ਸਕੀ, ਨਿੱਤ ਨਵੇਂ ਸ਼ਿਕਾਰ ਲੱਭਣ ਦੇ ਮਾਹਿਰ ਅਤੇ ਵਿਚੋਲਿਆਂ ਦੇ ਰੂਪ ਵਿੱਚ ਨੋਟ ਗਿਣਨ ਤੋਂ ਲੈ ਕੇ ਹਰ ਫਿਰੌਤੀ ਵਿੱਚ ਜਿਨ੍ਹਾਂ ਦੀ ਅਹਿਮ ਭੂਮਿਕਾ ਦੱਸੀ ਜਾ ਰਹੀ ਹੈ।

# ਇੰਜਨੀਅਰਿੰਗ ਕਾਲਜ 'ਚ ਵਿਸ਼ੇਸ਼ ਸਮਾਗਮ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਦਿਹਾੜੇ ਦੀ ਯਾਦਗਾਰ ਮਨਾਉਣ ਹਿੱਤ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿਖੇ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ। ਇਸ ਸਬੰਧ ਵਿੱਚ ਕਾਲਜ 'ਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਇਸ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਕੀਰਤਨ ਸਮਾਗਮ ਆਯੋਜਤ ਕੀਤਾ ਗਿਆ, ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਭਾਈ ਅਕਾਸ਼ਦੀਪ ਸਿੰਘ ਜੀ ਹਜ਼ੂਰੀ ਰਾਗੀ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਸਬੰਧੀ ਕਥਾ ਵਿਚਾਰ ਭਾਈ ਅਜਮੇਰ ਸਿੰਘ ਜੀ ਵੱਲੋਂ ਕੀਤੀ ਗਈ। ਭਾਈ ਕੇਵਲ ਸਿੰਘ ਮਹਿਤਾ ਦੇ ਕਵੀਸਰ ਜਥੇ ਨੇ ਵੀ ਹਾਜ਼ਰੀ ਲਵਾਈ। ਇਸ ਮੌਕੇ ਕਾਲਜ ਆਡੀਟੋਰੀਅਮ ਵਿੱਚ ਖ਼ੂਨਦਾਨ ਕੈਂਪ ਦਾ ਵੀ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਸਟਾਫ਼ ਤੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ, ਕਾਲਜ ਟਰੱਸਟੀ ਅਵਤਾਰ ਸਿੰਘ ਰਿਆ, ਅਮਰਦੀਪ ਸਿੰਘ ਧਾਰਨੀ ਤੇ ਸੁਰਜੀਤ ਸਿੰਘ ਅਬਲੋਵਾਲ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਬਾਬਾ ਬੰਦਾ ਬਹਾਦਰ ਦੇ ਜੀਵਨ ਬਾਰੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਉਨ੍ਹਾਂ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਇਹ ਸਾਰੇ ਸਮਾਗਮਾਂ ਨੂੰ ਸਫ਼ਲ ਬਣਾਉਣ ਲਈ ਵਧਾਈ ਦਿੱਤੀ ਤੇ ਖ਼ੂਨਦਾਨ ਕਰਨ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ। ਪ੍ਰਿੰਸੀਪਲ (ਡਾ.) ਲਖਵੀਰ ਸਿੰਘ ਨੇ ਦੱਸਿਆ ਕਿ ਸ੍ਰੀ ਸਹਿਜ ਪਾਠ ਦੀ ਸਾਰੀ ਸੇਵਾ ਬੱਚੇ ਅਤੇ ਪ੍ਰੋਫੈਸਰ ਸਾਹਿਬਾਨ ਨੇ ਮਿਲ ਕੇ ਕੀਤੀ ਉਹਨਾਂ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਯੋਗਦਾਨ ਅਤੇ ਪ੍ਰਾਪਤੀਆਂ ਬਾਰੇ ਲੇਖ ਅਤੇ ਕੁਇਜ਼ ਮੁਕਾਬਲੇ ਵੀ ਆਯੋਜਿਤ ਕੀਤੇ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

# 226 ਗ੍ਰਾਮ ਹੈਰੋਇਨ, ਇੱਕ ਮੋਬਾਇਲ ਫੋਨ, ਮੋਟਰਸਾਈਕਲ, ਸਵਿਫਟ ਕਾਰ ਸਮੇਤ 6 ਗ੍ਰਿਫਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਕੁੱਲਗੜ੍ਹੀ, ਥਾਣਾ ਸਦਰ ਫਿਰੋਜ਼ਪੁਰ, ਥਾਣਾ ਗੁਰੂਹਰਸਹਾਏ, ਥਾਣਾ ਸਦਰ ਜ਼ੀਰਾ ਤੇ ਥਾਣਾ ਘੱਲ ਖੁਰਦ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਵੱਖ-ਵੱਖ ਥਾਂਵਾਂ ਤੋਂ 6 ਵਿਅਕਤੀਆਂ ਨੂੰ 226 ਗ੍ਰਾਮ ਹੈਰੋਇਨ, ਇਕ ਮੋਬਾਇਲ, ਇੱਕ ਮੋਟਰਸਾਈਕਲ, ਇਕ ਸਵਿਫਟ ਕਾਰ ਤੇ 5150 ਰੁਪਏ ਜੂਏ ਦੀ ਰਾਸ਼ੀ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ਼ ਐੱਨਡੀਪੀਐੱਸ ਐਕਟ ਅਤੇ ਜੂਆ ਐਕਟ ਤਹਿਤ ਮਾਮਲੇ ਦਰਜ ਕੀਤੇ ਹਨ।

ਥਾਣਾ ਕੁੱਲਗੜ੍ਹੀ ਪੁਲਸ ਦੇ ਏਐੱਸਆਈ ਕ੍ਰਿਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਦਾਣਾ ਮੰਡੀ ਕੁੱਲਗੜ੍ਹੀ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਗੁਰਮੁੱਖ ਸਿੰਘ ਉਰਫ ਈਲੂ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਸ਼ੇਰ ਖਾਂ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਮੋਟਰਸਾਈਕਲ ਹੀਰੋ ਸਪਲੈਂਡਰ ਪੀਬੀ 05 ਏਜੇ 3110 'ਤੇ ਸਵਾਰ ਹੋ ਕੇ ਹੈਰੋਇਨ ਗ੍ਰਾਹਕਾਂ ਨੂੰ ਵੇਚਣ ਲਈ ਆ ਰਿਹਾ ਹੈ। ਜੇਕਰ ਹੁਣੇ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ।

ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਉਕਤ ਮੋਟਰਸਾਈਕਲ ਦੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 87 ਗ੍ਰਾਮ ਹੈਰੋਇਨ, ਇਕ ਮੋਬਾਇਲ ਫੋਨ ਸੈਮਸੰਗ ਕੀਪੈਡ ਬਰਾਮਦ ਹੋਇਆ। ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਦੇ ਏਐੱਸਆਈ ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਬੰਨ ਪਿੰਡ ਦੁਲਚੀ ਕੇ ਵਿਖੇ ਪੁੱਜੇ ਤਾਂ ਇੱਕ ਕਾਰ ਸਵਿਫਟ ਰੰਗ ਚਿੱਟਾ ਨੰਬਰ ਪੀਬੀ 29 ਐੱਸ 2500 ਬੰਨ 'ਤੇ ਚੜ੍ਹਨ ਲੱਗੀ, ਵਿਖਾਈ ਦਿੱਤੀ ਜੋ ਕਾਰ ਵਿਚ ਸਵਾਰ ਵਿਅਕਤੀ ਗੁਰਭੇਜ ਸਿੰਘ ਉਰਫ਼ ਭੇਜਾ ਪੁੱਤਰ ਭਗਵਾਨ ਸਿੰਘ ਵਾਸੀ ਵਾਰਡ ਨੰਬਰ 5 ਸੁੰਦਰ ਨਗਰ ਕੋਟ ਈਸੇ ਖਾਂ ਜ਼ਿਲ੍ਹਾ ਮੋਗਾ ਤੇ ਗੁਰਪਿੰਦਰ ਸਿੰਘ ਉਰਫ ਭਿੰਦਰ ਸਿੰਘ ਉਰਫ਼ ਭਿੰਦਾ ਪੁੱਤਰ ਤਰਲੋਕ ਸਿੰਘ ਵਾਸੀ ਬਸਤੀ ਭੰਬਾ ਸਿੰਘ ਵਾਲੀ ਦਾਖਲੀ ਪੱਲਾ ਮੇਘਾ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਤੇ ਇਕ ਦਮ ਕਾਰ ਪਿੱਛੇ ਮੋੜ ਕੇ ਭੱਜਣ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨ੍ਹਾ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 100 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਗੁਰੂਹਰਸਹਾਏ ਦੇ ਸਬ ਇੰਸਪੈਕਟਰ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਕੁਟੀ ਚੌਕ ਗੁਰੂਹਰਸਹਾਏ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਗੁਰਪ੍ਰੀਤ ਸਿੰਘ ਉਰਫ਼ ਲਾਡੀ ਪੁੱਤਰ ਸਤਪਾਲ ਵਾਸੀ ਨੇੜੇ ਬਰਾੜ ਪੈਟਰੋਲ ਪੰਪ ਗੁਰੂਹਰਸਹਾਏ ਹੈਰੋਇਨ ਸਪਲਾਈ ਕਰਨ ਦਾ ਧੰਦਾ ਕਰਦਾ ਹੈ, ਜੋ ਵੀ ਟੀ ਪੁਆਇੰਟ ਮੋਠਾਂਵਾਲਾ ਤੋਂ ਮੁਕਤਸਰ ਰੋਡ ਨੂੰ ਜਾਂਦੇ ਰਸਤੇ 'ਤੇ ਖੜ੍ਹਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਜੇਕਰ ਹੁਣੇ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 16 ਗ੍ਰਾਮ ਹੈਰੋਇਨ ਬਰਾਮਦ ਹੋਈ।

ਥਾਣਾ ਸਦਰ ਜ਼ੀਰਾ ਦੇ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਪਿੰਡ ਬੰਬ ਨੇ ਬੰਡਾਲਾ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਗੁਰਪ੍ਰੀਤ ਸਿੰਘ ਉਰਫ਼ ਚੋਲ ਪੁੱਤਰ ਕੇਵਲ ਸਿੰਘ ਵਾਸੀ ਸਮਾਧੀ ਮੁਹੱਲਾ ਜ਼ੀਰਾ ਜੋ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਅੱਜ ਵੀ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਜੇਕਰ ਹੁਣੇ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 23 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਘੱਲਖੁਰਦ ਦੇ ਏਐੱਸਆਈ ਸਰਬਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਰੇਲਵੇ ਫਾਟਕ ਫ਼ਿਰੋਜ਼ਸ਼ਾਹ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਅਨਮੋਲ ਮੰਗਾ ਪੁੱਤਰ ਜਗਸੀਰ ਸਿੰਘ ਵਾਸੀ ਸੋਢੀ ਨਗਰ ਦੜਾ ਸੱਟਾ ਲਾਉਣ ਦਾ ਧੰਦਾ ਕਰਦਾ ਹੈ, ਜੋ ਅੱਜ ਵੀ ਆਪਣੀ ਦੁਕਾਨ ਦੇ ਬਾਹਰ ਦੜਾ ਸੱਟਾ ਲਗਾ ਰਿਹਾ ਹੈ। ਜੇਕਰ ਹੁਣੇ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ।

ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 5150 ਰੁਪਏ ਰਾਸ਼ੀ ਦੜਾ ਸੱਟਾ ਤੇ ਇਕ ਮੋਬਾਇਲ ਫੋਨ ਬਰਾਮਦ ਹੋਈ। ਪੁਲਿਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

# ਨਰਮੇ ਦੀ ਚੁਗਾਈ ਦਾ ਮੁਆਵਜ਼ਾ ਲੈਣ ਲਈ ਡੀ ਸੀ ਨਾਲ ਮੀਟਿੰਗ


ਡੀ ਸੀ ਨਾਲ ਮੀਟਿੰਗ ਕਰਨ ਉਪਰੰਤ ਹਾਜ਼ਰ ਮਜ਼ਦੂਰ ਆਗੂ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਜ਼ਦੂਰਾਂ ਨੂੰ ਨਰਮੇ ਦੀ ਚੁਗਾਈ ਦਾ ਮੁਆਵਜ਼ਾ ਲੈਣ ਲਈ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਗੁਰਜੰਟ ਸਿੰਘ ਸਾਉਂਕੇ ਦੀ ਅਗਵਾਈ ਵਿੱਚ ਜ਼ਿਲ੍ਹਾ ਕਮੇਟੀ ਦੀ ਡਿਪਟੀ ਕਮਿਸ਼ਨਰ ਨਾਲ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਜ਼ਿਲ੍ਹਾ ਖਜ਼ਾਨਚੀ ਬਾਜ ਸਿੰਘ ਭੁੱਟੀ ਵਾਲਾ, ਕਾਕਾ ਸਿੰਘ ਖੁੰਡੇ ਹਲਾਲ, ਜਸਵਿੰਦਰ ਸਿੰਘ ਸੰਗੂਧੌਣ, ਜਸਵਿੰਦਰ ਕੌਰ ਦਬੜਾ, ਸੁਰਜੀਤ ਸਿੰਘ ਚਿੱਬੜਾਂ ਵਾਲੀ ਵੀ ਸ਼ਾਮਲ ਸਨ। ਮੀਟਿੰਗ ਦੌਰਾਨ ਜਦੋਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਸੀਂ ਮਜ਼ਦੂਰਾਂ ਨੂੰ ਨਰਮੇ ਚੁਗਾਈ ਦਾ ਮੁਆਵਜ਼ਾ ਲੱਗਭੱਗ 3 ਕਰੋੜ 50 ਲੱਖ ਰੁਪਏ ਪਾ ਦਿੱਤਾ ਹੈ ਤਾਂ ਮਜ਼ਦੂਰ ਆਗੂਆਂ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਮਜ਼ਦੂਰਾਂ ਨੂੰ ਨਰਮਾ ਚੁਗਾਈ ਦੀ ਅਜੇ ਤੱਕ 10 ਤੋਂ 12 ਪਿੰਡਾਂ ਵਿੱਚ ਹੀ ਮਜ਼ਦੂਰਾਂ ਦੇ ਖਾਤਿਆਂ ਵਿੱਚ ਮੁਆਵਜ਼ਾ ਰਾਸ਼ੀ ਪਹੁੰਚੀ ਹੈ। ਮਜ਼ਦੂਰ ਆਗੂਆਂ ਨੇ ਆਮ ਅਜਲਾਸ ਬਿਨਾਂ ਕੀਤਿਆਂ ਸਿਆਸੀ ਪੱਖਪਾਤ ਤਹਿਤ ਮੁਆਵਜ਼ੇ ਦੀਆਂ ਲਿਸਟਾਂ ਬਣਾਉਣ ਦਾ ਵੀ ਮੁੱਦਾ ਉਠਾਇਆ। ਇਸ ਤੋਂ ਇਲਾਵਾ ਮਨਰੇਗਾ ਦੇ ਕੀਤੇ ਕੰਮ ਦੇ ਬਕਾਏ ਲੈਣ, ਮਜ਼ਦੂਰਾਂ ਦੇ ਮਕਾਨਾਂ ਦੀਆਂ ਗਰਾਂਟਾਂ ਲੈਣ, ਪੁੱਟੇ ਹੋਏ ਬਿਜਲੀ ਮੀਟਰ ਲਾਉਣ ਅਦਿ ਮੰਗਾਂ ਸਬੰਧੀ ਵੀ ਗੱਲਬਾਤ ਹੋਈ। ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਮਜ਼ਦੂਰ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਦੋ-ਚਾਰ ਦਿਨਾਂ ਤੱਕ ਜ਼ਿਲ੍ਹੇ ਭਰ ਦੇ ਮਜ਼ਦੂਰਾਂ ਦੇ ਖਾਤਿਆਂ ਵਿੱਚ ਨਰਮਾ ਚੁਗਾਈ ਦਾ ਮੁਆਵਜ਼ਾ ਪਹੁੰਚ ਜਾਵੇਗਾ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਮਜ਼ਦੂਰ ਆਗੂਆਂ ਨੇ ਆਖਿਆ ਕਿ ਨਰਮੇ ਦੀ ਫਸਲ ਦੁਆਰਾ ਆਉਣ ਦੇ ਬਾਵਜੂਦ ਅਜੇ ਤੱਕ ਮਜ਼ਦੂਰਾਂ, ਕਿਸਾਨਾਂ ਨੂੰ ਨਰਮੇ ਦੇ ਮੁਆਵਜ਼ਾ ਨਹੀਂ ਵੰਡਿਆ ਗਿਆ, ਜਦ ਕਿ ਆਮ ਆਦਮੀ ਪਾਰਟੀ ਵੱਲੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮਜ਼ਦੂਰਾਂ ਦੀਆਂ ਸਭ ਮੰਗਾਂ ਮੰਨ ਲਈਆਂ ਗਈਆਂ ਹਨ ਅਤੇ ਸੰਗਰੂਰ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਲੱਗਿਆ ਹੋਇਆ ਧਰਨਾ ਬੇਲੋੜਾ ਹੈ। ਇਸ ਸਮੇਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸੰਗਰੂਰ 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਅਣਮਿੱਥੇ ਸਮੇਂ ਦੇ ਲੱਗੇ ਮੋਰਚੇ ਦੀ ਹਮਾਇਤ ਦਾ ਵੀ ਐਲਾਨ ਕੀਤਾ।

19-OCT-PAGE-7.qxd 10/18/2022 9:54 PM Page 1



# ਮਨਿਸਟੀਰੀਅਲ ਮੁਲਾਜ਼ਮਾਂ ਨੇ ਰੋਸ ਰੈਲੀ ਦੌਰਾਨ ਸਰਕਾਰ 'ਤੇ ਲਾਏ ਵਾਅਦਾ ਖ਼ਿਲਾਫ਼ੀ ਦੇ ਦੋਸ਼



**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਵੱਲੋਂ 10 ਅਕਤੂਬਰ ਤੋਂ ਸ਼ੁਰੂ ਹੋਈ ਕਲਮਛੋੜ ਹੜਤਾਲ ਤੇ ਕੰਪਿਊਟਰ ਬੰਦ ਦੇ ਸੱਦੇ ਦੌਰਾਨ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਜਨਰਲ ਸਕੱਤਰ ਰਾਜਵੀਰ ਬੜਰੁੱਖਾਂ, ਪ੍ਰੈੱਸ ਸਕੱਤਰ ਅਨੁਜ ਸ਼ਰਮਾ ਦੀ ਅਗਵਾਈ ਵਿੱਚ ਵੱਖ ਵੱਖ ਵਿਭਾਗਾਂ ਦੇ ਸੈਂਕੜੇ ਮੁਲਾਜ਼ਮਾਂ ਵੱਲੋਂ ਜ਼ਿਲ੍ਹਾ ਖਜ਼ਾਨਾ ਦਫਤਰ ਵਿਖੇ ਹੜਤਾਲ ਦੇ ਨੌਵੇਂ ਦਿਨ ਰੋਸ ਰੈਲੀ ਕਰਕੇ ਸਰਕਾਰ ਨੂੰ ਚੋਣਾਂ ਵੇਲੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੇ ਹੱਕ ਵਿੱਚ ਨਾਹਰੇਬਾਜ਼ੀ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਬਲਵਿੰਦਰ ਔਤਰੀ ਚੇਅਰਮੈਨ, ਸੁਖਦੀਪ ਸਿੰਘ ਆਗੂ ਡੀ ਸੀ ਦਫਤਰ, ਬਲਵਿੰਦਰ ਸੋਹੀ ਸਰਪ੍ਰਸਤ, ਅੰਮ੍ਰਿਤਪਾਲ ਕੌਰ ਸਿੱਖਿਆ ਵਿਭਾਗ, ਮਨਪ੍ਰੀਤ ਕੌਰ ਜਨਰਲ ਸਕੱਤਰ ਹੈਲਥ ਵਿਭਾਗ, ਸੰਦੀਪ ਕੁਮਾਰ ਪ੍ਰਧਾਨ ਹੈਲਥ ਵਿਭਾਗ, ਜਸਵਿੰਦਰ ਸਿੰਘ ਸਹਿਕਾਰਤਾ ਵਿਭਾਗ, ਆਸ਼ੀਸ਼ ਕੁਮਾਰ ਫੁੱਲ, ਮਨਜੀਤ ਸਿੰਘ ਗਿੱਲ, ਕੁਲਵਿੰਦਰ ਸਿੰਘ, ਰਣਜੀਤ ਸਿੰਘ ਭੀਖੀ, ਗੁਰਜੀਤ ਸਿੰਘ ਡਰੇਨੇਜ ਵਿਭਾਗ ਆਦਿ ਬੁਲਾਰਿਆਂ ਨੇ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦੀ ਅਣਦੇਖੀ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਦੀਵਾਲੀ ਦੇ ਵੱਡੇ ਤਿਉਹਾਰ ਮੌਕੇ ਮੁਲਾਜ਼ਮ ਧਰਨੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਗਏ ਹਨ, ਕਿਉਂਕਿ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਮੁਲਾਜ਼ਮ ਵਰਗ ਨਾਲ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਰਿਲੀਜ਼ ਕਰਨ ਤੇ ਬਕਾਇਆਂ ਦੀ ਅਦਾਇਗੀ ਕਰਨ ਤੋਂ ਇਲਾਵਾ 6ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਵਿੱਚ ਰਹਿੰਦੀਆਂ ਤਰੁੱਟੀਆਂ ਦੂਰ ਕਰਕੇ ਸੋਧਣ ਉਪਰੰਤ ਬਕਾਇਆ ਜਾਰੀ ਕਰਨ ਆਦਿ ਮੁੱਖ ਮੰਗਾਂ ਸਰਕਾਰ ਬਣਨ ਤੋਂ ਤੁਰੰਤ ਬਾਅਦ ਪੂਰੇ ਕਰਨ ਦਾ ਵਾਅਦਾ ਕੀਤਾ ਸੀ, ਪਰ ਬੜੇ ਦੁੱਖ ਦੀ ਗੱਲ ਹੈ ਕਿ ਸਰਕਾਰ ਅੱਜ ਸੱਤਾ ਵਿੱਚ ਆਉਣ ਤੋਂ ਬਾਅਦ ਮਨਿਸਟੀਰੀਅਲ ਮੁਲਾਜ਼ਮਾਂ ਦੀ ਜਥੇਬੰਦੀ ਨਾਲ ਗੱਲਬਾਤ ਕਰਨ ਤੋਂ ਵੀ ਮੁਨਕਰ ਹੋਈ ਜਾਪਦੀ ਹੈ, ਜਿਸ ਕਾਰਨ ਮਜਬੂਰਨ ਮੁਲਾਜ਼ਮਾਂ ਨੂੰ ਕਲਮ ਛੋੜ ਹੜਤਾਲ ਦਾ ਰਾਹ ਅਖਤਿਆਰ ਕਰਨਾ ਪੈ ਰਿਹਾ ਹੈ। ਆਗੂਆਂ ਨੇ ਕਿਹਾ ਕਿ ਅਜੇ ਤੱਕ ਸਰਕਾਰ ਦਾ ਕੋਈ ਹੁੰਗਾਰਾ ਨਾ ਮਿਲਣ ਕਾਰਨ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਹੁਣ ਕਲਮਛੋੜ ਹੜਤਾਲ 19 ਅਕਤੂਬਰ ਤੱਕ ਵਧਾ ਦਿੱਤੀ ਗਈ ਹੈ ਤੇ ਇਸ ਦੌਰਾਨ ਸੂਬੇ ਭਰ ਵਿੱਚ ਮੁਲਾਜ਼ਮ ਐੱਮ ਐੱਲ ਏ ਤੇ ਕੈਬਨਿਟ ਮੰਤਰੀਆਂ ਦੇ ਦਫਤਰਾਂ ਤੇ ਘਰਾਂ ਦਾ ਘਿਰਾਓ ਕਰਨਗੇ।

ਇਸ ਮੌਕੇ ਸਾਬਕਾ ਸੂਬਾ ਪ੍ਰਧਾਨ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਰਾਜ ਕੁਮਾਰ ਅਰੋੜਾ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਮਨਿਸਟੀਰੀਅਲ ਕੇਡਰ ਦੀਆਂ ਹੱਕੀ ਮੰਗਾਂ ਤੁਰੰਤ ਪ੍ਰਵਾਨ ਕਰਕੇ ਮੁਲਾਜ਼ਮਾਂ ਦੀ ਹੜਤਾਲ ਖਤਮ ਕਰਵਾਈ ਜਾਵੇ, ਨਹੀਂ ਤਾਂ ਸੂਬੇ ਭਰ ਦੇ ਸਮੁੱਚੇ ਪੈਨਸ਼ਨਰ ਮਨਿਸਟੀਰੀਅਲ ਕੇਡਰ ਦੇ ਸੰਘਰਸ਼ 'ਚ ਕੁੱਦ ਪੈਣਗੇ।

# ਕਿਸਾਨ ਮੋਰਚੇ ਦੀ ਹਮਾਇਤ 'ਚ ਨਿੱਤਰੇ ਠੇਕਾ ਮੁਲਾਜ਼ਮ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ, ਗੁਰਵਿੰਦਰ ਸਿੰਘ ਪੰਨੂੰ, ਬਲਿਹਾਰ ਸਿੰਘ, ਸ਼ੇਰ ਸਿੰਘ ਖੰਨਾ, ਸਿਮਰਨਜੀਤ ਸਿੰਘ ਨੀਲੋਂ, ਰਮਨਪ੍ਰੀਤ ਕੌਰ ਮਾਨ, ਪਵਨਦੀਪ ਸਿੰਘ, ਸੁਰਿੰਦਰ ਕੁਮਾਰ ਤੇ ਜਸਪ੍ਰੀਤ ਸਿੰਘ ਗਗਨ ਨੇ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) 20 ਅਕਤੂਬਰ ਨੂੰ ਭਾਕਿਯੂ ਏਕਤਾ ਉਗਰਾਹਾਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਸੰਗਰੂਰ ਅੱਗੇ ਲਾਏ ਪੱਕੇ ਮੋਰਚੇ ਦੀ ਹਮਾਇਤ ਵਿੱਚ ਸੰਘਰਸ਼ ਸੱਦਾ ਲਾਗੂ ਕਰਕੇ ਕਿਸਾਨ ਸੰਘਰਸ਼ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰੇਗਾ। ਇਸ ਦਿਨ ਮੋਰਚੇ ਵਿੱਚ ਸ਼ਾਮਲ ਵੱਖ-ਵੱਖ ਸਰਕਾਰੀ ਵਿਭਾਗਾਂ ਦੀਆਂ ਜਥੇਬੰਦੀਆਂ ਜਿਵੇਂ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ, ਥਰਮਲ ਪਲਾਂਟ ਲਹਿਰਾ ਮੁਹੱਬਤ, ਪਾਵਰਕਾਮ ਤੇ ਟਰਾਂਸਕੋ, ਪੀ.ਐੱਸ.ਪੀ.ਸੀ.ਐੱਲ. ਤੇ ਪੀ ਐੱਸ ਟੀ ਸੀ ਐੱਲ ਕੰਟਰੈਕਚੂਅਲ ਵਰਕਰਜ਼ ਯੂਨੀਅਨ, ਵਾਟਰ ਸਪਲਾਈ ਤੇ ਸੀਵਰੇਜ ਬੋਰਡ, ਥਰਮਲ ਪਲਾਂਟ ਰੂਪਨਗਰ, ਡੀ. ਸੀ. ਦਫ਼ਤਰ ਕਲੈਰੀਕਲ ਸਟਾਫ਼, ਵੇਰਕਾ ਮਿਲਕ ਅਤੇ ਕੈਟਲਫੀਡ ਪਲਾਂਟ ਪੰਜਾਬ, ਪੀ. ਡਬਲਯੂ. ਡੀ. ਇਲੈਕਟਰੀਕਲ ਵਿੰਗ ਅਤੇ ਸਿਹਤ ਵਿਭਾਗ ਪੰਜਾਬ ਦੇ ਠੇਕਾ ਮੁਲਾਜ਼ਮਾਂ ਤੋਂ ਇਲਾਵਾ ਟੀ. ਐਸ. ਯੂ ਅਤੇ ਜੰਗਲਾਤ ਲੇਬਰ ਯੂਨੀਅਨ ਦੇ ਵਰਕਰਜ਼ ਤਹਿਸੀਲ ਪੱਧਰ 'ਤੇ ਸਾਂਝੀਆਂ ਰੈਲੀਆਂ ਕਰਕੇ ਪੰਜਾਬ ਸਰਕਾਰ ਦੀ ਕਾਰਪੋਰੇਟ ਪੱਖੀ ਸੋਚ ਨੂੰ ਲੋਕ ਸੱਥਾਂ ਵਿੱਚ ਨੰਗੀ ਕਰਨਗੇ। ਇਸ ਉਪਰੰਤ ਸਾਰੇ ਸ਼ਹਿਰਾਂ 'ਚ ਰੋਸ ਮਾਰਚ ਕਰਕੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜ ਕੇ ਸਰਕਾਰ ਵਿਰੁੱਧ ਆਪਣੇ ਗੁੱਸੇ ਤੇ ਕਿਸਾਨ ਸੰਘਰਸ਼ ਨਾਲ ਹਮਾਇਤ ਦਾ ਇਜ਼ਹਾਰ ਕਰਨਗੇ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨ ਜਥੇਬੰਦੀ ਉਗਰਾਹਾਂ ਨਾਲ ਗੱਲਬਾਤ ਕਰ ਕੇ ਮੰਨੀਆਂ ਮੰਗਾਂ ਨੂੰ ਮੀਟਿੰਗ ਦੇ ਕੇ ਪ੍ਰਵਾਨ ਨਾ ਕੀਤਾ ਤਾਂ ਸਮੂਹ ਜਥੇਬੰਦੀਆਂ ਜਲਦੀ ਹੀ ਤਿੱਖਾ ਸੰਘਰਸ਼ ਸੱਦਾ ਦੇਣ ਲਈ ਮਜ਼ਬੂਰ ਹੋਣਗੀਆਂ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

# ਬੀ ਕੇ ਯੂ ਡਕੌਂਦਾ ਦੇ ਵਿਰੋਧ ਮਗਰੋਂ ਪ੍ਰਸ਼ਾਸਨ ਨੇ ਝੋਨੇ ਦੀ ਲਿਫਟਿੰਗ ਕੀਤੀ ਸ਼ੁਰੂ



**ਮਮਦੋਟ (ਹਰਪਾਲ ਸਿੰਘ ਸੋਢੀ)** ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਪ੍ਰੈੱਸ ਸਕੱਤਰ ਜਗਤਾਰ ਸਿੰਘ ਭੱਟੀਆ ਨੇ ਇੱਕ ਪ੍ਰੈੱਸ ਨੋਟ ਜਾਰੀ ਕਰਦੇ ਸਮੇਂ ਦੱਸਿਆ ਕਿ ਮਾਰਕੀਟ ਕਮੇਟੀ ਮਮਦੋਟ ਅਧੀਨ ਪੈਂਦੇ ਖਰੀਦ ਕੇਂਦਰਾਂ 'ਤੇ ਲਿਫਟਿੰਗ ਦਾ ਕੰਮ ਖਰੀਦ ਦੇ ਪੰਦਰਾਂ ਦਿਨ ਬੀਤ ਜਾਣ ਦੇ ਬਾਅਦ ਵੀ ਸ਼ੁਰੂ ਨਹੀਂ ਕੀਤਾ ਗਿਆ ਸੀ ਤੇ ਮੰਡੀ 'ਚ ਜਗ੍ਹਾ ਨਾ ਹੋਣ ਕਾਰਨ ਕਿਸਾਨਾਂ ਤੇ ਆੜ੍ਹਤੀਆਂ ਨੂੰ ਆਪਣੀ ਫਸਲ ਦੀ ਸੰਭਾਲ ਕਰਨੀ ਔਖੀ ਹੋ ਰਹੀ ਹੈ, ਜਿਸ ਨੂੰ ਲੈ ਕੇ ਆੜ੍ਹਤੀ ਤੇ ਕਿਸਾਨ ਪ੍ਰੇਸ਼ਾਨ ਦਿਖਾਈ ਦੇ ਰਹੇ ਹਨ, ਜਿਸ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਆਗੂ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਵਿੱਚ ਬੀਤੇ ਸ਼ਨੀਵਾਰ ਦੀ ਰਾਤ ਦਾਣਾ ਮੰਡੀ ਮਮਦੋਟ ਦਾ ਦੌਰਾ ਕੀਤਾ ਗਿਆ ਤੇ ਆੜ੍ਹਤੀਆ ਯੂਨੀਅਨ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਕੁਲਦੀਪ ਸਿੰਘ ਨੇ ਦੱਸਿਆ ਸੀ ਕਿ ਮੰਡੀ ਅੰਦਰ ਝੋਨੇ ਦੀ ਫਸਲ ਨਾਲ ਭਰੀਆਂ ਬੋਰੀਆਂ ਦੇ ਢੇਰ ਲੱਗੇ ਪਏ ਹਨ ਤੇ ਜੋ ਫਸਲ ਮੰਡੀ ਵਿੱਚ ਆ ਰਹੀ ਹੈ, ਉਸ ਨੂੰ ਉਤਰਵਾਉਣਾ ਵੀ ਔਖਾ ਹੋਇਆ ਪਿਆ ਹੈ। ਇਸ ਤਰ੍ਹਾਂ ਦੀ ਸਮੱਸਿਆ ਨੂੰ ਲੈ ਕੇ ਬੀਤੇ ਐਤਵਾਰ ਨੂੰ ਬੀ ਕੇ ਯੂ ਡਕੌਂਦਾ ਵੱਲੋਂ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ ਨੂੰ ਜਾਮ ਕਰਕੇ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ ਪ੍ਰਸ਼ਾਸਨ ਨੇ ਆਪਣੀ ਸੂਝ-ਬੂਝ ਨਾਲ ਧਰਨੇ ਤੋਂ ਪਹਿਲਾਂ ਹੀ ਲਿਫਟਿੰਗ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ, ਦਰਸ਼ਨ ਸਿੰਘ ਕੜਮਾ ਜ਼ਿਲ੍ਹਾ ਆਗੂ, ਜਗਰਾਜ ਸਿੰਘ ਗੱਟੀ, ਹਰਜੀਤ ਸਿੰਘ ਗੱਟੀ, ਗੁਰਪ੍ਰੀਤ ਸਿੰਘ ਗੱਟੀ ਆਦਿ ਨੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

## ਕਾਤਰਾਂ

### ਔਰਤ ਨੂੰ ਸੱਟਾਂ ਮਾਰਨ ਵਾਲਿਆਂ ਖਿਲਾਫ ਪਰਚਾ

**ਜਲਾਲਾਬਾਦ (ਦਹੂਜਾ)**-ਥਾਣਾ ਅਮੀਰ ਖਾਸ ਦੀ ਪੁਲਸ ਨੇ ਇੱਕ ਔਰਤ ਨੂੰ ਸੱਟਾਂ ਮਾਰਨ ਵਾਲੇ 4 ਆਰੋਪੀਆਂ ਖਿਲਾਫ ਪਰਚਾ ਦਰਜ ਕੀਤਾ ਹੈ।ਜਾਂਚ ਅਧਿਕਾਰੀ ਐੱਸ ਆਈ ਰਵੀਪਾਲ ਨੇ ਦੱਸਿਆ ਕਿ ਪ੍ਰੇਮ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਬਿੱਲੀਮਾਰ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੇ ਪਿਤਾ ਦਾ ਬਿੱਲੀਮਾਰ ਵਿੱਚ ਪਲਾਟ ਹੈ, ਜਿਸ ਨੂੰ ਲੈ ਕੇ ਉਸ ਦੇ ਭਰਾਵਾਂ ਵਿੱਚ ਝਗੜਾ ਚੱਲ ਰਿਹਾ ਹੈ।ਬੀਤੀ 4 ਸਤੰਬਰ ਨੂੰ ਜਦੋਂ ਉਹ ਆਪਣੇ ਪਲਾਟ 'ਤੇ ਪੱਠੇ ਬੀਜਣ ਗਿਆ ਤਾਂ ਕਰਨੈਲ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਕਰਤਾਰ ਬਸਤੀ ਕੋਟਵਾਲੀ ਬਠਿੰਡਾ, ਬੂਟਾ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਸ਼ਿੰਗਾਰਾ ਸਿੰਘ ਪੁੱਤਰ ਡੋਗਰ ਸਿੰਘ, ਨਿਹਾਲੋ ਬਾਈ ਪਤਨੀ ਸ਼ਿੰਗਾਰਾ ਸਿੰਘ ਵਾਸੀ ਬਿੱਲੀਮਾਰ ਨੇ ਆਪਣੀ ਮਾਂ ਨੂੰ ਸੱਟਾਂ ਮਾਰੀਆਂ।ਪੁਲਸ ਨੇ ਆਰੋਪੀਆਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਹੈ।

### ਤਰਸੇਮ ਲਾਲ ਨਮਿੱਤ ਪਾਠ ਦਾ ਭੋਗ ਅੱਜ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ)**-ਕਾਮਰੇਡ ਜਗਦੀਸ਼ ਰਾਏ ਬੌਬੀ (ਪੱਤਰਕਾਰ) ਦੇ ਵੱਡੇ ਭਰਾ ਸਵ. ਤਰਸੇਮ ਲਾਲ, ਜਿਨ੍ਹਾਂ ਦਾ ਬੀਤੀ 9 ਅਕਤੂਬਰ 2022 ਨੂੰ ਅਚਾਨਕ ਦੇਹਾਂਤ ਹੋ ਗਿਆ ਸੀ, ਦੀ ਆਤਮਿਕ ਸ਼ਾਂਤੀ ਲਈ ਗੁਰੜ ਪ੍ਰਾਣ ਦੇ ਪਾਠ ਦਾ ਭੋਗ 19 ਅਕਤੂਬਰ 2022 ਦਿਨ ਬੁੱਧਵਾਰ ਨੂੰ ਸਥਾਨਕ ਸਰਕਾਰੀ ਕੁਆਰਟਰ, ਨੇੜੇ ਸਰਕਾਰੀ ਕੰਨਿਆ ਸਕੂਲ, ਮਾਛੀਵਾੜਾ ਸਾਹਿਬ ਵਿਖੇ ਦੁਪਹਿਰ 1 ਤੋਂ 2 ਵਜੇ ਪਾਇਆ ਜਾਵੇਗਾ।

### ਅਫ਼ੀਮ ਸਮੇਤ ਨੌਜਵਾਨ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਕਬਰਵਾਲਾ ਪੁਲਸ ਨੇ ਵੱਡੀ ਮਾਤਰਾ ਵਿੱਚ ਅਫ਼ੀਮ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਨਾਕਾਬੰਦੀ ਦੌਰਾਨ ਪੱਕੀ ਟਿੱਬੀ ਮੇਨ ਰੋਡ 'ਤੇ ਮੌਜੂਦ ਸੀ ਤਾਂ ਇੱਕ ਨੌਜਵਾਨ ਕਮਲ ਜਸਵਾਲ ਵਾਸੀ ਸ਼੍ਰੀ ਮੁਕਤਸਰ ਸਾਹਿਬ ਅਬੋਹਰ ਵੱਲੋਂ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਪਿੰਡ ਪੱਕੀ ਟਿੱਬੀ ਨੂੰ ਜਾਂਦੀ ਲਿੰਕ ਰੋਡ ਨੂੰ ਮੁੜ ਗਿਆ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਉਸ ਦੀ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 4 ਕਿੱਲੋ 400 ਗ੍ਰਾਮ ਅਫੀਮ ਬਰਾਮਦ ਕੀਤੀ ਗਈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਕਰਿਆਨੇ ਦੀ ਦੁਕਾਨ 'ਚੋਂ ਡਾਲਡਾ ਘਿਓ ਚੋਰੀ, 2 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਨੇ ਕਰਿਆਨੇ ਦੀ ਦੁਕਾਨ ਵਿੱਚੋਂ ਡਾਲਡਾ ਘਿਓ ਚੋਰੀ ਕਰਨ ਦੇ ਦੋਸ਼ 'ਚ 2 ਵਿਅਕਤੀਆਂ ਖਿਲਾਫ ਪਰਚੀ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਮਨੋਜ ਕੁਮਾਰ ਪੁੱਤਰ ਜਗਦੀਸ਼ ਸ਼ਾਹੂ ਵਾਸੀ ਬਸਤੀ ਘੁਮਿਆਰਾ ਵਾਲੀ ਜਲਾਲਾਬਾਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੀ ਦੁਕਾਨ ਮੋਹਕਮ ਅਰਾਈਆਂ ਰੋਡ 'ਤੇ ਸਥਿਤ ਐੱਸ. ਡੀ. ਰਾਈਸ ਮਿੱਲ ਜਲਾਲਾਬਾਦ ਦੇ ਕੋਲ ਕਰਿਆਨੇ ਦੀ ਦੁਕਾਨ ਹੈ, ਬੀਤੇ ਦਿਨ 16 ਅਕਤੂਬਰ ਨੂੰ ਰਾਤ ਕਰੀਬ 11 ਵਜੇ ਚਰਨਜੀਤ ਸਿੰਘ ਪੁੱਤਰ ਸ਼ੈਲ ਸਿੰਘ ਤੇ ਗੁਰਪ੍ਰੀਤ ਸਿੰਘ ਪੁੱਤਰ ਪਾਲਾ ਸਿੰਘ ਵਾਸੀਆਨ ਪਿੰਡ ਨੱਥੂ ਚਿਸਤੀ ਨੇ ਉਸ ਦੀ ਕਰਿਆਨੇ ਦੀ ਦੁਕਾਨ ਅੰਦਰ ਵੜ ਕੇ 5 ਪੈਕਟ ਡਾਲਡਾ ਘਿਓ ਚੋਰੀ ਕੀਤਾ ਹੈ, ਜਿਸ 'ਤੇ ਪੁਲਸ ਨੇ ਇਨ੍ਹਾਂ ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਹੈ।

### ਬੀ ਕੇ ਯੂ ਏਕਤਾ ਵੱਲੋਂ ਡੀ ਸੀ ਨੂੰ ਮੰਗ ਪੱਤਰ ਅੱਜ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬਲਾਕ ਗਿੱਦੜਬਾਹਾ ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਦੀ ਅਹਿਮ ਮੀਟਿੰਗ ਬਲਾਕ ਪ੍ਰਧਾਨ ਮੇਜਰ ਸਿੰਘ ਖਾਲਸਾ ਤੇ ਸਾਬ ਸਿੰਘ ਦੀ ਪ੍ਰਧਾਨਗੀ 'ਚ ਪੰਚਾਇਤੀ ਧਰਮਸ਼ਾਲਾ ਗਿੱਦੜਬਾਹਾ ਵਿਖੇ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੁੱਟਰ ਤੇ ਜਨਰਲ ਸਕੱਤਰ ਕੁਲਵੀਰ ਸਿੰਘ ਜਟਾਣਾ ਨੇ ਸ਼ਿਰਕਤ ਕੀਤੀ। ਇਸ ਸੰਬੰਧੀ ਬਲਾਕ ਪ੍ਰਧਾਨ ਮੇਜਰ ਸਿੰਘ ਖਾਲਸਾ ਨੇ ਦੱਸਿਆ ਕਿ 19 ਅਕਤੂਬਰ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਮਾਲਵਾ ਬਲਾਕ ਗਿੱਦੜਬਾਹਾ ਦੇ ਕਿਸਾਨਾਂ ਵੱਲੋਂ ਡਿਪਟੀ ਕਮਿਸ਼ਨਰ ਸਾਹਿਬ ਸ੍ਰੀ ਮੁਕਤਸਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸ ਮੌਕੇ ਰਾਮ ਸਿੰਘ ਪ੍ਰਧਾਨ, ਗੁਰਤੇਜ ਸਿੰਘ, ਸਾਧੂ ਸਿੰਘ ਗਿੱਦੜਬਾਹਾ, ਮਲਕੀਤ ਸਿੰਘ, ਬਲਤੇਜ ਸਿੰਘ ਬੁੱਟਰ, ਗੁਰਦਿੱਤਾ ਸਿੰਘ ਬੁੱਟਰ, ਬਲਰਾਜ ਸਿੰਘ ਅਜੈਬ ਸਿੰਘ, ਖੁਸ਼ਦਿਲ ਸਿੰਘ ਕਿੰਗਰਾ, ਮੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

### ਜੂਨੀਅਰ ਓਪਨ ਪੰਜਾਬ ਅਥਲੈਟਿਕਸ ਚੈਂਪੀਅਨਸ਼ਿਪ ਲਈ ਟਰਾਇਲ ਭਲਕੇ

**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਐਥਲੈਟਿਕਸ ਐਸੋਸੀਏਸ਼ਨ ਵੱਲੋਂ 97ਵੀਂ ਜੂਨੀਅਰ ਓਪਨ ਪੰਜਾਬ ਐਥਲੈਟਿਕਸ ਚੈਂਪੀਅਨਸ਼ਿਪ (ਅੰਡਰ-14 ਸਾਲ ਤੇ 16 ਸਾਲ ਲੜਕੇ-ਲੜਕੀਆਂ) ਕਰਵਾਈ ਜਾ ਰਹੀ ਹੈ, ਜਿਸ ਤਹਿਤ ਮੋਗਾ ਜ਼ਿਲ੍ਹਾ ਐਥਲੈਟਿਕਸ ਐਸੋਸੀਏਸ਼ਨ ਵੱਲੋਂ ਮੋਗਾ ਜ਼ਿਲ੍ਹੇ ਦੇ ਜੂਨੀਅਰ ਖਿਡਾਰੀ ਅੰਡਰ-14 ਸਾਲ ਤੇ ਅੰਡਰ 16 ਸਾਲ ਲੜਕੇ-ਲੜਕੀਆਂ ਦੇ ਟਰਾਇਲ 20 ਅਕਤੂਬਰ 2022 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਲੋਟੀ ਵਿਖੇ ਕਰਵਾਏ ਜਾਣਗੇ। ਅੰਡਰ-14 ਸਾਲ ਲੜਕੇ-ਲੜਕੀਆਂ ਦੀ ਜਨਮ ਮਿਤੀ 20-10-2008 ਤੋਂ ਬਾਅਦ ਵਾਲੇ ਤੇ 16 ਸਾਲ ਲੜਕੇ-ਲੜਕੀਆਂ ਦੀ ਜਨਮ ਮਿਤੀ 20-10-2006 ਤੋਂ ਬਾਅਦ ਵਾਲੇ ਖਿਡਾਰੀ ਇਨ੍ਹਾਂ ਟਰਾਇਲਾਂ ਵਿੱਚ ਭਾਗ ਲੈ ਸਕਦੇ ਹਨ। ਟਰਾਇਲਾਂ 'ਚ ਭਾਗ ਲੈਣ ਵਾਲੇ ਖਿਡਾਰੀ ਆਪਣੀ ਜਨਮ ਮਿਤੀ ਦਾ ਅਸਲ ਸਰਟੀਫਿਕੇਟ ਤੇ ਅਸਲ ਆਧਾਰ ਕਾਰਡ ਨਾਲ ਲੈ ਕੇ ਠੀਕ ਦਸ ਵਜੇ 22-10-2022 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਲੋਟੀ ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰਨ। ਇਹ ਜਾਣਕਾਰੀ ਮੋਗਾ ਜ਼ਿਲ੍ਹਾ ਐਥਲੈਟਿਕਸ ਐਸੋਸੀਏਸ਼ਨ ਦੇ ਪ੍ਰਧਾਨ ਸੰਤ ਬਾਬਾ ਗੁਰਮੀਤ ਸਿੰਘ ਵੱਲੋਂ ਦਿੱਤੀ ਗਈ। ਵਧੇਰੇ ਜਾਣਕਾਰੀ ਲਈ ਲੈਕਚਰਾਰ ਪਲਵਿੰਦਰ ਸਿੰਘ ਗਲੋਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਸਕੂਲੀ ਵਿਦਿਆਰਥੀ ਦੀ ਮੌਤ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਿਟੀ ਪੁਲਸ ਨੇ ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਮੋਟਰਸਾਈਕਲ ਚਾਲਕ ਦੀ ਮੌਤ ਹੋ ਜਾਣ 'ਤੇ ਕਾਰ ਚਾਲਕ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਅਮਨਦੀਪ ਸਿੰਘ ਵਾਸੀ ਜੰਡਵਾਲਾ ਚੜ੍ਹਤ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਸਹਿਜਵੀਰ ਸਿੰਘ, ਜੋ ਕਿ ਹੋਲੀ ਏਂਜ਼ਲ ਸਕੂਲ ਵਿੱਚ ਦਸਵੀਂ ਜਮਾਤ 'ਚ ਪੜ੍ਹਦਾ ਹੈ ਤੇ ਸਕੂਲ ਵਿੱਚੋਂ ਛੁੱਟੀ ਹੋਣ ਤੋਂ ਬਾਅਦ ਆਪਣੇ ਮੋਟਰਸਾਈਕਲ ਡਿਸਕਵਰ 'ਤੇ ਜੀ.ਟੀ. ਰੋਡ ਰਾਹੀਂ ਪਿੰਡ ਜੰਡਵਾਲਾ ਨੂੰ ਵਾਪਸੀ ਆ ਰਿਹਾ ਸੀ ਤੇ ਉਹ ਵੀ ਆਪਣੇ ਮੋਟਰਸਾਈਕਲ ਰਾਹੀਂ ਕੰਮਕਾਰ ਕਰਕੇ ਜੀ.ਟੀ. ਰੋਡ ਰਾਹੀਂ ਪਿੰਡ ਜੰਡਵਾਲਾ ਨੂੰ ਵਾਪਸੀ ਆ ਰਿਹਾ ਸੀ ਤਾਂ ਉਸ ਦਾ ਲੜਕਾ ਸਹਿਜਵੀਰ ਸਿੰਘ ਆਪਣੇ ਮੋਟਰਸਾਈਕਲ ਰਾਹੀਂ ਉਸ ਦੇ ਮੋਟਰਸਾਈਕਲ ਦੇ ਅੱਗੇ ਅੱਗੇ ਜੀ.ਟੀ. ਰੋਡ ਨੂੰ ਜਾ ਰਿਹਾ ਸੀ ਤੇ ਜਦੋਂ ਸਾਡੇ ਮੋਟਰਸਾਈਕਲ ਨੇੜੇ ਸੀਸ਼ੈਲ ਪੈਲੇਸ ਤੋਂ ਥੋੜ੍ਹਾ ਅੱਗੇ ਪਹੁੰਚੇ ਤਾਂ ਪਿੱਛੋਂ ਇੱਕ ਕਾਰ ਮਾਰਕਾ ਸਵਿਫ਼ਟ ਰੰਗ ਚਿੱਟਾ ਬੜੀ ਤੇਜ਼ ਰਫ਼ਤਾਰ ਤੇ ਲਾਪ੍ਰਵਾਹੀ ਨਾਲ ਉਸ ਦੇ ਲੜਕੇ ਸਹਿਜਵੀਰ ਸਿੰਘ ਦੇ ਮੋਟਰਸਾਈਕਲ ਦੇ ਪਿੱਛੇ ਲਿਆ ਕੇ ਮਾਰੀ, ਜਿਸ ਨਾਲ ਸਹਿਜਵੀਰ ਸਿੰਘ ਸੜਕ 'ਤੇ ਬੜੀ ਜ਼ੋਰ ਨਾਲ ਡਿੱਗ ਪਿਆ ਤੇ ਉਸ ਦੇ ਕਾਫ਼ੀ ਸੱਟਾਂ ਲੱਗੀਆਂ। ਹਸਪਤਾਲ ਪਹੁੰਚਣ 'ਤੇ ਉਸ ਨੂੰ ਡਾਕਟਰ ਨੇ ਮ੍ਰਿਤਕ ਘੋਸ਼ਿਤ ਕਰ ਦਿੱਤਾ। ਮੌਕੇ ਦਾ ਫ਼ਾਇਦਾ ਉਠਾਉਂਦੇ ਹੋਏ ਕਾਰ ਚਾਲਕ ਮੌਕੇ 'ਤੇ ਫ਼ਰਾਰ ਹੋ ਗਿਆ ਤੇ ਉਸ ਵੱਲੋਂ ਪੜਤਾਲ ਕਰਨ 'ਤੇ ਪਤਾ ਲੱਗ ਕਿ ਕਾਰ ਸਮਾਇਲ ਵਾਸੀ ਡੱਬਵਾਲੀ ਚਲਾ ਰਿਹਾ ਸੀ।

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਪੰਡੋਰੀ ਵੱਲੋਂ ਅਥਲੈਟਿਕਸ ਖੇਡ ਮੇਲਾ



**ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਭਾਈ ਘਨ੍ਹੱਈਆ ਜੀ ਸੇਵਾਦਾਰ ਗਰੁੱਪ ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਸਪੋਰਟਸ ਕਲੱਬ ਪੰਡੋਰੀ (ਬਰਨਾਲਾ) ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾ ਕੇ ਖੇਡਾਂ ਵੱਲ ਉਤਸ਼ਾਹਤ ਕਰਨ ਤੇ ਸਰੀਰਕ ਤੌਰ 'ਤੇ ਫਿੱਟ ਰੱਖਣ ਲਈ ਦੂਸਰਾ ਸਾਲਾਨਾ ਐਥਲੈਟਿਕਸ ਖੇਡ ਮੇਲਾ ਸਮੂਹ ਐੱਨ ਆਰ ਆਈਜ਼ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਨਿੱਕੀ ਉਮਰ ਤੋਂ ਲੈ ਕੇ ਓਪਨ ਪੱਧਰ ਦੇ ਖਿਡਾਰੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।

ਖੇਡ ਮੇਲੇ ਦੇ ਅੰਤਿਮ ਨਤੀਜੇ ਅਨੁਸਾਰ 11 ਸਾਲ ਉਮਰ ਵਰਗ 400 ਮੀਟਰ ਰੇਸ 'ਚ ਸੁਖਨਦੀਪ ਸਿੰਘ ਜੌਹਲ ਪੰਡੋਰੀ ਨੇ ਪਹਿਲਾ, ਖੁਸ਼ਪ੍ਰੀਤ ਸਿੰਘ ਨਮੋਲ ਦੂਸਰਾ, ਹਰਮਨਜੀਤ ਸਿੰਘ ਖਿਲਰੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ। ਉਮਰ ਵਰਗ 13 ਸਾਲ 'ਚ ਕਰਨ ਸਿੰਘ ਨਮੋਲ, ਖੁਸ਼ਪ੍ਰੀਤ ਸਿੰਘ ਨਮੋਲ, ਹਰਮਨ ਸਿੰਘ ਖਿਲਰੀਆਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਡਰ-15 ਮੁਕਾਬਲੇ 'ਚੋਂ ਸੁਖਵੀਰ ਸਿੰਘ ਬੋਪਾਰਾਏ ਪਹਿਲਾ, ਦਿਲਪ੍ਰੀਤ ਸਿੰਘ ਪੰਡੋਰੀ ਨੇ ਦੂਜਾ, ਦਵਿੰਦਰ ਸਿੰਘ ਪੰਡੋਰੀ ਨੇ ਤੀਜਾ ਸਥਾਨ ਹਾਸਲ ਕੀਤਾ। ਲੜਕੀਆਂ ਦੇ 1500 ਮੀਟਰ ਦੌੜ ਮੁਕਾਬਲੇ 'ਚ ਜਸਪ੍ਰੀਤ ਕਿਸ਼ਨਪੁਰਾ (ਮੋਗਾ) ਨੇ ਪਹਿਲਾ, ਸੁਹਾਨਾ ਪੰਡੋਰੀ ਨੇ ਦੂਜਾ, ਪਵਨ ਪੰਡੋਰੀ ਨੇ ਤੀਜਾ ਸਥਾਨ ਜਿੱਤਿਆ। ਓਪਨ ਵਰਗ ਮੁਕਾਬਲੇ 'ਚ 1500 ਮੀਟਰ ਤੇ 5 ਕਿਲੋਮੀਟਰ ਰੇਸ ਕਰਵਾਈ ਗਈ। 1500 ਮੀਟਰ ਰੇਸ 'ਚ ਮਿਲਖਾ ਸਿੰਘ ਸੁਨਾਮ ਨੇ ਪਹਿਲਾ, ਸੁਖਵਿੰਦਰ ਸਿੰਘ ਜਲਾਲਾਬਾਦ ਨੇ ਦੂਸਰਾ, ਕਰਨ ਕੁਮਾਰ ਜਲਾਲਾਬਾਦ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 5 ਕਿਲੋਮੀਟਰ ਦੌੜ 'ਚੋਂ ਮਿਲਖਾ ਸਿੰਘ ਸੁਨਾਮ ਦੀ ਝੰਡੀ ਰਹੀ। ਜੇਤੂ ਖਿਡਾਰੀਆਂ ਨੂੰ ਨਗਦ ਰਾਸ਼ੀ ਤੇ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ। ਇਨਾਮਾਂ ਦੀ ਵੰਡ ਕਲੱਬ ਪ੍ਰਧਾਨ ਨਿਰਭੈ ਸਿੰਘ ਬੋਪਾਰਾਏ, ਨਾਇਬ ਸਿੰਘ ਸੋਢਾ, ਹਰਪਾਲ ਸਿੰਘ ਬਾਠ, ਰਾਜਵਿੰਦਰ ਸਿੰਘ ਬੋਪਾਰਾਏ, ਗੁਰਮੀਤ ਸਿੰਘ ਕਲਕੱਤਾ, ਮਿੰਟੂ ਟਾਈਪਿਸਟ, ਸਾਧੂ ਸਿੰਘ ਬੋਪਾਰਾਏ, ਦਿਲ ਸਿੰਘ ਸੰਧੂ, ਏਕਮ ਸਿੰਘ ਨਿਗਾਹ, ਰਾਜਵੀਰ ਸਿੰਘ, ਮਨਵੀਰ ਸਿੰਘ, ਖੁਸ਼ੀ ਸੰਧੂ, ਗਗਨਦੀਪ ਸਿੰਘ, ਹਰਵਿੰਦਰ ਸਿੰਘ ਸਿੱਧੂ ਆਦਿ ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਕੀਤੀ। ਭਾਈ ਘਨ੍ਹੱਈਆ ਸੇਵਾਦਾਰ ਗਰੁੱਪ ਦੇ ਸਰਪ੍ਰਸਤ ਬਲਜੀਤ ਸਿੰਘ ਸਿੱਧੂ ਨੇ ਸਾਲਾਨਾ ਖੇਡ ਮੇਲੇ ਦੀ ਸਫਲਤਾ ਲਈ ਯੋਗਦਾਨ ਪਾਉਣ ਬਦਲੇ ਸਮੂਹ ਐੱਨ ਆਰ ਆਈਜ਼ ਤੇ ਦਾਨੀ ਸੱਜਣਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਟ੍ਰੈਕਟਰ-ਟ੍ਰਾਲੀ ਤੇ ਐਕਟਿਵਾ ਦੀ ਟੱਕਰ 'ਚ ਇਕ ਦੀ ਮੌਤ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਪੁਲਸ ਨੇ ਪਿੰਡ ਚੱਕ ਜਾਨੀਸਰ ਨਹਿਰ ਦੇ ਪੁਲ ਕੋਲ ਟ੍ਰੈਕਟਰ-ਟ੍ਰਾਲੀ ਤੇ ਐਕਟਿਵਾ ਦੀ ਹੋਈ ਟੱਕਰ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਜਤਿੰਦਰ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਚੱਕ ਜਾਨੀਸਰ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ 16 ਅਕਤੂਬਰ ਨੂੰ ਉਸ ਦੇ ਪਿੰਡ ਦਾ ਵਿਅਕਤੀ ਗੁਰਚਰਨ ਸਿੰਘ ਪੁੱਤਰ ਮਲਕੀਤ ਸਿੰਘ, ਜੋ ਆਪਣੇ ਪਿੰਡ ਤੋਂ ਨਹਿਰ ਦੇ ਪੁਲ ਚੱਕ ਜਾਨੀਸਰ ਵੱਲ ਜਾ ਰਿਹਾ ਸੀ ਅਤੇ ਕੁਲਵੀਰ ਸਿੰਘ ਆਪਣੇ ਟ੍ਰੈਕਟਰ-ਟ੍ਰਾਲੀ 'ਤੇ ਆ ਰਿਹਾ ਸੀ, ਜੋ ਆਪਣੇ ਟ੍ਰੈਕਟਰ 'ਤੇ ਲੱਗੇ ਡੈਕ 'ਤੇ ਆਪਣੇ ਮੋਬਾਇਲ ਤੋਂ ਗਾਣਾ ਬਦਲਣ ਲੱਗਾ ਤਾਂ ਲਾਪ੍ਰਵਾਹੀ ਨਾਲ ਟ੍ਰੈਕਟਰ ਗੁਰਚਰਨ ਸਿੰਘ ਵਿੱਚ ਮਾਰ ਦਿੱਤਾ, ਜਿਸ 'ਤੇ ਗੁਰਚਰਨ ਸਿੰਘ ਆਪਣੀ ਐਕਟਿਵਾ ਤੋਂ ਥੱਲੇ ਡਿੱਗ ਪਿਆ ਤੇ ਉਸ ਦੇ ਸਿਰ 'ਚ ਸੱਟ ਲੱਗੀ, ਜਿਸ ਨੂੰ ਸ਼੍ਰੀ ਮੁਕਤਸਰ ਸਾਹਿਬ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰ ਨੇ ਦੱਸਿਆ ਕਿ ਗੁਰਚਰਨ ਸਿੰਘ ਦੀ ਮੌਤ ਹੋ ਚੁੱਕੀ ਹੈ। ਇਸ 'ਤੇ ਪੁਲਸ ਵੱਲੋਂ2 ਟ੍ਰੈਕਟਰ ਚਾਲਕ ਵਿਅਕਤੀ ਕੁਲਵੀਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਢਾਣੀ ਦਲੀਪ ਸਿੰਘ ਦਾਖਲੀ ਤੇਲੂਪੁਰਾ ਦੇ ਖਿਲਾਫ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਸਟਾਰ ਕ੍ਰਿਕਟ ਕਲੱਬ ਦੇ ਪ੍ਰਧਾਨ ਨੂੰ ਕੀਤਾ ਸਨਮਾਨਤ



ਸਟਾਰ ਕ੍ਰਿਕਟ ਕਲੱਬ ਦੇ ਪ੍ਰਧਾਨ ਰਾਹੁਲ ਗਰਗ ਨੂੰ ਸਨਮਾਨਤ ਕਰਦੇ ਸੰਜੀਵ ਕੁਮਾਰ।

**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਟਾਰ ਕ੍ਰਿਕਟ ਕਲੱਬ ਦੇ ਪ੍ਰਧਾਨ ਰਾਹੁਲ ਗਰਗ ਨੂੰ ਬਾਬਾ ਖੇਤਰਪਾਲ ਮੰਦਿਰ ਦੇ ਪ੍ਰਧਾਨ ਸੰਜੀਵ ਕੁਮਾਰ ਵੱਲੋਂ ਰਾਵਤਸਰ ਤੋਂ ਜੋਤ ਆਉਣ 'ਤੇ ਲੰਗਰ ਲਗਾਉਣ ਲਈ ਸਨਮਾਨਤ ਕੀਤਾ ਗਿਆ। ਇਸ ਮੌਕੇ ਰਾਹੁਲ ਗਰਗ ਨੇ ਕਿਹਾ ਕਿ ਸਟਾਰ ਕ੍ਰਿਕਟ ਕਲੱਬ ਧਾਰਮਿਕ ਕੰਮਾਂ ਵਿੱਚ ਹਮੇਸ਼ਾ ਦੀ ਤਰ੍ਹਾਂ ਮੂਹਰਲੀ ਕਤਾਰ ਵਿੱਚ ਰਹਿੰਦਾ, ਜਿਵੇਂ ਕਿ ਕ੍ਰਿਸ਼ਨ ਜਨਮ ਅਸ਼ਟਮੀ 'ਤੇ ਵੱਖ-ਵੱਖ ਥਾਵਾਂ 'ਤੇ ਪਾਣੀ ਦੀਆਂ ਛਬੀਲਾਂ ਲਗਾਉਣੀਆਂ, ਬੱਚਿਆਂ ਦੀ ਖੇਡ ਰੇਸ 'ਚ ਹਿੱਸਾ ਪਾਉਣਾ, ਖੂਨਦਾਨ ਕੈਂਪ ਲਗਾਉਣਾ ਤੇ ਨੌਜਵਾਨਾਂ ਨੂੰ ਕ੍ਰਿਕਟ ਖੇਡਣ ਲਈ ਅੱਗੇ ਲਿਆਉਣਾ ਅਤੇ ਨੌਜਵਾਨਾਂ ਨੂੰ ਹਮੇਸ਼ਾ ਹੀ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਆਦਿ। ਰਾਹੁਲ ਨੇ ਕਿਹਾ ਕਿ ਖੂਨਦਾਨ ਕੈਂਪ ਦੌਰਾਨ ਨੌਜਵਾਨਾ ਨੂੰ ਵੱਧ ਤੋਂ ਵੱਧ ਖੂਨਦਾਨ ਦੇਣਾ ਚਾਹੀਦਾ ਹੈ, ਜਿਸ ਨਾਲ ਕਿਸੇ ਦੀ ਜ਼ਿੰਦਗੀ ਬਚ ਸਕਦੀ ਹੈ। ਇਸ ਮੌਕੇ ਰਾਕੇਸ਼ ਤੋਤਾ, ਰਾਜ ਕੁਮਾਰ ਅਰੋੜਾ, ਦਵਿੰਦਰ ਚੀਕਾ, ਨਵੀਨ ਗੋਇਲ ਤੇ ਹੋਰ ਸ਼ਾਮਲ ਸਨ।

# ਮਨਰੇਗਾ ਮੇਟ ਵੈੱਲਫੇਅਰ ਐਸੋਸੀਏਸ਼ਨ ਨੇ ਏ ਪੀ ਓ ਨੂੰ ਸੌਂਪਿਆ ਮੰਗ ਪੱਤਰ



ਮੀਟਿੰਗ ਤੋਂ ਬਾਅਦ ਏਪੀਓ ਨੂੰ ਮੰਗ ਪੱਤਰ ਸੌਂਪਦੇ ਹੋਏ ਐਸੋਸੀਏਸ਼ਨ ਦੇ ਆਗੂ। (ਫੋਟੋ : ਬਲਕਰਨ ਸਿੰਘ ਖਾਰਾ)

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਨਰੇਗਾ ਮੇਟ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਬਲਾਕ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਪ੍ਰਧਾਨ ਬਲਜੀਤ ਸਿੰਘ ਸੀਰਵਾਲੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਮਨਰੇਗਾ ਮਜ਼ਦੂਰਾਂ ਨੇ ਦੱਸਿਆ ਕਿ ਪਿਛਲੇ ਮਹੀਨਿਆਂ ਤੋਂ ਮਨਰੇਗਾ ਦਾ ਕੰਮ ਤਾਂ ਚੱਲ ਰਿਹਾ ਹੈ, ਪਰ ਮਨਰੇਗਾ ਮਜ਼ਦੂਰਾਂ ਦੀ ਪੇਮੈਂਟ ਨਹੀਂ ਆਈ। ਆਗੂਆਂ ਨੇ ਕਿਹਾ ਕਿ ਜੋ ਸਰਕਾਰ ਵਾਅਦਾ ਕਰਦੀ ਸੀ ਕਿ ਮਨਰੇਗਾ ਮਜ਼ਦੂਰਾਂ ਦੀ ਪੇਮੈਂਟ ਇੱਕ ਹਫ਼ਤੇ ਵਿੱਚ ਦਿੱਤੀ ਜਾਵੇਗੀ, ਉਹ ਸਾਰੇ ਵਾਅਦੇ ਦੀ ਪੋਲ ਖੁੱਲ੍ਹਦੀ ਨਜ਼ਰ ਆ ਰਹੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਮਨਰੇਗਾ ਮਜ਼ਦੂਰਾਂ ਦੇ ਕੀਤੇ ਕੰਮਾਂ ਦੀ ਪੇਮੈਂਟ ਦੀਵਾਲੀ ਤੋਂ ਪਹਿਲਾਂ ਕੀਤੀ ਜਾਵੇ ਤਾਂ ਕਿ ਮਨਰੇਗਾ ਮਜ਼ਦੂਰ ਵੀ ਦੀਵਾਲੀ ਦਾ ਆਨੰਦ ਲੈ ਸਕਣ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਜੋ ਮਨਰੇਗਾ ਮੇਟ ਹਨ ਉਨ੍ਹਾਂ ਵੱਲੋਂ ਵੀ ਧਿਆਨ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਮਿਹਨਤਾਨਾ ਸਿਰਫ਼ 90 ਦਿਨ ਦਾ ਦਿੱਤਾ ਜਾਂਦਾ ਹੈ, ਇਸ ਲਈ ਉਨ੍ਹਾਂ ਮੰਗ ਕੀਤੀ ਹੈ ਕਿ ਮਨਰੇਗਾ ਮੇਟ ਨੂੰ ਮੁਲਾਜ਼ਮਾਂ ਵਾਂਗ ਪੱਕੀ ਤਨਖਾਹ ਦਿੱਤੀ ਜਾਵੇ ਤੇ ਦਫ਼ਤਰਾਂ ਵਿੱਚ ਬਣਦਾ ਮਾਣ ਸਨਮਾਨ ਮਿਲੇ। ਮੀਟਿੰਗ ਉਪਰੰਤ ਮਨਰੇਗਾ ਮੇਟ ਵੈੱਲਫੇਅਰ ਐਸੋਸੀਏਸ਼ਨ ਸ੍ਰੀ ਮੁਕਤਸਰ ਸਾਹਿਬ ਵੱਲੋਂ ਏਪੀਓ ਬਲਾਕ ਸ੍ਰੀ ਮੁਕਤਸਰ ਸਾਹਿਬ ਨੂੰ ਮੰਗਾਂ ਸੰਬੰਧੀ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਮਨਜੀਤ ਸਿੰਘ ਸਰਾਏਨਾਗਾ, ਸਬੀਨਾ ਭੁੱਲਰ, ਗੁਰਤੇਜ ਸਿੰਘ, ਚਮਕੌਰ ਸਿੰਘ, ਹਰਭਜਨ ਸਿੰਘ, ਆਸਾ ਰਾਮ, ਨਸੀਬ ਸਿੰਘ, ਬਲਕਰਨ ਸਿੰਘ, ਕੁਲਵੀਰ ਕੌਰ, ਰੈਨੂੰ ਰਾਣੀ, ਸਤਵਿੰਦਰ ਸਿੰਘ, ਸ਼ਿੰਦਾ ਸਿੰਘ, ਕੁਲਵਿੰਦਰ ਕੌਰ, ਦਲਜੀਤ ਸਿੰਘ, ਜੁਗਰਾਜ ਸਿੰਘ ਆਦਿ ਹਾਜ਼ਰ ਸਨ।

# ਨਿਊ ਪ੍ਰਤਾਪ ਤੇ ਨਾਮਧਾਰੀ ਕਲੋਨੀ ਨੂੰ ਸੀਵਰੇਜ ਨਾਲ ਜੋੜਨ ਦਾ ਕੰਮ ਸ਼ੁਰੂ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਦੀ ਨਿਊ ਪ੍ਰਤਾਪ ਕਾਲੋਨੀ ਤੇ ਨਾਮਧਾਰੀ ਕਲੋਨੀ ਵਿਖੇ ਪਿਛਲੇ ਦਿਨੀਂ ਗਲੀਆਂ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਪੂਰਾ ਹੋਣ ਤੋਂ ਬਾਅਦ ਇਸ ਏਰੀਏ ਵਿੱਚ ਪਾਏ ਗਏ ਸੀਵਰੇਜ ਨੂੰ ਚਾਲੂ ਕਰਨ ਲਈ ਇਸ ਨੂੰ ਬੜੈਚਾਂ ਵਾਲੇ ਸੀਵਰੇਜ ਨਾਲ ਜੋੜਨ ਲਈ ਲਗਪਗ ਇੱਕ ਕਿਲੋਮੀਟਰ ਲੰਬੀ ਸੀਵਰੇਜ ਲਾਈਨ ਦਾ ਕੰਮ ਸ਼ੁਰੂ ਹੋ ਗਿਆ। ਇਸ ਸੀਵਰੇਜ ਦੇ ਪੈਣ ਨਾਲ ਪ੍ਰਤਾਪ ਕਾਲੋਨੀ ਦੇ ਪਿਛਲੇ ਸਾਈਡ ਡਿਵੈੱਲਪ ਹੋਣ ਵਾਲੀਆਂ ਕਲੋਨੀਆਂ ਦੇ ਸੀਵਰੇਜ ਦਾ ਕੁਨੈਕਸ਼ਨ ਹੋਣ ਨਾਲ ਕਲੋਨੀ ਵਾਸੀਆਂ ਦੀ ਸੀਵਰੇਜ ਦੀ ਸਮੱਸਿਆ ਦੂਰ ਹੋ ਜਾਵੇਗੀ। ਇਸ ਦਾ ਉਦਘਾਟਨ ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ ਤੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਪੀ ਏ ਗੁਰਦੇਵ ਟਿਵਾਣਾ ਵੱਲੋਂ ਕੀਤਾ ਗਿਆ। ਇਸ ਮੌਕੇ ਸੀਵਰੇਜ ਬੋਰਡ ਦੇ ਐੱਸ ਡੀ ਓ ਖੁਰਾਣਾ, ਜੇ ਈ ਪ੍ਰਦੀਪ ਕੁਮਾਰ, ਆਪ ਆਗੂ ਸੰਦੀਪ ਸ਼ਰਮਾ, ਕੁਲਦੀਪ ਵਿਰਕ, ਅੰਗਰੇਜ਼ ਸਿੰਘ, ਹਰਿੰਦਰ ਸੋਹਲ, ਕਮਲਜੀਤ ਸਿੰਘ, ਕੰਪਨੀ ਅਧਿਕਾਰੀ ਕੁਲਜੀਤ ਸਿੰਘ, ਨਸੀਬ ਚੰਦ ਆਦਿ ਮੌਜੂਦ ਰਹੇ।

# ਸਾਬਕਾ ਚੇਅਰਮੈਨ ਦਿਓਲ ਭਾਜਪਾ 'ਚ ਹੋਏ ਸ਼ਾਮਲ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਐਂਟੀ ਨਾਰਕੋਟਿਕ ਸੈੱਲ ਦੇ ਸਾਬਕਾ ਚੇਅਰਮੈਨ ਗੁਰਸੇਵਕ ਸਿੰਘ ਦਿਓਲ ਭਾਜਪਾ ਹੈੱਡਕੁਆਰਟਰ ਚੰਡੀਗੜ੍ਹ ਵਿਖੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸੀਨੀਅਰ ਭਾਜਪਾ ਆਗੂ ਪਰਮਿੰਦਰ ਸਿੰਘ ਬਰਾੜ ਦੀ ਅਗਵਾਈ 'ਚ ਭਾਜਪਾ 'ਚ ਸ਼ਾਮਲ ਹੋ ਗਏ, ਜਿਨ੍ਹਾਂ ਦਾ ਭਾਜਪਾ 'ਚ ਸ਼ਾਮਲ ਹੋਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਦਿਓਲ ਨੇ ਕਿਹਾ ਕਿ ਉਹ ਭਾਜਪਾ ਦੀਆਂ ਚੰਗੀਆਂ ਨੀਤੀਆਂ ਨੂੰ ਦੇਖਦੇ ਹੋਏ ਭਾਜਪਾ 'ਚ ਸ਼ਾਮਲ ਹੋਏ ਹਨ ਤੇ ਉਹ ਆਪਣੀਆਂ ਸੇਵਾਵਾਂ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਭਾਜਪਾ ਦੀ ਵਿਚਾਰਧਾਰਾ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਆਪਣੇ ਖੇਤਰ ਵਿੱਚ ਘਰ-ਘਰ ਲੈ ਕੇ ਭਾਜਪਾ ਨੂੰ ਹੋਰ ਮਜ਼ਬੂਤ ਕਰਨਗੇ।

# ਸਮਾਜ ਸੇਵੀ ਸੰਸਥਾਵਾਂ ਦਾ ਸਨਮਾਨ ਸਮਾਰੋਹ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਥਾਨਕ ਬਲੱਡ ਸੈਂਟਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵੱਲੋਂ ਖੂਨਦਾਨੀਆਂ ਤੇ ਇਸ ਖੇਤਰ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਸਮਾਜ ਸੇਵੀ ਸੰਸਥਾਵਾਂ ਦਾ ਸਨਮਾਨ ਸਮਾਰੋਹ ਕੀਤਾ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾਕਟਰ ਨਿਰਮਲ ਓਸੇਪਚਨ ਆਈ ਏ ਐੱਸ ਰਜਿਸਟਰਾਰ ਬਾਬਾ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਨੇ ਇਸ ਮੌਕੇ ਬੋਲਦਿਆਂ ਡਾਕਟਰ ਨੀਤੂ ਕੁੱਕੜ ਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਪੰਜਾਬ ਵਿੱਚ ਪਹਿਲੇ ਨੰਬਰ 'ਤੇ ਆਉਣ ਲਈ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਇਹ ਸਭ ਖੂਨਦਾਨੀਆਂ ਤੇ ਸਮਾਜ ਸੇਵੀ ਸੰਸਥਾਵਾਂ ਕਰਕੇ ਸੰਭਵ ਹੋਇਆ ਹੈ। ਉਨ੍ਹਾ ਇਸ ਮੌਕੇ ਖੂਨਦਾਨੀਆਂ ਨੂੰ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਿੰਸੀਪਲ ਡਾਕਟਰ ਰਾਜੀਵ ਸ਼ਰਮਾ ਨੇ ਬਲੱਡ ਬੈਂਕ ਦੀ ਪੂਰੀ ਟੀਮ 'ਤੇ ਮਾਣ ਮਹਿਸੂਸ ਕਰਦੀਆਂ ਇਸ ਗੱਲ 'ਤੇ ਵਿਸ਼ਵਾਸ ਵੀ ਜਤਾਇਆ ਕਿ ਇਹ ਵਿਭਾਗ ਇਸੇ ਤਰ੍ਹਾਂ ਸਮਾਜ ਦੀ ਸੇਵਾ ਕਰਨ ਵਿੱਚ ਪੰਜਾਬ ਭਰ ਵਿੱਚ ਮੋਹਰੀ ਰਹਿ ਕੇ ਇਲਾਕੇ ਦਾ ਮਾਣ ਵਧਾਏਗਾ। ਵਿਸ਼ੇਸ਼ ਮਹਿਮਾਨ ਡਾਕਟਰ ਸਿਲੇਸ ਮਿੱਤਲ ਮੈਡੀਕਲ ਸੁਪਰਡੈਂਟ ਨੇ ਖੂਨਦਾਨੀਆਂ ਦੀ ਪ੍ਰਸੰਸਾ ਕਰਦਿਆਂ ਬਲੱਡ ਸੈਂਟਰ ਦੀ ਹਰ ਤਰ੍ਹਾਂ ਦੀ ਮਦਦ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਮੁਖੀਆਂ ਨੇ ਆਪਣੇ ਵਿਚਾਰ ਰੱਖੇ ਤੇ ਬਲੱਡ ਬੈਂਕ ਵੱਲੋਂ ਕੀਤੀ ਜਾ ਰਹੀ ਸੇਵਾ ਲਈ ਖੁਸ਼ੀ ਪ੍ਰਗਟ ਕੀਤੀ। ਡਾਕਟਰ ਨੀਤੂ ਨੇ ਸਭਨਾਂ ਨੂੰ 'ਜੀ ਆਇਆਂ' ਆਖਦਿਆਂ ਬਲੱਡ ਸੈਂਟਰ ਦੀਆਂ ਪ੍ਰਾਪਤੀਆਂ ਦੀ ਜਾਣਕਾਰੀ ਦਿੰਦਿਆਂ ਇਸੇ ਤਰ੍ਹਾਂ ਦੇ ਸਹਿਯੋਗ ਲਈ ਅਪੀਲ ਕੀਤੀ। ਇਸ ਮੌਕੇ ਡਾ. ਪਾਰੁਲ ਗਰਗ, ਡਾ. ਅੰਜਲੀ ਹਾਂਡਾ, ਡਾ. ਅਰਸ਼ਦੀਪ, ਡਾ. ਨਵਨੀਤ, ਡਾ. ਹਰਪ੍ਰੀਤ ਕੌਰ ਤੇ ਬਲੱਡ ਸੈਂਟਰ ਦੀ ਸਾਰੀ ਟੀਮ ਨੇ ਪ੍ਰੋਗਰਾਮ ਦੀ ਸਫਲਤਾ ਲਈ ਪੂਰਨ ਸਹਿਯੋਗ ਦਿੱਤਾ।

# ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਰਾਜਾ ਵੜਿੰਗ ਤੇ ਰੰਧਾਵਾ ਨਾਲ ਕੀਤੀ ਮੁਲਾਕਾਤ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸਾਬਕਾ ਵਿਧਾਇਕ ਤੇ ਕਾਂਗਰਸ ਪਾਰਟੀ ਦੇ ਹਲਕਾ ਸਮਾਣਾ ਦੇ ਇੰਚਾਰਜ ਰਜਿੰਦਰ ਸਿੰਘ ਨੇ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸਾਬਕਾ ਡਿਪਟੀ ਸੀ ਐੱਮ ਸੁਖਜਿੰਦਰ ਸਿੰਘ ਰੰਧਾਵਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਵੱਲੋਂ ਰਾਜਾ ਵੜਿੰਗ ਨਾਲ ਕਾਂਗਰਸ ਪਾਰਟੀ ਦੀ ਮੁੜ ਮਜ਼ਬੂਤੀ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੁਲਾਕਾਤ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਰਾਜਸੀ ਪਾਰਟੀਆਂ ਵੱਲੋਂ ਸ਼ਹਿਰਾਂ ਤੇ ਪਿੰਡਾਂ ਦੇ ਲੋਕਾਂ ਨੂੰ ਸੁਪਨੇ ਦਿਖਾ ਕੇ ਸੱਤਾ ਹਾਸਲ ਤਾਂ ਕਰ ਲਈ ਗਈ, ਪਰ ਉਨ੍ਹਾਂ ਦੀ ਪੋਲ ਬਹੁਤ ਜਲਦੀ ਖੁੱਲ੍ਹ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ ਤੇ ਹੁਣ ਮੁੜ ਉਨ੍ਹਾਂ ਨੂੰ ਕਾਂਗਰਸ ਵਿੱਚ ਇਕਮਾਤਰ ਭਵਿੱਖ ਨਜ਼ਰ ਆ ਰਿਹਾ ਹੈ। ਇਸ ਲਈ ਸ਼ਹਿਰਾਂ ਤੇ ਕਸਬਿਆਂ ਵਿੱਚ ਮੁਹੱਲਾ ਤੇ ਵਾਰਡਾਂ ਦੀਆਂ ਕਮੇਟੀਆਂ ਬਣਾਈਆਂ ਜਾਣਗੀਆਂ ਤਾਂ ਜੋ ਲੋਕਾਂ ਦੇ ਦੂਜੀਆਂ ਰਾਜਸੀ ਪਾਰਟੀਆਂ ਵੱਲੋਂ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਕੇ ਆਉਣ ਵਾਲੇ ਸਮੇਂ ਕਾਂਗਰਸ ਪਾਰਟੀ ਦੀ ਸ਼ਾਨ ਨੂੰ ਬਰਕਰਾਰ ਕੀਤਾ ਜਾਵੇ।

# ਸੰਗਰੂਰ ਕਿਸਾਨ ਮੋਰਚੇ ਦੀ ਹਮਾਇਤ 'ਚ ਨਿੱਤਰੇ ਠੇਕਾ ਮੁਲਾਜ਼ਮ

- ਭਲਕੇ ਤਹਿਸੀਲ ਪੱਧਰ 'ਤੇ ਪੰਜਾਬ ਸਰਕਾਰ ਦੀਆਂ ਫੂਕੀਆਂ ਜਾਣਗੀਆਂ ਅਰਥੀਆਂ : ਮੋਰਚਾ ਆਗੂ

**ਜਲਾਲਾਬਾਦ (ਜੀਤ ਕੁਮਾਰ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ, ਸ਼ੇਰ ਸਿੰਘ ਖੰਨਾ, ਗੁਰਵਿੰਦਰ ਸਿੰਘ ਪੰਨੂੰ, ਬਲਿਹਾਰ ਸਿੰਘ, ਸਿਮਰਨਜੀਤ ਸਿੰਘ ਨੀਲੋਂ, ਰਮਨਪ੍ਰੀਤ ਕੌਰ ਮਾਨ, ਜਸਪ੍ਰੀਤ ਸਿੰਘ ਗਗਨ, ਸੁਰਿੰਦਰ ਕੁਮਾਰ, ਪਵਨਦੀਪ ਸਿੰਘ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਇਥੇ ਮੀਡੀਆ ਦੇ ਨਾਂਅ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੁਆਰਾ 20 ਅਕਤੂਬਰ ਨੂੰ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਮੁੱਖ ਮੰਤਰੀ ਪੰਜਾਬ ਦੀ ਕੋਠੀ ਸੰਗਰੂਰ ਅੱਗੇ ਲਾਏ 'ਪੱਕੇ ਮੋਰਚੇ' ਦੀ ਹਮਾਇਤ ਵਿੱਚ ਸੰਘਰਸ਼ ਦਾ ਸੱਦਾ ਲਾਗੂ ਕਰਕੇ ਕਿਸਾਨ ਸੰਘਰਸ਼ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕਰਨਗੇ। ਇਸ ਦਿਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31), ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰਾ ਮੁਹੱਬਤ ਜੀ.ਐੱਚ.ਟੀ.ਪੀ. ਠੇਕਾ ਮੁਲਾਜ਼ਮ ਯੂਨੀਅਨ (ਅਜ਼ਾਦ), ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ, ਪੀ.ਐੱਸ.ਪੀ.ਸੀ.ਐੱਲ. ਤੇ ਪੀ.ਐੱਸ.ਟੀ.ਸੀ.ਐੱਲ. ਕੰਟਰੈਕਚੂਅਲ ਵਰਕਰਜ਼ ਯੂਨੀਅਨ, ਜਲ ਸਪਲਾਈ ਤੇ ਸੀਵਰੇਜ ਬੋਰਡ, ਸ਼੍ਰੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਰੋਪੜ, ਡੀ. ਸੀ. ਦਫਤਰ ਕਲੈਰੀਕਲ ਸਟਾਫ ਠੇਕਾ ਮੁਲਾਜ਼ਮ ਯੂਨੀਅਨ, ਵੇਰਕਾ ਕੈਟਲਫੀਡ ਤੇ ਮਿਲਕ ਪਲਾਂਟ ਕੰਟਰੈਕਟ ਵਰਕਰਜ਼ ਯੂਨੀਅਨ, ਪੀ ਡਬਲਯੂ.ਡੀ. ਇਲੈਕਟਰੀਕਲ ਕੰਟਰੈਕਟ ਵਰਕਰਜ਼ ਯੂਨੀਅਨ ਤੇ ਸਿਹਤ ਵਿਭਾਗ ਠੇਕਾ ਮੁਲਾਜ਼ਮ ਯੂਨੀਅਨ ਤੋਂ ਇਲਾਵਾ ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਤੇ ਜੰਗਲਾਤ ਲੇਬਰ ਯੂਨੀਅਨ ਦੇ ਵਰਕਰ ਤਹਿਸੀਲ ਪੱਧਰ 'ਤੇ ਵਿਸ਼ਾਲ ਸਾਂਝੇ ਇਕੱਠ ਅਤੇ ਸਾਂਝੀਆਂ ਰੈਲੀਆਂ ਕਰਕੇ ਪੰਜਾਬ ਸਰਕਾਰ ਦੀ ਕਾਰਪੋਰੇਟ ਪੱਖੀ ਖਸਲਤ ਲੋਕ ਸੱਥਾਂ ਵਿੱਚ ਨੰਗੀ ਕਰਨਗੇ। ਇਸ ਉਪਰੰਤ ਸਾਰੇ ਪੰਜਾਬ ਦੇ ਸ਼ਹਿਰਾਂ ਵਿੱਚ ਰੋਸ ਮਾਰਚ ਕਰਕੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜ ਕੇ ਸਰਕਾਰ ਵਿਰੁੱਧ ਆਪਣੇ ਗੁੱਸੇ ਤੇ ਕਿਸਾਨ ਸੰਘਰਸ਼ ਨਾਲ ਹਮਾਇਤ ਦਾ ਇਜ਼ਹਾਰ ਕਰਨਗੇ। ਆਗੂਆਂ ਨੇ ਦੱਸਿਆ ਕਿ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਵਾਅਦਿਆਂ ਤੋਂ ਬਿਲਕੁਲ ਉਲਟ ਪਹਿਲੀਆਂ ਕਾਂਗਰਸ, ਅਕਾਲੀ ਤੇ ਭਾਜਪਾਈ ਸਰਕਾਰਾਂ ਦੇ ਰਾਹਾਂ 'ਤੇ ਹੀ ਚੱਲ ਰਹੀ ਹੈ। ਨਿੱਜੀਕਰਨ ਦਾ ਹੱਲਾ ਅੱਜ ਵੀ ਜਿਓਂ ਦਾ ਤਿਓਂ ਜਾਰੀ ਹੈ। ਸਾਮਰਾਜੀ ਦਿਸ਼ਾ-ਨਿਰਦੇਸ਼ਾਂ 'ਤੇ ਜਲ ਪਾਲਸੀ ਵਿੱਚ ਤਬਦੀਲੀ ਕਰਕੇ ਧਰਤੀ ਹੇਠਲੇ ਪਾਣੀ ਤੋਂ ਜ਼ਮੀਨ ਮਾਲਕਾਂ ਦਾ ਅਧਿਕਾਰ ਖਤਮ ਕਰਨਾ, ਪਾਣੀ ਦੇ ਵਪਾਰ ਲਈ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹ ਦੇਣੀ, ਪਾਣੀਆਂ ਦਾ ਕੇਂਦਰੀਕਰਨ, ਬਿਜਲੀ ਕਾਨੂੰਨ 2022 ਲਾਗੂ ਕਰਕੇ ਵੰਡ ਖੇਤਰ ਦਾ ਨਿੱਜੀਕਰਨ, ਕਰਾਸ ਸਬਸਿਡੀ ਬੰਦ ਕਰਕੇ ਕਾਰਪੋਰੇਟ ਘਰਾਣਿਆਂ ਲਈ ਸਸਤੀ ਬਿਜਲੀ ਦੀ ਸਹੂਲਤ ਦੇਣੀ, ਆਊਟਸੋਰਸਡ ਤੇ ਇਨਲਿਸਟਮੈਂਟ ਪ੍ਰਣਾਲੀ ਨੂੰ ਲਾਗੂ ਕਰਕੇ ਕਾਰਪੋਰੇਟ ਘਰਾਣਿਆਂ ਲਈ ਸੇਵਾ ਦੇ ਅਦਾਰਿਆਂ ਵਿੱਚ ਦਾਖਲ ਹੋਣ, ਮੁਨਾਫੇ ਕਮਾਉਣ ਦੀ ਖੁੱਲ੍ਹ ਦੇਣੀ ਤੇ ਕਿਸਾਨ ਜਥੇਬੰਦੀਆਂ ਨਾਲ ਕੀਤੇ ਸਮਝੌਤਿਆਂ ਨੂੰ ਲਾਗੂ ਨਾ ਕਰਨਾ ਹੈ, ਜਿਨ੍ਹਾਂ 'ਤੇ ਕਿਸਾਨ ਜਥੇਬੰਦੀ ਵੱਲੋਂ ਸੰਗਰੂਰ 'ਚ ਪੱਕਾ ਮੋਰਚਾ ਲਾਇਆ ਗਿਆ ਹੈ। ਇਹ ਮੰਗਾਂ ਸਿਰਫ ਕਿਸਾਨਾਂ ਦੀਆਂ ਹੀ ਨਹੀਂ, ਸਗੋਂ ਇਹ ਸਮੁੱਚੇ ਦੇਸ਼ ਦੇ ਮਿਹਨਤਕਸ਼ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦੀਆਂ ਸਾਂਝੀਆਂ ਤੇ ਬੁਨਿਆਦੀ ਮੰਗਾਂ ਹਨ। ਇਸ ਲਈ ਕਿਸਾਨ ਸੰਘਰਸ਼ ਲਈ ਹਮਾਇਤ ਜੁਟਾਉਣਾ ਹਰ ਤਬਕੇ ਦੇ ਲੋਕਾਂ ਦੀ ਜ਼ੁੰਮੇਵਾਰੀ ਬਣਦੀ ਹੈ, ਜਿਸ ਨੂੰ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ, ਟੈਕਨੀਕਲ ਸਰਵਿਸਿਜ਼ ਯੂਨੀਅਨ ਪੰਜਾਬ ਤੇ ਜੰਗਲਾਤ ਲੇਬਰ ਯੂਨੀਅਨ ਅਨੰਦਪੁਰ ਸਾਹਿਬ ਵੱਲੋਂ ਪੂਰੀ ਕਰਨ ਲਈ ਇਹ ਸੰਘਰਸ਼ ਦਾ ਸੱਦਾ ਦਿੱਤਾ ਗਿਆ ਹੈ। ਆਗੂਆਂ ਵੱਲੋਂ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਕਿ ਜੇਕਰ ਉਸ ਨੇ ਭਾਰਤੀ ਕਿਸਾਨ ਯੂਨੀਅਨ ਨਾਲ ਗੱਲਬਾਤ ਕਰਕੇ ਮੰਨੀਆਂ ਮੰਗਾਂ ਨੂੰ ਮੀਟਿੰਗ ਦੇ ਕੇ ਪ੍ਰਵਾਨ ਨਾ ਕੀਤਾ ਤਾਂ ਇਹ ਜਥੇਬੰਦੀਆਂ ਜਲਦੀ ਹੀ ਤਿੱਖੇ ਸੰਘਰਸ਼ ਦਾ ਸੱਦਾ ਦੇਣ ਲਈ ਮਜਬੂਰ ਹੋਣਗੀਆਂ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

# ਜੀਵਨ ਮੱਲ ਸੀਨੀਅਰ ਸੈਕੰਡਰੀ ਸਕੂਲ 'ਚ ਲੱਗਿਆ ਸਾਇੰਸ ਮੇਲਾ

- ਸਮੇਂ ਦੇ ਹਾਣੀ ਬਣਨ ਲਈ ਸਾਇੰਸ ਵਿਸ਼ੇ ਬਾਰੇ ਜਾਣਕਾਰੀ ਹੋਣੀ ਜ਼ਰੂਰੀ : ਜੋਸਨ



ਸਾਇੰਸ ਮੇਲੇ 'ਤੇ ਅਧਿਆਪਕ ਤੇ ਵਿਦਿਆਰਥੀਆਂ ਦੀ ਸਾਂਝੀ ਤਸਵੀਰ।

**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਫਿਰੋਜ਼ਪੁਰ ਚਮਕੌਰ ਸਿੰਘ ਸਰਕਾਰੀ ਸਰਾਂ ਦੀ ਅਗਵਾਈ ਹੇਠ ਜੀਵਨ ਮੱਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜ਼ੀਰਾ ਵਿਖੇ ਸਾਇੰਸ ਵਿਸ਼ੇ ਨਾਲ ਸਬੰਧਤ ਵਿਦਿਆਰਥੀਆਂ ਵੱਲੋਂ ਸਾਇੰਸ ਮੇਲਾ ਲਗਾਇਆ ਗਿਆ। ਮੇਲੇ ਵਿੱਚ ਬੱਚਿਆਂ 'ਚ ਗੁਣਾਤਮਕ ਸਿੱਖਿਆ 'ਚ ਵਾਧਾ ਕਰਨ ਲਈ ਸਾਇੰਸ ਵਿਸ਼ੇ ਦੇ ਅਧਿਆਪਕ ਕੁਲਵਿੰਦਰ ਸਿੰਘ, ਮਨਮੋਹਨ ਕੌਰ ਤੇ ਸੁਰਜੀਤ ਕੌਰ ਦੀ ਅਗਵਾਈ ਵਿੱਚ ਸਕੂਲ ਦੇ ਬੱਚਿਆਂ ਵੱਲੋਂ ਬਹੁਤ ਵਧੀਆ ਵਿਗਿਆਨਕ ਕਿਰਿਆ ਦੇ 35 ਮਾਡਲ ਬਣਾ ਕੇ ਮੇਲੇ ਦੀ ਰੌਣਕ ਵਧਾਈ ਗਈ। ਇਸ ਮੇਲੇ ਵਿੱਚ ਸਕੂਲ ਦੇ ਪ੍ਰਿੰਸੀਪਲ ਕਰਮਜੀਤ ਸਿੰਘ ਜੋਸਨ ਤੇ ਡੀ ਐੱਮ ਉਮੇਸ਼ ਕੁਮਾਰ, ਬੀ ਐੱਮ ਮਨਜੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਵੱਲੋਂ ਬੱਚਿਆਂ ਦੁਆਰਾ ਬਣਾਏ ਗਏ ਵਿਗਿਆਨਕ ਕਿਰਿਆਵਾਂ ਦੇ ਮਾਡਲਾਂ ਦਾ ਜਾਇਜ਼ਾ ਲਿਆ ਗਿਆ। ਪ੍ਰਿੰਸੀਪਲ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਦੇ ਤਕਨੀਕੀ ਯੁੱਗ ਦੇ ਅਨੁਸਾਰ ਬੱਚਿਆਂ ਨੂੰ ਸਾਇੰਸ ਵਿਸ਼ੇ ਬਾਰੇ ਬਹੁਤ ਜ਼ਿਆਦਾ ਜਾਣਕਾਰੀ ਹੋਣੀ ਜ਼ਰੂਰੀ ਹੈ ਤਾਂ ਹੀ ਅਸੀਂ ਸਮੇਂ ਦੇ ਹਾਣੀ ਬਣ ਸਕਦੇ ਹਾਂ। ਸਾਡੇ ਦੇਸ਼ ਦੇ ਵਿਗਿਆਨੀ ਵੱਖ ਵੱਖ ਕਾਢਾਂ ਕੱਢ ਕੇ ਦੇਸ਼ ਨੂੰ ਤਰੱਕੀ ਦੇ ਰਾਹਾਂ 'ਤੇ ਲੈ ਕੇ ਗਏ ਹਨ। ਅਸੀਂ ਦੇਸ਼ ਦੇ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ ਨੂੰ ਭੁੱਲ ਨਹੀਂ ਸਕਦੇ, ਜਿਨ੍ਹਾਂ ਨੂੰ ਮਿਜ਼ਾਈਲਮੈਨ ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਬੱਚਿਆਂ ਵੱਲੋਂ ਬਣਾਏ ਗਏ ਮਾਡਲਾਂ ਦੀ ਪ੍ਰਸੰਸਾ ਵੀ ਕੀਤੀ। ਇਸ ਮੌਕੇ ਹਾਜ਼ਰ ਅਧਿਆਪਕਾਂ ਵਿੱਚ ਨਵੀਨ ਕੁਮਾਰ ਸਚਦੇਵਾ, ਅਜੇ ਕੁਮਾਰ, ਅਮਰਜੀਤ ਸਿੰਘ ਸੰਧੂ, ਸੁਨੀਤਾ ਅਗਰਵਾਲ, ਅਸ਼ਵਨੀ ਕੁਮਾਰ, ਅਮਰਿੰਦਰ ਸਿੰਘ, ਰਣਬੀਰ ਸਿੰਘ, ਕਿਰਨਦੀਪ ਕੌਰ ਤੇ ਗੁਰਵਿੰਦਰ ਕੌਰ ਆਦਿ ਹਾਜ਼ਰ ਸਨ।

# ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਦੀ ਕਲਮਛੋੜ ਹੜਤਾਲ 11ਵੇਂ ਦਿਨ ਵੀ ਜਾਰੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਸਟੇਟ ਮਨਿਸਟਰੀਅਲ ਸਰਵਸਿਜ਼ ਯੂਨੀਅਨ ਵੱਲੋਂ ਸੂਬਾ ਕਮੇਟੀ ਦੀ ਕਾਲ ਤੇ ਅੱਜ ਗਿਆਰ੍ਹਵੇਂ ਦਿਨ ਪੰਜਾਬ ਭਰ ਦੇ ਦਫਤਰਾਂ ਅਤੇ ਚੰਡੀਗੜ੍ਹ ਸਥਿਤ ਡਾਇਰੈਕਟੋਰੇਟ ਦਫਤਰਾਂ ਵਿੱਚ ਕਲਮਛੋੜ ਹੜਤਾਲ ਕੀਤੀ ਗਈ।

ਇਸ ਜ਼ਿਲ੍ਹੇ ਵਿੱਚ ਹੜਤਾਲ ਕਰਨ ਵਾਲੇ ਮੁੱਖ ਦਫਤਰਾਂ ਵਿੱਚ ਡੀ ਸੀ ਦਫਤਰ, ਸਮੂਹ ਐਸ ਡੀ ਐਮ ਦਫਤਰ, ਤਹਿਸੀਲਾਂ, ਇਰੀਗੇਸ਼ਨ ਵਿਭਾਗ, ਸਿੱਖਿਆ ਵਿਭਾਗ, ਟਰਾਂਸਪੋਰਟ ਵਿਭਾਗ, ਕਰ ਅਤੇ ਆਬਕਾਰੀ ਵਿਭਾਗ, ਖੇਤੀਬਾੜੀ ਵਿਭਾਗ, ਲੋਕ ਨਿਰਮਾਣ ਵਿਭਾਗ, ਮੱਛੀ ਪਾਲਣ ਵਿਭਾਗ, ਸਿਹਤ ਵਿਭਾਗ, ਖਜ਼ਾਨਾ ਵਿਭਾਗ, ਜ਼ਿਲ੍ਹਾ ਭਲਾਈ ਵਿਭਾਗ, ਸਮਾਜਿਕ ਸੁਰੱਖਿਆ ਦਫਤਰ, ਸਕੂਲ, ਕਾਲਜ, ਰੋਜ਼ਗਾਰ ਦਫਤਰ, ਆਈ ਟੀ ਆਈ ਪੌਲਿਟੈਕਨਿਕ, ਪਸ਼ੂ ਪਾਲਣ ਵਿਭਾਗ, ਬਾਗਬਾਨੀ ਵਿਭਾਗ, ਜ਼ਿਲ੍ਹਾ ਉਦਯੋਗ ਕੇਂਦਰ, ਸਮੂਹ ਬੀ ਪੀ ਈ ਓ ਦਫਤਰ, ਬੀ ਡੀ ਪੀ ਓ ਦਫਤਰ, ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ, ਸਹਿਕਾਰਤਾ ਵਿਭਾਗ, ਜੰਗਲੀ ਜੀਵ ਸੁਰੱਖਿਆ, ਵਣ ਵਿਭਾਗ ਆਦਿ ਸ਼ਾਮਲ ਸਨ। ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਅਨੀਰੁਧ ਮੋਦਗਿਲ ਅਤੇ ਜਨਰਲ ਸਕੱਤਰ ਜਸਵੀਰ ਸਿੰਘ ਧਾਮੀ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਬਿਆਨ ਰਾਹੀਂ ਦਿੱਤੀ ਗਈ। ਅੱਜ ਪੀ ਡਬਲਯੂ ਡੀ (ਬੀ ਐਂਡ ਆਰ) ਵਿਭਾਗ ਦੇ ਕੰਪਲੈਕਸ ਦੇ ਬਾਹਰ ਅਨੀਰੁਧ ਮੋਦਗਿਲ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਵਿੱਚ ਰੈਲੀ ਕੀਤੀ ਗਈ ,ਜਿਸ ਵਿੱਚ ਸੁਰਜੀਤ ਕੁਮਾਰ ਸੁਪਰਡੈਂਟ ਸੀਨੀਅਰ ਮੀਤ ਪ੍ਰਧਾਨ ਪੀ ਐਸ ਐਮ ਐਸ ਯੂ, ਪਰਮਜੀਤ ਸਿੰਘ, ਅਸ਼ਵਨੀ ਕੁਮਾਰ ਅਤੇ ਹੋਰ ਸਾਥੀਆਂ ਵਲੋਂ ਸੰਬੋਧਨ ਕੀਤਾ ਗਿਆ।

ਇਸ ਤੋਂ ਇਲਾਵਾ ਸਮੂਹ ਮਨਿਸਟੀਰੀਅਲ ਕਰਮਚਾਰੀ ਆਪਣੇ-ਆਪਣੇ ਵਿਭਾਗ ਵਿੱਚ ਜਥੇਬੰਦੀ ਦੇ ਐਕਸ਼ਨ ਨੂੰ ਕਾਮਯਾਬ ਕਰ ਰਹੇ ਹਨ, ਇਨਾਂ ਕਰਮਚਾਰੀਆਂ ਦੀਆਂ ਮੁੱਖ ਮੰਗਾਂ ਵਿੱਚ ਪੇਅ ਕਮਿਸ਼ਨ ਦਾ ਏਰੀਅਰ ਜਾਰੀ ਕਰਨਾ, ਪੁਰਾਣੀ ਪੈਨਸ਼ਨ ਬਹਾਲ ਕਰਾਉਣਾ, ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕਰਵਾਉਣਾ, ਪ੍ਰੋਬੇਸ਼ਨ ਪੀਰੀਅਡ ਦਾ ਸਮਾਂ ਘਟਾਉਣਾ, ਸੈਂਟਰ ਪੈਟਰਨ ਤੇ ਕੀਤੀ ਜਾ ਰਹੀ ਭਰਤੀ ਨੂੰ ਰੱਦ ਕਰਨਾ, ਟਾਈਪ ਟੈਸਟ ਦੀ ਥਾਂ ਕੰਪਿਊਟਰ ਟ੍ਰੇਨਿੰਗ ਲਾਗੂ ਕਰਨਾ, ਏ.ਸੀ.ਪੀ. ਸਕੀਮ ਨੂੰ ਲਾਗੂ ਕਰਨਾ, ਸਿੱਖਿਆ ਵਿਭਾਗ ਵਿੱਚ ਇੱਕ ਕਲਰਕ ਨੂੰ ਦੂਰ ਦੁਰਾਡੇ ਦਿੱਤੇ 2-2,3-3 ਸਟੇਸ਼ਨਾਂ ਦੇ ਹੁਕਮ ਵਾਪਸ ਲੈ ਕੇ ਘਰ ਦੇ ਨੇੜੇ ਇੱਕ ਸਟੇਸ਼ਨ ਦੇਣਾ ਆਦਿ ਸ਼ਾਮਲ ਹਨ। ਮੋਦਗਿਲ ਨੇ ਇਹ ਵੀ ਕਿਹਾ ਕਿ 19 ਅਕਤੂਬਰ ਨੂੰ ਠੀਕ ਸਮਾਂ ਸਵੇਰੇ 11.00 ਵਜੇ ਕਰਮਚਾਰੀ ਕਾਲੇ ਝੰਡੇ ਲੈ ਕੇ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਇਕੱਤਰ ਹੋਣਗੇ। ਸਮੂਹ ਕਰਮਚਾਰੀਆਂ ਵਲੋਂ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਤੋਂ ਮਿੰਨੀ ਸਕੱਤਰੇਤ ਹੁਸ਼ਿਆਰਪੁਰ ਤੱਕ ਵਹੀਕਲ ਰੋਸ ਮਾਰਚ ਕੱਢਿਆ ਜਾਵੇਗਾ ਜਿਸ ਵਿੱਚ ਭਰਾਤਰੀ ਜਥੇਬੰਦੀਆਂ ਨੂੰ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਸਰਕਾਰੀ ਸੈਕੰਡਰੀ ਸਕੂਲ ਲਾਂਬੜਾ 'ਚ ਸਾਇੰਸ ਮੇਲਾ ਲਗਾਇਆ




**ਜਲੰਧਰ (ਨਵਾਂ ਜ਼ਮਾਨਾ ਸਰਵਿਸ)**- 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰਾਜੈਕਟ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਾਂਬੜਾ (ਜਲੰਧਰ) ਵਿਖੇ ਪ੍ਰਿੰਸੀਪਲ ਸ੍ਰੀਮਤੀ ਨਿਸ਼ਾ ਅਮਰ ਦੀ ਅਗਵਾਈ ਅਤੇ ਸਾਇੰਸ ਅਧਿਆਪਕ ਸ੍ਰੀਮਤੀ ਸੰਦੀਪ ਕੌਰ ਅਤੇ ਮਿਸ ਕੰਵਲਦੀਪ ਕੌਰ ਦੀ ਦੇਖ-ਰੇਖ ਹੇਠ 'ਸਾਇੰਸ ਮੇਲਾ' ਲਗਾਇਆ ਗਿਆ। ਮੇਲੇ ਵਿੱਚ ਐੱਸ ਐੱਮ ਸੀ ਮੈਂਬਰ ਸ੍ਰੀਮਤੀ ਹਰਜੀਤ ਕੌਰ, ਜਸਵੀਰ ਕੌਰ, ਸੰਦੀਪ ਕੌਰ, ਪਿੰਕੀ ਅਤੇ ਬੱਚਿਆਂ ਦੇ ਮਾਪਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੇਲੇ ਦਾ ਨਿਰੀਖਣ ਬੀ ਐਮ ਤਿਲਕ ਰਾਜ ਨੇ ਕੀਤਾ। ਬੱਚਿਆਂ ਵੱਲੋਂ ਸਾਇੰਸ ਵਿਸ਼ੇ ਨਾਲ ਸੰਬੰਧਤ ਚਾਰਟ ਅਤੇ ਮਾਡਲ ਬਣਾ ਕੇ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਪ੍ਰਿੰਸੀਪਲ ਨਿਸ਼ਾ ਅਮਰ ਨੇ ਕਿਹਾ ਕਿ ਅਜਿਹੇ ਮੇਲੇ ਲਗਾਉਣ ਨਾਲ ਬੱਚਿਆਂ ਅੰਦਰ ਸਾਇੰਸ ਵਿਸ਼ੇ ਦੀ ਰੁਚੀ ਵਧੇਗੀ। ਆਏ ਹੋਏ ਪਤਵੰਤੇ ਸੱਜਣਾਂ ਨੇ ਬੱਚਿਆਂ ਦੀਆਂ ਕਿਰਿਆਵਾਂ ਸੰਬੰਧੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਮਿਸ ਊਸ਼ਾ ਰਾਣੀ, ਸ੍ਰੀਮਤੀ ਬਲਜਿੰਦਰ ਕੁਮਾਰੀ, ਸ੍ਰੀਮਤੀ ਮਧੂ ਬਾਲਾ, ਸ੍ਰੀਮਤੀ ਸੁਨੀਤਾ ਰਾਣੀ, ਸ੍ਰੀਮਤੀ ਮਨਬੀਰ ਕੌਰ, ਦਰਸ਼ਨ ਸਿੰਘ, ਵਰੁਣ ਵੋਹਰਾ, ਸ੍ਰੀਮਤੀ ਸੁਮਨਪ੍ਰੀਤ, ਮਿਸ ਸੁਖਦੀਪ, ਮਿਸ ਰਜਨੀ ਬਾਲਾ ਆਦਿ ਹਾਜ਼ਰ ਸਨ।

# ਪਤਨੀ ਤੋਂ ਤੰਗ ਆ ਕੇ ਕੀਤੀ ਖ਼ੁਦਕੁਸ਼ੀ

**ਨਵਾਂਸ਼ਹਿਰ, (ਮਨੋਜ ਲਾਡੀ)**-ਨਵਾਂਸ਼ਹਿਰ ਦੇ ਮੁਹੱਲੇ ਨਵੀਂ ਆਬਾਦੀ ਦੇ ਇਕ ਵਿਅਕਤੀ ਵਲੋਂ ਆਪਣੀ ਪਤਨੀ ਤੋਂ ਤੰਗ ਆਉਣ ਅਤੇ ਪੁਲਸ ਵਲੋਂ ਕੋਈ ਕਾਰਵਾਈ ਨਾ ਹੋਣ 'ਤੇ ਦੁਖੀ ਹੁੰਦਿਆਂ ਖ਼ੁਦਕੁਸ਼ੀ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਪੁਲਸ ਨਾਲ ਸੰਪਰਕ ਕਰ ਰਹੇ ਹਨ ਕਿ ਪੀੜਤਾਂ ਨੂੰ ਹੁਣ ਵੀ ਇਨਸਾਫ਼ ਨਾ ਦਿੱਤਾ ਗਿਆ ਤਾਂ ਉਹ ਜ਼ੋਰਦਾਰ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਹਾਲਾਤ ਦੀ ਜਾਂਚ ਕਰਨ ਵਾਸਤੇ ਡੀ ਐੱਸ ਪੀ ਨਵਾਂਸ਼ਹਿਰ ਰਣਜੀਤ ਸਿੰਘ ਬਦੇਸ਼ਾ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਪਹੁੰਚੇ, ਜਿਥੇ ਉਨ੍ਹਾਂ ਅਤੇ ਥਾਣਾ ਮੁਖੀ ਇੰਸਪੈਕਟਰ ਸਤੀਸ਼ ਕੁਮਾਰ ਨਾਲ ਆਗੂ ਸੁਰਿੰਦਰ ਸਿੰਘ ਬੈਂਸ,ਜਸਬੀਰ ਦੀਪ,ਰਾਜ ਕੁਮਾਰ ਸਭਰਵਾਲ,ਹਲਕਾ ਵਿਧਾਇਕ ਡਾ.ਨਛੱਤਰ ਪਾਲ,ਕੌਂਸਲਰ ਪਰਮ ਸਿੰਘ ਖ਼ਾਲਸਾ ਅਤੇ ਮੁਹੱਲਾ ਨਵੀਂ ਆਬਾਦੀ ਦੇ ਵਿਅਕਤੀਆਂ ਦੀ ਗੱਲਬਾਤ ਹੋਈ, ਜਿਸ ਵਿਚ ਆਗੂਆਂ ਨੇ ਕਿਹਾ ਕਿ ਜੇਕਰ ਪੁਲਸ ਵਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਅਤੇ ਪੀੜਤ ਵਿਅਕਤੀ ਦੀ ਪੁਲਸ ਵਲੋਂ ਸੰਤੁਸ਼ਟੀ ਕਰਵਾਈ ਹੁੰਦੀ ਤਾਂ ਅੱਜ ਉਸ ਨੂੰ ਆਪਣੀ ਜਾਨ ਨਾ ਗਵਾਉਣੀ ਪੈਂਦੀ ਜੋ ਕਿ ਘਰ ਵਿਚ ਇਕਲੌਤਾ ਹੀ ਸੀ,ਜਿਸ ਦੇ ਮਾਂ-ਬਾਪ ਪਹਿਲਾਂ ਹੀ ਦੁਨੀਆ ਤੋਂ ਜਾ ਚੁੱਕੇ ਸਨ। ਉਸ ਦੀ ਇਕ ਭੈਣ ਹੈ ਜੋ ਵਿਆਹੀ ਹੋਈ ਹੈ। ਉਨ੍ਹਾਂ ਕਿਹਾ ਕਿ ਪੁਲਸ ਇਸ ਮਾਮਲੇ ਚ ਬਿਨਾਂ ਕਿਸੇ ਭੇਦਭਾਵ ਦੇ ਜੋ ਵੀ ਕਾਰਵਾਈ ਬਣਦੀ ਹੈ ਉਸ ਨੂੰ ਅਮਲ ਵਿਚ ਲਿਆਵੇ ਅਤੇ ਕਿਸੇ ਵੀ ਧਿਰ ਨਾਲ ਕੋਈ ਧੱਕਾ ਨਾ ਕੀਤਾ ਜਾਵੇ। ਇਸ 'ਤੇ ਡੀ ਐੱਸ ਪੀ ਰਣਜੀਤ ਸਿੰਘ ਬਦੇਸ਼ਾ ਨੇ ਕਿਹਾ ਕਿ ਪੀੜਤ ਵਲੋਂ ਜੋ ਵੀ ਜਾਣਕਾਰੀ ਦਿੱਤੀ ਜਾਵੇਗੀ ਉਸ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ। ਇਸ ਉਪਰੰਤ ਮ੍ਰਿਤਕ ਸੁਨੀਲ ਕੁਮਾਰ ਪੁੱਤਰ ਸਵ.ਵਿਜੈ ਕੁਮਾਰ ਵਾਸੀ ਨਵੀਂ ਆਬਾਦੀ ਦੇ ਨਜ਼ਦੀਕੀ ਰਿਸ਼ਤੇਦਾਰ ਨੇ ਪੁਲਸ ਨੂੰ ਬਿਆਨ ਦਿੱਤਾ ਕਿ ਸੁਨੀਲ ਕੁਮਾਰ ਨੇ 3 ਅਕਤੂਬਰ ਨੂੰ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਦੀ ਪਤਨੀ ਉਸ ਦੇ ਬੱਚਿਆਂ ਨਾਲ ਜਿਨ੍ਹਾਂ ਦੀ ਉਮਰ ਲਗਭਗ 10 ਅਤੇ 5 ਸਾਲ ਹੈ, ਉਨ੍ਹਾਂ ਨੂੰ ਲੈ ਕੇ 30 ਸਤੰਬਰ ਦੇ ਦਿਨ ਘਰੋਂ ਚਲੇ ਗਈ। ਜਿਸ ਵਿਚ ਉਸ ਨੇ ਇਹ ਵੀ ਦੱਸਿਆ ਕਿ ਸੁਨੀਲ ਕੁਮਾਰ ਨੇ ਪੁਲਸ ਨੂੰ ਜਾਣਕਾਰੀ ਦਿੱਤੀ ਸੀ ਕਿ ਉਸ ਦੀ ਪਤਨੀ ਕਿਸੇ ਗੈਰ ਮਰਦ ਨਾਲ ਫ਼ੋਨ 'ਤੇ ਗੱਲਾਂ ਕਰਦੀ ਸੀ ਤੇ ਉਸ ਦੇ ਪੁੱਛਣ 'ਤੇ ਉਸ ਨੂੰ ਫ਼ੋਨ ਵੀ ਨਹੀਂ ਸੀ ਵਿਖਾਉਂਦੀ। ਉਸ ਨੇ ਦੱਸਿਆ ਕਿ ਪੁਲਸ ਨੇ ਸੁਨੀਲ ਕੁਮਾਰ ਵਲੋਂ ਦਿੱਤੇ ਗਏ ਫ਼ੋਨ ਨੰਬਰ ਦੀ ਜਾਂਚ ਕੀਤੀ ਤਾਂ ਉਹ ਅੰਮ੍ਰਿਤਸਰ ਦਾ ਆ ਰਿਹਾ ਸੀ ਪਰ ਵਾਰ-ਵਾਰ ਅਪੀਲਾਂ ਕਰਨ 'ਤੇ ਵੀ ਸੰਬੰਧਤ ਥਾਣੇਦਾਰ ਨੇ ਉਨ੍ਹਾਂ ਨੂੰ ਕੋਈ ਸਹਿਯੋਗ ਨਹੀਂ ਦਿੱਤਾ ਕਿ ਜਿਸ ਨਾਲ ਸੁਨੀਲ ਕੁਮਾਰ ਦੀ ਤਸੱਲੀ ਹੋ ਜਾਂਦੀ, ਉਹ ਆਪਣੇ ਬੱਚਿਆਂ ਨੂੰ ਮਿਲ ਲੈਂਦਾ। ਉਨ੍ਹਾਂ ਕਿਹਾ ਕਿ ਸੁਨੀਲ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਸ ਦੀ ਪਤਨੀ ਦੇ ਘਰੋਂ ਜਾਣ ਨਾਲ ਉਸ ਦੀ ਸਮਾਜ ਵਿਚ ਬਦਨਾਮੀ ਹੋਈ ਹੈ ਤੇ ਉਹ ਘੁਟਨ ਮਹਿਸੂਸ ਕਰ ਰਿਹਾ ਹੈ ਜਦਕਿ ਪੁਲਿਸ ਨੇ ਵੀ ਉਸ ਦੀ ਇਸ ਮਾਮਲੇ ਨੂੰ ਲੈ ਕੇ ਕੋਈ ਸੁਣਵਾਈ ਨਹੀਂ ਕੀਤੀ। ਥਾਣਾ ਮੁਖੀ ਇੰਸਪੈਕਟਰ ਸਤੀਸ਼ ਕੁਮਾਰ ਨੇ ਦੱਸਿਆ ਕਿ ਪੀੜਤਾਂ ਦੇ ਬਿਆਨ ਦੇ ਆਧਾਰ ਤੇ ਮ੍ਰਿਤਕ ਦੀ ਪਤਨੀ ਅਤੇ ਇਕ ਅਣਪਛਾਤੇ ਵਿਅਕਤੀ ਖ਼ਿਲਾਫ਼ ਥਾਣਾ ਸਿਟੀ ਨਵਾਂਸ਼ਹਿਰ ਵਿਖੇ ਮੁਕੱਦਮਾ ਨੰਬਰ 177 ਅਧੀਨ ਧਾਰਾ 306 ਆਈ ਪੀ ਸੀ ਦਰਜ ਰਜਿਸਟਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪੀੜਤਾਂ ਪਾਸ ਅੱਜ ਸਮਾਂ ਨਾ ਹੋਣ ਕਰ ਕੇ ਸੁਨੀਲ ਕੁਮਾਰ ਦੀ ਮ੍ਰਿਤਕ ਦੇਹ ਦਾ ਪੋਸਟ ਮਾਰਟਮ ਕਰਵਾਇਆ ਜਾਵੇਗਾ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਵਿੱਦਿਅਕ ਟੂਰ ਲਗਾਇਆ



**ਕਪੂਰਥਲਾ ( ਹਨੀ )** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਵਿਖੇ ਵਿਦਿਅਕ ਟੂਰ 'ਤੇ ਲਿਜਾਇਆ ਗਿਆ । ਇਸ ਦੌਰਾਨ ਵਿਦਿਆਰਥੀਆਂ ਅੰਮ੍ਰਿਤਸਰ ਦੇ ਸਾਡਾ ਪਿੰਡ ਨੂੰ ਦੇਖਿਆ, ਜਿੱਥੇ ਬੱਚਿਆਂ ਨੇ ਪੰਜਾਬ ਦੇ ਅਲੋਪ ਹੋ ਸੱਭਿਆਚਾਰ ਦੀ ਜਾਣਕਾਰੀ ਹਾਸਲ ਕੀਤੀ । ਇਸ ਦੌਰਾਨ ਉਨ੍ਹਾਂ ਮੌਤ ਦਾ ਖੂਹ, ਗਤਕਾ, ਬਿਓਸਕਾਪ, ਦੁਨੀਆ ਦਾ ਸਭ ਤੋਂ ਵੱਡਾ ਮੰਜਾ, ਮਿੱਟੀ ਦੇ ਭਾਂਡੇ ਬਨਾਉਣੇ, ਮੱਕੀ ਦੇ ਦਾਣੇ ਭੁੰਨਣੇ, ਚਰਖਾ ਕੱਤਨਾ, ਦੁੱਧ ਚੋਣਾ, ਲੋਹ 'ਤੇ ਰੋਟੀ ਲਾਹੁਣੀ ਆਦਿ ਸਿੱਖਿਆ । ਇਸ ਦੌਰਾਨ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਸਰੋਂ ਦਾ ਸਾਗ, ਮੱਕੀ ਦੀ ਰੋਟੀ ਖਾਧੀ ਅਤੇ ਚਾਟੀ ਦੀ ਲੱਸੀ ਦਾ ਆਨੰਦ ਮਾਣਿਆ । ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਨੇ ਦੱਸਿਆ ਕਿ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਆਪਣੇ ਸੱਭਿਆਚਾਰ ਬਾਰੇ ਜਾਣਕਾਰੀ ਹੋਣਾ ਬਹੁਤ ਜਰੂਰੀ ਹੈ ਅਤੇ ਇਸੇ ਉਦੇਸ ਦੀ ਪੂਰਤੀ ਲਈ ਵਿਦਿਆਰਥੀਆਂ ਨੂੰ ਅੰਮ੍ਰਿਤਸਰ ਦੇ ਸਾਡਾ ਪਿੰਡ ਵਿਖੇ ਲਿਜਾਇਆ ਗਿਆ ।

## ਸਤਲੁਜ ਪ੍ਰੈੱਸ ਕਲੱਬ ਸੁਖਸਾਲ ਦੀ ਵਿਸ਼ੇਸ਼ ਮੀਟਿੰਗ

**ਭਲਾਣ (ਵਿੱਲੋਂ)** ਸਤਲੁਜ ਪ੍ਰੈੱਸ ਕਲੱਬ ਸੁਖਸਾਲ ਦੀ ਵਿਸੇਸ ਮੀਟਿੰਗ ਹੋਈ ਜਿਸ ਵਿਚ ਸਮੂਹ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕਲੱਬ ਵਲੋਂ ਸਮਾਜ ਭਲਾਈ ਦੇ ਨਿਰੰਤਰ ਕੀਤੇ ਜਾ ਰਹੇ ਕੰਮਾਂ ਸੰਬਧੀ ਵਿਚਾਰਾਂ ਕੀਤੀਆਂ ਗਈਆਂ । ਕਲੱਬ ਵਲੋਂ ਹਰ ਸਾਲ ਨਵੋਦਿਆ ਅਪਲਾਈ ਵਿਦਿਆਰਥੀਆਂ ਲਈ ਲਗਾਏ ਜਾ ਰਹੇ ਮੁਫਤ ਕੋਚਿੰਗ ਕੈਂਪ ਲਗਾਉਣ ਲਈ ਵਿਚਾਰ ਕੀਤੀ ਗਈ। ਕਲੱਬ ਮੈਂਬਰਾਂ ਨੇ ਦਸਿਆ ਕਿ ਹਰ ਸਾਲ ਇਸ ਕੈਂਪ ਦਾ ਵਿਦਿਆਰਥੀ ਲਾਭ ਲੈ ਰਹੇ ਹਨ ਇਸ ਸਾਲ ਵੀ ਇਹ ਕੈਂਪ ਜਲਦ ਲਗਾਇਆ ਜਾਵੇਗਾ ਤਾਂ ਕਿ ਬੱਚੇ ਪੂਰੀ ਤਿਆਰੀ ਕਰ ਕੇ ਨਵੋਦਿਆ ਟੈਸਟ ਦੇਣ ਲਈ ਪਰਪੱਕ ਹੋ ਜਾਣ। ਇਸ ਮੌਕੇ ਕਲੱਬ ਪ੍ਰਧਾਨ ਤੋਂ ਇਲਾਵਾ ਸਮੂਹ ਮੈਂਬਰ ਹਾਜਰ ਸਨ।

# ਜ਼ਿਲ੍ਹਾ ਭਾਸ਼ਾ ਦਫਤਰ ਵੱਲੋਂ ਕਰਵਾਏ ਪ੍ਰਸ਼ਨੋਤਰੀ ਮੁਕਾਬਲੇ ਰਹੇ ਸ਼ਾਨਦਾਰ



**ਹੁਸ਼ਿਆਰਪੁਰ, (ਓ ਪੀ ਰਾਣਾ )** ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਗੁਰਮੀਤ ਮੀਤ ਹੇਅਰ ਦੀ ਰਹਿਨੁਮਾਈ, ਸੰਯੁਕਤ ਡਾਇਰੈਕਟਰ, ਭਾਸ਼ਾ ਵਿਭਾਗ ਡਾ. ਵੀਰਪਾਲ ਕੌਰ ਦੇ ਦਿਸ਼ਾ ਨਿਰਦੇਸ਼ ਅਤੇ ਡਾ. ਜਸਵੰਤ ਰਾਏ ਖੋਜ ਅਫਸਰ ਦੀ ਅਗਵਾਈ ਵਿੱਚ ਸਥਾਨਕ ਸੀਨੀਅਰ ਸਕੈਂਡਰੀ ਸਕੂਲ ਰੇਲਵੇ ਮੰਡੀ ਵਿੱਚ ਕਰਵਾਏ ਗਏ ਵੱਖਵੱਖ ਵਰਗਾਂ ਦੇ ਬਾਲ ਸਾਹਿਤ ਪ੍ਰਸ਼ਨੋਤਰੀ ਮੁਕਾਬਲੇ ਸ਼ਾਨਦਾਰ ਹੋ ਨਿਬੜੇ। ਇਨ੍ਹਾਂ ਮੁਕਾਬਲਿਆਂ ਦੇ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਪ੍ਰਿੰ. ਲਲਿਤਾ ਅਰੋੜਾ ਅਤੇ ਸੰਤੋਖ ਸਿੰਘ ਕਾਲਕਟ ਨਾਸਾ ਵਿਗਿਆਨੀ ਤੇ ਯੂ. ਐੱਨ.ਓ. ਦੇ ਕਾਰਜ ਕਰਤਾ ਰਹੇ ਨੇ ਸਾਂਝੇ ਤੌਰ 'ਤੇ ਕੀਤੀ। ਸਕੂਲ ਦੇ ਵਿਹੜੇ ਰਚਾਏ ਸਮਾਗਮ ਵਾਸਤੇ ਭਾਸ਼ਾ ਵਿਭਾਗ ਲਈ ਜੀ ਆਇਆਂ ਤੇ ਧੰਨਵਾਦੀ ਸ਼ਬਦ ਆਖੇ ਪ੍ਰਿੰ. ਲਲਿਤਾ ਅਰੋੜਾ ਨੇ ਆਖੇ। ਕਾਲਕਟ ਨੇ ਆਪਣੀ ਜ਼ਿੰਦਗੀ ਦੇ ਲੰਬੇ ਅਭਿਆਸ 'ਚੋਂ ਮਿਹਨਤ ਤੇ ਲਗਨ ਨਾਲ ਕੰਮ ਕਰਕੇ ਕਿਵੇਂ ਉੱਚੀਆਂ ਮੰਜ਼ਿਲਾਂ ਸਰ ਕੀਤੀਆਂ ਜਾ ਸਕਦੀਆਂ ਹਨ ਬਾਰੇ ਸੰਖੇਪ ਗੱਲਾਂ ਕੀਤੀਆਂ। ਇਨ੍ਹਾਂ ਮੁਕਾਬਲਿਆਂ 'ਚੋਂ ਓ ਵਰਗ ਛੇਵੀਂ ਤੋਂ ਅੱਠਵੀਂ ਵਿੱਚ ਪਹਿਲਾ ਸਥਾਨ ਅਵਨੀਤ ਕੌਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ, ਦੂਜਾ ਸਥਾਨ ਤਰਨਪ੍ਰੀਤ ਸਿੰਘ ਸ.ਮਿ.ਸ. ਚੱਕ ਗੁੱਜਰਾਂ,ਤੀਜਾ ਸਥਾਨ ਸਰਪ੍ਰੀਤ ਕੌਰ ਡਿਪਸ ਟਾਂਡਾ,ਅ ਵਰਗ ਨੌਵੀਂ ਤੋਂ ਬਾਰਵੀਂ ਵਿੱਚ ਪਹਿਲਾ ਸਥਾਨ ਗੁਰਨੂਰ ਕੌਰ ਡਿਪਸ ਟਾਂਡਾ, ਦੂਜਾ ਸਥਾਨ ਅਤੇ ਤੀਜਾ ਸਥਾਨ ਕ੍ਰਮਵਾਰ ਖੁਸ਼ਪ੍ਰੀਤ ਕੌਰ ਅਤੇ ਜੈ ਸ਼ਰਮਾ ਖਾਲਸਾ ਕਾਲਜੀਏਟ ਸਕੂਲ ਮਾਹਿਲਪੁਰ, ੲ ਵਰਗ ਗ੍ਰੈਜੂਏਸ਼ਨ ਦੇ ਵਿਦਿਆਰਥੀਆਂ 'ਚੋਂ ਪਹਿਲਾ ਸਥਾਨ ਅਤੇ ਦੂਜਾ ਸਥਾਨ ਕ੍ਰਮਵਾਰ ਸੁਖਮੀਨ ਬੰਗਾ ਅਤੇ ਗੁਰਪ੍ਰੀਤ ਕੌਰ ਸਰਕਾਰੀ ਕਾਲਜ ਹੁਸ਼ਿਆਰਪੁਰ ਨੇ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਦਾ ਜ਼ਿਲ੍ਹਾ ਭਾਸ਼ਾ ਦਫਤਰ ਹੁਸ਼ਿਆਰਪੁਰ ਵਲੋਂ ਸਨਮਾਨ ਪੱਤਰ ਤੇ ਨਗਦ ਰਾਸ਼ੀ ਦੇ ਕੇ ਸਨਮਾਨ ਕੀਤਾ ਗਿਆ। ਡਾ. ਜਸਵੰਤ ਰਾਏ ਨੇ ਭਾਸ਼ਾ ਵਿਭਾਗ ਵਲੋਂ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਪ੍ਰਤੀ ਰੁਚੀ ਪੈਦਾ ਕਰਨ ਲਈ ਇਵੇਂ ਦੇ ਕੀਤੇ ਜਾ ਰਹੇ ਪ੍ਰੋਗਰਾਮਾਂ ਸਬੰਧੀ ਬੜੇ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਭਾਸ਼ਾ ਵਿਭਾਗ ਦਫਤਰ ਵਲੋਂ ਤੋਖ ਸਿੰਘ ਕਾਲਕਟ, ਉਨ੍ਹਾਂ ਦੀ ਧਰਮ ਪਤਨੀ ਤੇ ਰੇਲਵੇ ਮੰਡੀ ਸਕੂਲ ਦੇ ਸਾਬਕਾ ਵਿਦਿਆਰਥਣ ਮੈਡਮ ਗੁਰਪ੍ਰੀਤ ਕੌਰ ਤੇ ਪ੍ਰਿੰ. ਲਲਿਤਾ ਅਰੋੜਾ ਦਾ ਮਹਾਨ ਕੋਸ਼ ਤੇ ਲੋਈਆਂ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਜੁਗਲ ਕਿਸ਼ੋਰ , ਇਕਬਾਲ ਕੌਰ, ਪਵਨ ਕੁਮਾਰ, ਡਾ. ਅਰਮਨਪ੍ਰੀਤ ਸਿੰਘ, ਪ੍ਰੋ. ਰਣਜੀਤ ਸਿੰਘ, ਰੋਮਾ ਦੇਵੀ, ਸਕੂਲ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ।

## ਖ਼ਾਲਸਾ ਕਾਲਜ ਦੇ ਵਿਦਿਆਰਥੀ ਉਦੈ ਸਿੰਘ ਠਾਕੁਰ ਨੇ ਪੰਜਾਬ ਸਟੇਟ ਸ਼ੂਟਿੰਗ ਚੈਂਪੀਅਨ ਜਿੱਤੀ



**ਜਲੰਧਰ -(ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਇਥੋਂ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਉੱਚ ਪ੍ਰਾਪਤੀਆਂ ਲਈ ਜਾਣੇ ਜਾਂਦੇ ਹਨ। ਖੇਡਾਂ ਦੇ ਖੇਤਰ ਵਿੱਚ ਪ੍ਰਾਪਤੀਆਂ ਦਾ ਸਫ਼ਰ ਜਾਰੀ ਰੱਖਦਿਆਂ ਕਾਲਜ ਦੇ ਵਿਦਿਆਰਥੀ ਉਦੈ ਸਿੰਘ ਠਾਕੁਰ ਨੇ 51ਵੀਂ ਪੰਜਾਬ ਸਟੇਟ ਸ਼ੂਟਿੰਗ ਚੈਂਪੀਅਨ 2022 ਜਿੱਤ ਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਵਿਦਿਆਰਥੀ ਦੀ ਇਸ ਪ੍ਰਾਪਤੀ 'ਤੇ ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਨੇ ਉਸਨੂੰ ਵਧਾਈ ਦਿੱਤੀ ਅਤੇ ਕਾਲਜ ਵਿਖੇ ਸਨਮਾਨਿਤ ਵੀ ਕੀਤਾ। ਪ੍ਰਿੰਸੀਪਲ ਡਾ. ਸਮਰਾ ਨੇ ਦੱਸਿਆ ਕਿ ਵਿਦਿਆਰਥੀ ਉਦੈ ਸਿੰਘ ਨੇ ਜੂਨੀਅਰ ਕੈਟੇਗਰੀ ਵਿੱਚ 616.7 ਸਕੋਰ ਪ੍ਰਾਪਤ ਕਰਕੇ ਇਹ ਪ੍ਰਾਪਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ਼ੂਟਿੰਗ ਮੁਕਾਬਲੇ ਮੋਹਾਲੀ ਫੇਸ-6 ਵਿਖੇ ਹੋਏ ਸਨ। ਉਨ੍ਹਾਂ ਦੱਸਿਆ ਕਿ ਕਾਲਜ ਦਾ ਖੇਡ ਵਿਭਾਗ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਕੇ ਖੇਡਾ ਦੇ ਖੇਤਰ ਵਿਚ ਆਪਣਾ ਵਿਲੱਖਣ ਤੇ ਉੱਤਮ ਯੋਗਦਾਨ ਪਾ ਰਿਹਾ ਹੈ। ਡਾ. ਐਸ.ਐਸ. ਬੈਂਸ, ਡੀਨ ਸਪੋਰਟਸ ਨੇ ਵੀ ਇਸ ਮੌਕੇ ਖਿਡਾਰੀ ਵਿਦਿਆਰਥੀ ਨੂੰ ਵਧਾਈ ਦਿੱਤੀ ਅਤੇ ਕਾਲਜ ਮੈਨੇਜਮੈਂਟ ਤੇ ਪ੍ਰਿੰਸੀਪਲ ਡਾ. ਸਮਰਾ ਦਾ ਵਿਦਿਆਰਥੀਆਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਲਈ ਧੰਨਵਾਦ ਵੀ ਕੀਤਾ। ਉਨਾਂ ਕਿਹਾ ਕਿ ਉੱਚ ਦਰਜੇ ਦੇ ਵਿਦਿਆਰਥੀ ਖਿਡਾਰੀਆਂ ਨੂੰ ਹੋਸਟਲ, ਖਾਣਾ ਤੇ ਹੋਰ ਲੋੜੀਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸ ਮੌਕੇ ਅੰਮ੍ਰਿਤ ਲਾਲ ਸੈਣੀ ਵੀ ਹਾਜ਼ਰ ਸਨ।

# 22 ਗ੍ਰਾਮ ਨਸ਼ੀਲੇ ਪਾਊਡਰ ਸਮੇਤ ਨੌਜਵਾਨ ਕਾਬੂ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:- ਜ਼ਿਲ੍ਹਾ ਪ੍ਰਮੁੱਖ ਐਸ ਐਸ ਪੀ ਵਿਵੇਕ ਸ਼ੀਲ ਸੋਨੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਖਰੜ ਜੋਨ 2 ਮੁੱਲਾਂਪੁਰ ਦੇ ਡੀਐਸਪੀ ਧਰਮਵੀਰ ਸਿੰਘ ਦੀ ਅਗਵਾਈ ਹੇਠ ਜਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਦੇ ਮਨੋਰਥ ਨਾਲ ਅਰੰਭੀ ਮੁਹਿਮ ਦੇ ਤਹਿਤ ਸਦਰ ਥਾਣਾ ਮੁੱਖੀ ਭਗਤਵੀਰ ਸਿੰਘ ਵੱਲੋਂ ਇਲਾਕੇ ਵਿੱਚ ਨਸ਼ਾ ਤਸਕਰਾਂ ਵਿਰੁੱਧ ਵਿੱਢੀ ਮੁਹਿਮ ਤਹਿਤ ਪੁਲਸ ਪਾਰਟੀ ਵੱਲੋਂ ਇੱਕ ਵਿਅਕਤੀ ਨੂੰ 22 ਗ੍ਰਾਮ ਚਿੱਟੇ ਰੰਗ ਦੇ ਨਸ਼ੀਲੇ ਪਾਊਡਰ ਸਮੇਤ ਕਾਬੂ ਕਰਦੇ ਹੋਏ ਉਸ ਦੇ ਖਿਲਾਫ਼ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਲਈ ਗਈ । ਇਸ ਸੰਬੰਧੀ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਸਥਾਨਕ ਸਦਰ ਥਾਣੇ ਦੇ ਐਸ ਐਚ ਓ ਭਗਤਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਾਲੀ ਪੁਲਸ ਪਾਰਟੀ ਇੱਕ ਵਿਅਕਤੀ ਨੂੰ 22 ਗ੍ਰਾਮ ਚਿੱਟੇ ਰੰਗ ਦੇ ਨਸ਼ੀਲੇ ਪਾਊਡਰ ਸਮੇਤ ਕਾਬੂ ਕਰਨ ਵਿਚ ਸਫ਼ਲਤਾ ਹਾਸਿਲ ਕੀਤੀ ਹੈ । ਪੁਲਸ ਵੱਲੋਂ ਉਸ ਦੇ ਖਿਲਾਫ਼ ਐਨ ਡੀ ਪੀ ਐਸ ਐਕਟ ਦੇ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਦਿੱਤੀ ਗਈ ਹੈ। ਐਸ ਐਚ ਓ ਭਗਤਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਾਲੀ ਪੁਲਿਸ ਪਾਰਟੀ ਦੀ ਟੀਮ ਸਥਾਨਕ ਸਦਰ ਥਾਣੇ ਦੀ ਹੱਦ ਅੰਦਰ ਪੈਂਦੇ ਪਿੰਡ ਨਿਹੋਲਕਾ ਵੱਲ ਨੂੰ ਗਸ਼ਤ ਕਰ ਰਹੀ ਸੀ ਤੇ ਨਿਹੋਲਕਾ ਰੋਡ 'ਤੇ ਇੱਕ ਚਿੱਟੇ ਰੰਗ ਦੀ ਕਾਰ ਸੜਕ ਦੇ ਕਿਨਾਰੇ ਖੜੀ ਮਿਲੀ ਜਿਸ ਦੀ ਇੱਕ ਤਾਕੀ ਖੁੱਲੀ ਸੀ । ਉਸ ਕਾਰ ਦੇ ਨਾਲ ਲੱਗ ਕੇ ਇੱਕ ਮੋਨਾ ਵਿਅਕਤੀ ਖੜ੍ਹਾ ਸੀ, ਜੋ ਕਿ ਪੁਲਸ ਦੀ ਗੱਡੀ ਨੂੰ ਦੇਖਕੇ ਘਬਰਾ ਗਿਆ ਤੇ ਉਸ ਨੇ ਆਪਣੀ ਜੇਬ ਵਿਚੋਂ ਇੱਕ ਲਿਫ਼ਾਫਾ ਨੇੜੇ ਖੇਤਾਂ ਵਿਚ ਸੁੱਟਦੇ ਹੋਏ ਉੱਥੋਂ ਭੱਜਣ ਦੀ ਨਾਕਾਮਯਾਬ ਕੋਸ਼ਿਸ ਕੀਤੀ ਪਰ ਉਨ੍ਹਾਂ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਉਸ ਨੂੰ ਕਾਬੂ ਕਰ ਲਿਆ । ਉਸ ਵੱਲੋਂ ਖੇਤਾਂ ਵਿਚ ਸੁੱਟਿਆ ਲਿਫ਼ਾਫਾ ਚੈਕ ਕੀਤਾ ਗਿਆ ਤਾਂ ਉਸ ਵਿਚੋਂ ਚਿੱਟੇ ਰੰਗ ਦਾ ਕੋਈ ਨਸ਼ੀਲਾ ਪਾਊਡਰ ਬਰਾਮਦ ਹੋਇਆ । ਕਾਬੂ ਕੀਤੇ ਗਏ ਵਿਅਕਤੀ ਦੀ ਪਹਿਚਾਣ ਗੁਰਦੀਪ ਸਿੰਘ ਹਨੀ ਵਾਸੀ ਮੁੰਧੋ ਸੰਗਤੀਆਂ ਵੱਜੋਂ ਹੋਈ ਹੈ ।

## ਕੁਲਵੰਤ ਕੌਰ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 21 ਨੂੰ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:- ਐਡਵੋਕੇਟ ਗੁਰਤੇਜ ਸਿੰਘ ਖਿਜਰਾਬਾਦ ਜਿਨ੍ਹਾਂ ਦੇ ਮਾਤਾ ਸ੍ਰੀ ਮਤੀ ਕੁਲਵੰਤ ਕੌਰ ਬੀਤੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ, ਉਨ੍ਹਾਂ ਨਮਿੱਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ 21 ਅਕਤੂਬਰ ਨੂੰ ਗੁਰਦੁਆਰਾ ਬਾਬਾ ਜੋਰਾਵਰ ਸਿੰਘ ਪਿੰਡ ਖਿਜਰਾਬਾਦ ਜ਼ਿਲ੍ਹਾ ਮੁਹਾਲੀ ਵਿਖੇ ਪਾਏ ਜਾਣਗੇ। ਜਾਣਕਾਰੀ ਦਿੰਦਿਆਂ ਪਰਵਾਰਕ ਮੈਂਬਰਾਂ ਐਡਵੋਕੇਟ ਗੁਰਤੇਜ ਸਿੰਘ, ਹਰਪਾਲ ਸਿੰਘ (ਪਤੀ), ਗੁਰਨਾਮ ਸਿੰਘ, ਗੁਰਦੀਪ ਸਿੰਘ (ਮੰਡੀ ਸੁਪਰਵਾਇਜ਼ਰ) ਨੇ ਦੱਸਿਆ ਕਿ 21 ਅਕਤੂਬਰ, ਸ਼ੁੱਕਰਵਾਰ 12 ਵਜੇ ਤੋਂ 12:30 ਕੀਰਤਨ ਤੇ ਅੰਤਿਮ ਅਰਦਾਸ ਹੋਵੇਗੀ । ਉਪਰੰਤ 1 ਵਜੇ ਤੱਕ ਸ਼ਰਧਾਜਲੀ ਸਮਾਗਮ ਹੋਵੇਗਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

## ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸਕੂਲ ਆਫ਼ ਮੈਡੀਕਲ ਸਾਇੰਸ ਦਾ ਉਦਯੋਗਿਕ ਦੌਰਾ



**ਜਲੰਧਰ (ਸ਼ੈਲੀ ਐਲਬਰਟ)**-ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਟ ਦੇ ਸਕੂਲ ਆਫ਼ ਮੈਡੀਕਲ ਸਾਇੰਸ ਨੇ ਵਿਦਿਆਰਥੀਆਂ ਲਈ ਪਿਮਸ ਹਸਪਤਾਲ ਜਲੰਧਰ ਵਿਖੇ ਉਦਯੋਗਿਕ ਦੌਰਾ ਆਯੋਜਿਤ ਕੀਤਾ ਗਿਆ। ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਮੈਡੀਕਲ ਉਦਯੋਗ ਦੇ ਵਿਹਾਰਕ ਕਾਰਜਸ਼ੀਲ ਵਾਤਾਵਰਣ ਬਾਰੇ ਜਾਣੂੰ ਕਰਵਾਉਣਾ ਅਤੇ ਉਨ੍ਹਾਂ ਨੂੰ ਮੈਡੀਕਲ ਲੈਬਾਰਟਰੀ ਦੀਆਂ ਨਵੀਆਂ ਤਕਨੀਕਾਂ ਤੋਂ ਜਾਣੂੰ ਕਰਵਾਉਣਾ ਸੀ। ਵਿਦਿਆਰਥੀਆਂ ਨੇ ਪਿਮਸ ਹਸਪਤਾਲ ਦੇ ਬਲੱਡ ਬੈਂਕ, ਮਾਈਕ੍ਰੋਬਾਇਓਲੋਜੀ ਮਿਊਜ਼ੀਅਮ, ਬਾਇਓਕੈਮਿਸਟਰੀ ਲੈਬ ਅਤੇ ਪੈਥੋਲੋਜੀ ਮਿਊਜ਼ੀਅਮ ਦਾ ਦੌਰਾ ਕੀਤਾ। । ਡਾ. ਐਚ.ਐਸ. ਲਾਂਬਾ (ਮੁੱਖੀ, ਬਲੱਡ ਬੈਂਕ ਵਿਭਾਗ) ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਇਨਫੈਕਸ਼ਨ ਕੰਟਰੋਲ ਵਿਧੀਆਂ ਜਿਵੇਂ ਕਿ ਲੈਬਾਰਟਰੀ ਹਾਈਜੀਨ, ਨੀਡਲ ਸਟਿੱਕ ਇੰਜਰੀ ਅਤੇ ਹੱਥ ਧੋਣ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ।। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਸ ਨੇਕ ਪੇਸ਼ੇ ਵਿੱਚ ਉਨ੍ਹਾਂ ਦੇ ਉੱਤਮ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਨੇ ਉਦਯੋਗ ਦੇ ਮੌਜੂਦਾ ਕੰਮ ਦੇ ਤਰੀਕਿਆਂ ਅਤੇ ਰੋਜ਼ਗਾਰ ਅਭਿਆਸਾਂ ਬਾਰੇ ਸਿੱਖਿਆ ਹਾਸਿਲ ਕੀਤੀ।

ਮਿਸ ਸ਼ੰਭਵੀ ਠਾਕੁਰ ਅਤੇ ਮਿਸ ਮਨਪ੍ਰੀਤ ਕੌਰ, ਸਹਾਇਕ ਪ੍ਰੋਫੈਸਰ, ਸਕੂਲ ਆਫ਼ ਮੈਡੀਕਲ ਸਾਇੰਸ ਵਿਜ਼ਿਟ ਦੌਰਾਨ ਵਿਦਿਆਰਥੀਆਂ ਦੇ ਨਾਲ ਸਨ।।

# 'ਔਰਤ ਦੀ ਹਕੀਕੀ ਬਰਾਬਰੀ' ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਸੈਮੀਨਾਰ



**ਜਲੰਧਰ (ਕੇਸਰ)**-'ਔਰਤ ਮੁਕਤੀ ਮੋਰਚਾ' ਦੀ ਪੰਜਾਬ ਇਕਾਈ ਵੱਲੋਂ, 'ਦੇਸ਼ ਭਗਤ ਯਾਦਗਾਰ' ਜਲੰਧਰ ਦੇ 'ਗਦਰੀ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ' ਵਿੱਚ, "ਔਰਤ ਦੀ ਹਕੀਕੀ ਬਰਾਬਰੀ" ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਸੈਮੀਨਾਰ ਕੀਤਾ ਗਿਆ। ਰੇਲ ਮੁਲਾਜ਼ਮਾਂ ਦੇ ਸਤਿਕਾਰਤ ਆਗੂ ਸਾਥੀ ਟੀ.ਆਰ. ਗੌਤਮ ਦੀ ਧਰਮ ਪਤਨੀ, ਉੱਘੀ ਇਸਤਰੀ ਕਾਰਕੁੰਨ ਮਰਹੂਮ ਤ੍ਰਿਪਤਾ ਦੇਵੀ ਗੌਤਮ ਦੇ ਜਨਮ ਦਿਵਸ ਨੂੰ ਸਮਰਪਿਤ ਇਸ ਸੈਮੀਨਾਰ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਪ੍ਰੋ. ਸੁਰਿੰਦਰ ਕੌਰ, ਡਾਕਟਰ ਰਘਬੀਰ ਕੌਰ ਅਤੇ ਜਸਬੀਰ ਕੌਰ ਤਰਨਤਾਰਨ ਨੇ ਕੀਤੀ। ਮੰਚ 'ਤੇ ਪ੍ਰੋ. ਪਰਮਜੀਤ ਕੌਰ ਲੁਧਿਆਣਾ, ਸੁਨੀਤਾ ਫਿਲੌਰ, ਕੰਚਨ ਸਿੰਘ, ਬੀਬੀ ਅਜੀਤ ਕੌਰ ਕੋਟ ਰਜ਼ਾਦਾ ਅਤੇ ਬੀਬੀ ਤ੍ਰਿਪਤਾ ਗੌਤਮ ਦੀ ਹੋਣਹਾਰੀ ਬੇਟੀ ਅਰੁਣਾ ਸ਼ਰਮਾ ਵੀ ਮੌਜੂਦ ਸਨ। ਮੰਚ ਸੰਚਾਲਕ ਦੇ ਫਰਜ਼ ਹਰਿੰਦਰਪਾਲ ਕੌਰ ਬੁਟਾਰੀ ਨੇ ਬਾਖੂਬੀ ਨਿਭਾਏ।

ਮੁੱਖ ਵਕਤਾ ਜਸ਼ਨ ਪ੍ਰੀਤ ਕੌਰ, ਰੀਸਰਚ ਸਕਾਲਰ 'ਪੰਜਾਬ ਯੂਨੀਵਰਸਿਟੀ ਚੰਡੀਗੜ੍ਹ' ਨੇ ਆਪਣੇ ਕੁੰਜੀਵਤ ਭਾਸ਼ਣ 'ਚ ਇਸਤਰੀਆਂ ਖਿਲਾਫ਼ ਹੁੰਦੇ ਹਰ ਕਿਸਮ ਦੇ ਅੱਤਿਆਚਾਰਾਂ ਤੇ ਵਿਤਕਰਿਆਂ ਦੇ ਖਾਤਮੇ ਤੇ ਹਰ ਖੇਤਰ 'ਚ ਸਮਾਨ ਅਧਿਕਾਰਾਂ ਦੀ ਪ੍ਰਾਪਤੀ ਲਈ ਜੱਥੇਬੰਦ ਹੋਕੇ ਬੱਝਵੇਂ ਸੰਘਰਸ਼ ਵਿੱਢਣ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਕਤ ਨਿਸ਼ਾਨੇ ਦੀ ਪੂਰਤੀ ਲਈ ਇਸਤਰੀਆਂ ਨੂੰ 'ਕਾਰਪੋਰੇਟ ਪੱਖੀ ਫਿਰਕੂ-ਫਾਸ਼ੀਵਾਦੀ ਸੱਤਾ' ਤੋਂ ਮੁਕਤੀ ਦੇ ਲੋਕ ਪੱਖੀ ਸੰਗਰਾਮਾਂ ਦਾ ਅਟੁੱਟ ਅੰਗ ਬਣਨਾ ਪਵੇਗਾ। ਉਨ੍ਹਾਂ ਕਿਹਾ ਕਿ ਭਾਰਤੀ ਨਾਰੀਆਂ ਦੇ ਅਜੋਕੇ ਸੰਘਰਸ਼ ਦਾ ਕੇਂਦਰ ਬਿੰਦੂ ਮੰਨੂਵਾਦੀ ਸੋਚ, ਪਿੱਤਰਸੱਤਾਵਾਦੀ ਦਾਬੇ ਅਤੇ ਵਿੱਤੀ ਪੂੰਜੀ ਦੀ ਲੁੱਟ ਤੋਂ ਨਿਜ਼ਾਤ ਹਾਸਲ ਕਰਨਾ ਹੋਣਾ ਚਾਹੀਦਾ ਹੈ। ਜਸ਼ਨਪ੍ਰੀਤ ਕੌਰ ਨੇ ਸੰਸਾਰ ਭਰ ਵਿੱਚ ਨਾਰੀ ਸਮਾਨਤਾ ਲਈ ਅਤੀਤ ਵਿੱਚ ਲੜੇ ਗਏ ਯੁਗ ਪਲਟਾਊ ਸੰਗਰਾਮਾਂ ਦਾ ਜਾਣਕਾਰੀ ਭਰਪੂਰ ਵੇਰਵਾ ਪੇਸ਼ ਕੀਤਾ। ਵਿਦਵਾਨ ਵਕਤਾ ਨੇ ਬਹਿਸ ਦੌਰਾਨ ਸਰੋਤਿਆਂ ਵੱਲੋਂ ਉਠਾਏ ਗਏ ਗੰਭੀਰ ਨੁਕਤਿਆਂ ਦੇ ਬਾਦਲੀਲ ਜਵਾਬ ਵੀ ਦਿੱਤੇ। ਹੋਰਨਾਂ ਤੋਂ ਇਲਾਵਾ ਜਮਹੂਰੀ ਲਹਿਰ ਦੇ ਨਾਮਵਰ ਆਗੂ, ਦੇਸ਼ ਭਗਤ ਯਾਦਗਾਰ ਜਲੰਧਰ ਦੇ ਟਰਸਟੀ ਮੰਗਤ ਰਾਮ ਪਾਸਲਾ ਨੇ ਵੀ ਵਿਚਾਰ ਰੱਖੇ।

ਆਰੰਭ ਵਿਚ ਸੈਮੀਨਾਰ ਵਿੱਚ ਸ਼ਾਮਲ ਸਾਰੀਆਂ ਬੀਬੀਆਂ ਨੇ ਖੜ੍ਹੀਆਂ ਹੋਕੇ ਆਜਾਦੀ ਪਰਵਾਨਿਆਂ ਦਾ ਮਕਬੂਲ ਤਰਾਨਾ 'ਸਰਫਰੋਸ਼ੀ ਕੀ ਤਮੰਨਾ' ਮਿਲ ਕੇ ਗਾਇਆ।

# ਪ ਸ ਸ ਫ ਦੀ ਸੂਬਾ ਫੈਡਰਲ ਕੌਂਸਲ ਦੀ ਮੀਟਿੰਗ 'ਚ ਬਲਾਕ ਪੱਧਰ ਤੋਂ ਲੈ ਕੇ ਸੂਬਾ ਰੈਲੀ ਤੱਕ ਸੰਘਰਸ਼ਾਂ ਦਾ ਐਲਾਨ



**ਜਲੰਧਰ, (ਨਵਾਂ ਜ਼ਮਾਨਾ ਸਰਵਿਸ )** ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੀ ਫੈਡਰਲ ਕੌਂਸਲ ਦੀ ਮੀਟਿੰਗ ਜੱਥੇਬੰਦੀ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਦੀ ਅਗਵਾਈ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਚਲਾਉਂਦਿਆ ਜੱਥੇਬੰਦੀ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਦੱਸਿਆ ਕਿ ਮੀਟਿੰਗ ਦੇ ਆਰੰਭ ਵਿੱਚ ਫੈਗਰੇਸ਼ਨ ਦੇ ਮਿਤੀ 02-03 ਅਕਤੂਬਰ ਨੂੰ ਹੋਏ ਸੂਬਾ ਪੱਧਰੀ ਡੈਲੀਗੇਟ ਅਜਲਾਸ ਦਾ ਰਿਵਿਊ ਕੀਤਾ ਗਿਆ, ਜਿਸ ਸਬੰਧੀ ਵੱਖ-ਵੱਖ ਜ਼ਿਲਿਆਂ ਦੇ ਆਗੂਆਂ ਵਲੋਂ ਬਹੁਤ ਵਧੀਆ ਪ੍ਰਬੰਧ ਕਰਨ ਤੇ ਜ਼ਿਲ੍ਹਾ ਜਲੰਧਰ ਦੇ ਸਾਥੀਆਂ ਦਾ ਧੰਨਵਾਦ ਕੀਤਾ। ਆਗੂਆਂ ਵਲੋਂ ਇਹ ਵੀ ਕਿਹਾ ਗਿਆ ਕਿ ਦੋ ਦਿਨ ਦੀ ਥਾਂ ਪਹਿਲਾਂ ਦੀ ਤਰ੍ਹਾਂ ਹੀ ਤਿੰਨ ਦਾ ਅਜਲਾਸ ਹੋਣਾ ਚਾਹੀਦਾ ਹੈ।ਜ਼ਿਲ੍ਹਾ ਜਲੰਧਰ ਦੇ ਸਾਥੀਆਂ ਵਲੋਂ ਕਰਵਾਏ ਸੂਬਾ ਅਜਲਾਸ ਉਪਰੰਤ ਅੱਜ ਦੀ ਮੀਟਿੰਗ ਵਿੱਚ ਜੱਥੇਬੰਦੀ ਨੂੰ 51,000/- ਰੁਪਏ ਦੀ ਸਹਾਇਤਾ ਭੇਂਟ ਕੀਤੀ। ਇਸ ਮੌਕੇ ਜ਼ਿਲਿਆਂ ਅਤੇ ਸੂਬੇ ਦੀ ਜੱਥੇਬੰਦਕ ਅਵਸਥਾ, ਵੱਖ-ਵੱਖ ਵਿਭਾਗੀ ਜੱਥੇਬੰਦੀਆਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ ਸੂਬਾ ਪ੍ਰਧਾਨ ਵਲੋਂ ਸਾਂਝੇ ਫਰੰਟ ਦੀ ਮਿਤੀ 20 ਸਤੰਬਰ ਨੂੰ ਵਿੱਤ ਮੰਤਰੀ ਨਾਲ ਹੋਈ ਮੀਟਿੰਗ ਦੀ ਰਿਪੋਰਟਿੰਗ ਕੀਤੀ ਗਈ। ਮੌਜੂਦਾ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਅਤੇ ਪਿਛਲੇ ਸਮੇਂ ਦੌਰਾਨ ਕੀਤੇ ਗਏ ਸੰਘਰਸ਼ਾਂ ਸਬੰਧੀ ਵੀ ਚਰਚਾ ਹੋਈ। ਮੀਟਿੰਗ ਵਿੱਚ ਸਰਕਾਰ ਤੇ ਦਬਾਅ ਬਣਾਉਣ ਲਈ ਪੰਜਾਬ-ਯੂ.ਟੀ. ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਮਿਤੀ 20 ਅਕਤੂਬਰ ਨੂੰ ਕੀਤੀਆਂ ਜਾ ਰਹੀਆਂ ਜ਼ਿਲ੍ਹਾ ਪੱਧਰੀ ਰੈਲੀਆਂ ਵਿੱਚ ਭਰਵੀਂ ਸ਼ਮੂਲੀਅਤ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਕੀਤੀਆਂ ਵਿਚਾਰਾਂ ਉਪਰੰਤ ਪ.ਸ.ਸ.ਫ. ਵਲੋਂ ਸੰਘਰਸ਼ ਦਾ ਐਲਾਨ ਕੀਤਾ ਗਿਆ ਜਿਸਦੇ ਤਹਿਤ ਮਿਤੀ 11 ਫਰਵਰੀ 2023 ਨੂੰ ਸੰਗਰੂਰ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਇਸ ਸੂਬਾਈ ਰੈਲੀ ਨੂੰ ਸਫਲ ਬਣਾਉਣ ਅਤੇ ਇਸ ਵਿੱਚ ਸਮੁੱਚੇ ਪੰਜਾਬ ਦੇ ਮੁਲਾਜ਼ਮਾਂ ਦੀ ਸ਼ਮੂਲੀਅਤ ਕਰਵਾਉਣ ਦੀ ਤਿਆਰੀ ਵਜੋਂ ਮਿਤੀ 25 ਤੋਂ 30 ਅਕਤੂਬਰ ਤੱਕ ਜ਼ਿਲ੍ਹਾ ਪੱਧਰੀ ਮੀਟਿੰਗਾਂ ਕੀਤੀਆਂ ਜਣਗੀਆਂ, ਮਿਤੀ 5 ਤੋਂ 20 ਦਸੰਬਰ ਤੱਕ ਬਲਾਕ/ ਤਹਿਸੀਲ ਪੱਧਰੀ ਰੈਲੀਆਂ ਕੀਤੀਆਂ ਜਾਣਗੀਆਂ ਅਤੇ 15 ਤੋਂ 25 ਜਨਵਰੀ 2023 ਤੱਕ ਵਿਸ਼ਾਲ ਜ਼ਿਲ੍ਹਾ ਪੱਧਰੀ ਰੈਲੀਆਂ ਕੀਤੀਆਂ ਜਾਣਗੀਆਂ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵਲੋਂ ਤਾਲਕਟੋਰਾ ਸਟੇਡੀਅਮ ਦਿੱਲੀ ਵਿਖੇ ਮਿਤੀ 8 ਦਸੰਬਰ ਨੂੰ ਕੀਤੀ ਜਾ ਰਹੀ ਕੌਮੀਂ ਕਨਵੈਨਸ਼ਨ ਵਿੱਚ ਪ.ਸ.ਸ.ਫ. ਵਲੋਂ ਸ਼ਮੂਲੀਅਤ ਕਰਨ ਲਈ ਕੋਟੇ ਲਗਾ ਦਿੱਤੇ ਗਏ ਹਨ ਅਤੇ ਮਿਤੀ 9 ਦਸੰਬਰ ਨੂੰ ਫਰੀਦਾਬਾਦ ਵਿਖੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦਾ ਕੌਮੀਂ ਮੁਖ ਦਫਤਰ ਸੁਕੋਮਲ ਸੇਨ ਭਵਨ ਦਾ ਉਦਘਾਟਨ ਕੀਤਾ ਜਾਵੇਗਾ ਜਿਸ ਵਿੱਚ ਪ.ਸ.ਸ.ਫ. ਵਲੋਂ ਵੀ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਵਲੋਂ ਮਿਤੀ 12 ਨਵੰਬਰ ਨੂੰ ਜਲੰਧਰ ਵਿਖੇ ਸੂਬਾ ਪੱਧਰੀ ਕਨਵੈਂਨਸ਼ਨ ਕੀਤੀ ਜਾਵੇਗੀ, ਜਿਸ ਵਿੱਚ ਇਸਤਰੀ ਮੁਲਾਜ਼ਮਾਂ ਦੀਆਂ ਮੰਗਾਂ ਤੇ ਵਿਚਾਰ ਕਰਨ ਦੇ ਨਾਲ ਹੀ ਨਵੀਂ ਸੂਬਾ ਕਮੇਟੀ ਵੀ ਚੁਣੀ ਜਾਵਗੀ ਜਿਸਦੀ ਤਿਆਰੀ ਲਈ ਜਲਦ ਹੀ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਦੀ ਆਨ-ਲਾਈਨ ਮੀਟਿੰਗ ਕੀਤੀ ਜਾਵੇਗੀ। ਸੂਬਾ ਅਜਲਾਸ ਵਿੱਚ ਉੱਭਰ ਕੇ ਆਈ ਆਗੂਆਂ ਦੀ ਮੰਗ ਸਬੰਧੀ ਮਿਤੀ 27-28 ਨਵੰਬਰ ਨੂੰ ਜਲੰਧਰ ਵਿਖੇ ਦੋ-ਰੋਜ਼ਾ ਟਰੇਡ ਯੂਨੀਅਨ ਸਕੂਲ ਲਗਾਇਆ ਜਾਵੇਗਾ ਜਿਸ ਵਿੱਚ ਸੂਬਾ ਫੈਡਰਲ ਕੌਂਸਲ ਦੇ ਮੈਂਬਰ ਸ਼ਾਮਲ ਹੋਣਗੇ ਅਤੇ ਇਸ ਉਪਰੰਤ ਜ਼ਿਲ੍ਹਾ ਪੱਧਰੀ ਟਰੇਡ ਯੂਨੀਅਨ ਸਕੂਲ ਲਗਾਏ ਜਾਣਗੇ ਅਤੇ ਇਸ ਪ੍ਰਕਿਰਿਆ ਵਿੱਚ ਲਗਾਤਾਰਤਾ ਲਿਆਂਦੀ ਜਾਵੇਗੀ। ਮੀਟਿੰਗ ਦੇ ਅੰਤ ਵਿੱਚ ਸੂਬਾ ਪ੍ਰਧਾਨ ਵਲੋਂ ਸਮੂਹ ਸਾਥੀਆਂ ਦਾ ਧੰਨਵਾਦ ਕਰਦਿਆਂ ਐਲਾਨੇ ਗਏ ਸਮੁੱਚੇ ਸੰਘਰਸ਼ਾਂ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਗੁਰਦੀਪ ਬਾਜਵਾ, ਮੱਖਣ ਸਿੰਘ ਵਾਹਿਦਪੁਰੀ, ਇੰਦਰਜੀਤ ਵਿਰਦੀ, ਪ੍ਰੇਮ ਚੰਦ ਆਜ਼ਾਦ, ਬਲਵਿੰਦਰ ਭੁੱਟੋ, ਅਨਿਲ ਕੁਮਾਰ ਲਹੌਰੀਆ, ਬਲਜਿੰਦਰ ਸਿੰਘ, ਪ੍ਰਿੰਸੀਪਲ ਅਮਨਦੀਪ ਸ਼ਰਮ, ਤਰਸੇਮ ਮਾਧੋਪੁਰੀ, ਅਮਰੀਕ ਸਿੰਘ, ਕੁਲਦੀਪ ਦੌੜਕਾ, ਕਰਮ ਸਿੰਘ, ਗੁਰਪ੍ਰੀਤ ਰੰਗੀਲਪੁਰ, ਅਵਤਾਰ ਬਾਸੀ, ਸੁਖਵਿੰਦਰ ਕੌਰ, ਕਮਲਜੀਤ ਕੌਰ, ਮਨਜੀਤ ਕੌਰ, ਨਿਰਮੋਲਕ ਸਿੰਘ, ਕੁਲਦੀਪ ਕੌੜਾ, ਸੁਖਦੇਵ ਜਾਜਾ, ਰਕੇਸ਼ ਕੁਮਾਰ, ਫੁੰਮਣ ਸਿੰਘ ਕਾਠਗੜ੍ਹ, ਗੁਰਦੇਵ ਸਿੰਘ ਸਿੱਧੂ, ਜਸਪ੍ਰੀਤ ਸਿੰਘ, ਅਕਲ ਚੰਦ ਸਿੰਘ, ਜੱਗਾ ਸਿੰਘ ਅਲੀਸ਼ੇਰ, ਜਸਵਿੰਦਰ ਪਾਲ ਕਾਂਗੜ, ਰਜਿੰਦਰ ਰਿਆੜ, ਬਲਵਿੰਦਰ ਸਿੰਘ, ਫੂਲਾ ਸਿੰਘ, ਸਰਿੰਦਰਪਾਲ, ਸੁਭਾਸ਼ ਆਦਿ ਆਗੂ ਵੀ ਹਾਜਰ ਸਨ।

## ਬੰਦੀਛੋੜ ਦਿਵਸ ਨੂੰ ਸਮਰਪਤ ਅਰਜਨਵਾਲ ਵਿਖੇ ਕੀਰਤਨ ਦਰਬਾਰ



**ਆਦਮਪੁਰ ( ਪਰਮਜੀਤ ਸਿੰਘ)**:-ਬੰਦੀਛੋੜ ਦਿਵਸ ਨੂੰ ਸਮਰਪਿਤ 18ਵਾਂ ਮਹਾਨ ਕੀਰਤਨ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਨੇੜੇ ਰੂਰਲ ਹਸਪਤਾਲ ਪਿੰਡ ਅਰਜਨਵਾਲ ਵਿਖੇ ਕਰਵਾਇਆ ਗਿਆ। ਇਸ ਕੀਰਤਨ ਦਰਬਾਰ ਵਿਚ ਭਾਈ ਦਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ,ਭਾਈ ਪਿੰਦਰਵਾਲ ਕਥਾਵਾਚਕ,ਭਾਈ ਮਹਿਲ ਸਿੰਘ ਦਾ ਕਵੀਸ਼ਰੀ ਜਥਾ,ਭਾਈ ਤਰਸੇਮ ਸਿੰਘ ਮੋਰਾਂਵਾਲੀ ਦਾ ਢਾਡੀ ਜਥਾ,ਭਾਈ ਦਵਿੰਦਰ ਸਿੰਘ ਸੋਢੀ, ਗਿਆਨੀ ਜਗਜੀਵਨ ਸਿੰਘ ਦਾ ਢਾਡੀ ਜਥਾ, ਭਾਈ ਗੁਰਦੇਵ ਸਿੰਘ ਕਥਾਵਾਚਕ ਅਤੇ ਹੈੱਡ ਗ੍ਰੰਥੀ ਭਾਈ ਗੁਰਨਾਮ ਸਿੰਘ ਦੇ ਜਥਿਆਂ ਵਲੋਂ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕੀਤਾ ਗਿਆ। ਸਹਿਯੋਗੀ ਸੇਵਾ ਸੋਸਾਇਟੀਆਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸੇਵਾ ਸੋਸਾਇਟੀ, ਭਗਤ ਨਾਮਦੇਵ ਸੇਵਾ ਸੋਸਾਇਟੀ ਬਿਆਸ ਪਿੰਡ, ਦਸ਼ਮੇਸ਼ ਨੌਜਵਾਨ ਸੇਵਾ ਸੋਸਾਇਟੀ ਹਰੀਪੁਰ, ਨੌਜਵਾਨ ਸਭਾ ਡੀਗਰੀਆਂ, ਸਮਾਜ ਸੇਵਾ ਸੋਸਾਇਟੀ ਕਾਲਾ ਬੱਕਰਾ , ਮਾਣਕਰਾਈ ਸਿੰਘ ਸਭਾ ਸਮੇਤ ਸਮੂਹ ਸੋਸਾਇਟੀਆਂ ਨੂੰ ਪ੍ਰਬੰਧਕ ਕਮੇਟੀ ਅਰਜਨਵਾਲ ਵਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਬਚਿੱਤਰ ਸਿੰਘ,ਜਗਜੀਵਨ , ਸਾਬਕਾ ਸਰਪੰਚ ਅਮਰਜੀਤ ਸਿੰਘ, ਸੁਖਵੀਰ ਸਿੰਘ ਲੰਬੜਦਾਰ, ਬਲਵਿੰਦਰ ਸਿੰਘ, ਉਂਕਾਰ ਸਿੰਘ, ਬਚਿੱਤਰ ਸਿੰਘ,ਜਗਜੀਵਨ ਸਿੰਘ, ਗੁਰਦਿਆਲ ਸਿੰਘ,ਅੰਮ੍ਰਿਪਾਲ ਸਿੰਘ,ਹਰਪ੍ਰੀਤ ਸਿੰਘ, ਹਰਦੀਪ ਸਿੰਘ,ਹਰਜੋਤ ਸਿੰਘ,ਕੁਲਦੀਪ ਸਿੰਘ,ਗੁਰਿੰਦਰ ਸਿੰਘ, ਸੁਖਜੀਤ ਸਿੰਘ ਅਤੇ ਹੋਰ ਹਾਜਰ ਸਨ।

## ਵਿਗਿਆਨ ਵਿਸ਼ੇ ਨਾਲ ਸੰਬੰਧਤ ਮੇਲਾ ਲਗਾਇਆ



**ਫਿਲੌਰ (ਨਿਰਮਲ, ਬੀ ਐੱਸ ਕਨੇਡੀ)**- ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਸਿੱਖਿਆ ਵਿਭਾਗ ਵਲੋਂ ਵਿਗਿਆਨ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਰੁਚੀ ਵਿੱਚ ਹੋਰ ਵਾਧਾ ਕਰਨ ਲਈ ਮੇਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਦੀ ਲੜੀ ਵਜੋਂ ਜਲੰਧਰ ਜਿਲ੍ਹੇ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਗੁਰਸ਼ਰਨ ਸਿੰਘ ਦੀ ਅਗਵਾਈ ਵਿੱਚ ਅਤੇ ਮੰਗਤ ਰਾਮ ਸਮਰਾ ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਮਾਓ ਸਾਹਿਬ ਦੀ ਦੇਖ ਰੇਖ ਵਿੱਚ ਸਾਇੰਸ ਵਿੱਦਿਅਕ ਮੇਲਾ ਕਰਾਇਆ ਗਿਆ। ਮੇਲੇ ਵਿੱਚ ਸਾਇੰਸ ਮਾਸਟਰ ਲੇਖ ਰਾਜ ਪੰਜਾਬੀ ਅਤੇ ਸਾਇੰਸ ਮਿਸਟ੍ਰੈਸ ਰੀਨਾ ਰਾਣੀ ਦੀ ਨਿਗਰਾਨੀ ਹੇਠ ਬੱਚਿਆਂ ਨੇ ਵੱਖ ਵੱਖ ਤਰ੍ਹਾਂ ਦੇ ਚਾਰਟ, ਮਾਡਲ ਤੇ ਕਿਰਿਆਵਾਂ ਕਰਕੇ ਮੇਲੇ ਨੂੰ ਦਿਲਚਸਪ ਬਣਾਇਆ। ਇਸ ਸਮੇਂ ਵਿਦਿਆਰਥੀਆਂ ਵਿੱਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਵਿਦਿਆਰਥੀਆਂ ਨੇ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਮੇਲੇ ਦੀਆਂ ਗਤੀਵਿਧੀਆਂ ਵਿੱਚ ਛੇਵੀਂ ਤੋਂ ਦਸਵੀਂ ਦੇ ਵਿਦਿਆਰਥੀਆਂ ਨੇ ਕਈ ਦਿਨ ਮਿਹਨਤ ਕਰਕੇ ਮੇਲੇ ਦੀ ਤਿਆਰੀ ਕੀਤੀ ਸੀ । ਇਸ ਸਮੇਂ ਹੱਡਮਾਸਟਰ ਮੰਗਤ ਰਾਮ, ਜਗਜੀਵਨ ਸਿੰਘ, ਕਰਨੈਲ ਫਿਲੌਰ, ਅਮਨਦੀਪ, ਰੋਹਿਤ ਸੋਬਤੀ, ਆਰਤੀ , ਰਾਜਦੀਪ ਕੌਰ, ਪੁਸ਼ਪਿੰਦਰ ਕੌਰ,ਹਰਵਿੰਦਰ ਕੌਰ, ਸਰੋਜ ਰਾਣੀ ਤੇ ਬਲਕਿਸ਼ ਆਦਿ ਸ਼ਾਮਲ ਸਨ।

## ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਵਿਖੇ ਮਹਿੰਦੀ ਕੰਪੀਟੀਸ਼ਨ




**ਕਰਤਾਰਪੁਰ( ਹਰਮੇਸ਼ ਦੱਤ)** ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਵਿਖੇ ਕੋਸਮੈਟੌਲਜੀ ਵਿਭਾਗ ਵੱਲੋਂ ਮਹਿੰਦੀ ਕੰਪੀਟੀਸ਼ਨ ਕਰਵਾਇਆ ਗਿਆ। ਅਸ਼ਮੀਤਾ ਨੇ ਪਹਿਲਾ ਸਥਾਨ ਹਾਸਲ ਕੀਤਾ, ਦੂਜੇ ਸਥਾਨ 'ਤੇ ਕੁਲਵਿੰਦਰ ਕੌਰ ਤੇ ਪ੍ਰਿਆ ਰਹੀਆਂ ਤੇ ਨਿਸ਼ਤਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ । ਜੱਜਮੈਂਟ ਦੀ ਜ਼ਿੰਮੇਵਾਰੀ ਮੈਡਮ ਅਰਾਧਨਾ ਪਾਲ , ਮੈਡਮ ਪਵਨ ਸਰੋਆ ਅਤੇ ਮੈਡਮ ਅਲਕਾ ਨੇ ਨਿਭਾਈ। ਪ੍ਰੋਫੈਸਰ ਸੁਖਵਿੰਦਰ ਕੌਰ ਦੁੱਗਲ ਨੇ ਵਿਦਿਆਰਥਣਾਂ ਦਾ ਆਰਟ ਦੇਖ ਕੇ ਉਨ੍ਹਾਂ ਦੀ ਸ਼ਲਾਘਾ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਨੇ ਆਪਣੇ ਸੰਦੇਸ਼ ਵਿੱਚ ਪਹਿਲਾ , ਦੂਜਾ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਕਾਰਨ ਵਿਦਿਆਰਥਣਾਂ ਵਿੱਚ ਆਤਮ- ਵਿਸ਼ਵਾਸ ਦਾ ਸੰਚਾਰ ਹੁੰਦਾ ਹੈ ਜੋ ਕਿ ਉਨ੍ਹਾਂ ਦੇ ਭਵਿੱਖ ਲਈ ਲਾਹੇਵੰਦ ਹੈ । ਕਾਲਜ ਦੇ ਪ੍ਰਧਾਨ ਚੌਧਰੀ ਸੁਰਿੰਦਰ ਸਿੰਘ ਤੇ ਸਕੱਤਰ ਹਰੀ ਪਾਲ ਨੇ ਵਿਭਾਗ ਦੇ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਸਭ ਨੂੰ ਸ਼ੁੱਭ ਇੱਛਾਵਾਂ ਦਿੱਤੀਆਂ।

## ਛੋਟੇ ਦੁਕਾਨਦਾਰਾਂ ਵੱਲੋਂ ਹੌਸਲਾ ਅਫਜ਼ਾਈ ਦੀ ਅਪੀਲ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਅਸੀਂ ਸਿਰਫ ਬੀ ਏ ਹੀ ਨਹੀਂ ਸਗੋ ਤਿੰਨ, ਤਿੰਨ, ਚਾਰ, ਚਾਰ ਸਾਲ ਦੇ ਕੋਰਸ ਕਰ ਕੇ ਆਪਣੇ ਮਾਂ, ਪਿਓ ਦੇ ਲੱਖਾਂ ਰੁਪਏ ਆਪਣੀਆਂ ਪੜ੍ਹਾਈਆਂ 'ਤੇ ਖਰਚੇ ਕਰਕੇ ਆਪੋ ਆਪਣੇ ਛੋਟੇ-ਮੋਟੇ ਕਾਰੋਬਾਰ, ਆਪਣੀਆਂ ਦੁਕਾਨਾਂ ਖੋਲ੍ਹ ਕੇ, ਆਪਣੇ ਘਰਾਂ ਦੇ ਗੁਜਾਰਾ ਕਰ ਰਹੇ ਹਾਂ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸ਼ਹਿਰ ਨੂਰਮਹਿਲ ਦੇ ਅਤੇ ਵੱਖ-ਵੱਖ ਇਲਾਕਿਆਂ ਦੇ ਛੋਟੇ-ਮੋਟੇ ਦੁਕਾਨਦਾਰਾਂ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਇਨ੍ਹਾਂ ਦਿਨਾਂ 'ਚ ਦੀਵਾਲੀ ਅਤੇ ਹੋਰ ਤਿਉਹਾਰ ਚਲ ਰਹੇ ਹਨ । ਭਾਵੇ ਸਾਨੂੰ ਸਰਕਾਰੀ ਨੌਕਰੀਆਂ ਨਹੀਂ ਮਿਲ ਰਹੀਆਂ, ਲੇਕਿਨ ਫਿਰ ਵੀ ਅਸੀਂ ਤਿਉਹਾਰ ਮੁਤਾਬਕ, ਪਟਾਕੇ, ਫੁੱਲਝੜੀਆਂ ਅਤੇ ਹੋਰ ਸੌਦੇ ਪਾ ਕੇ ਰੋਟੀ-ਰੋਜੀ ਦਾ ਹੀਲਾ-ਵਸੀਲਾ ਕੀਤਾ ਹੈ ਅਤੇ ਆਪਣੇ ਪਰਵਾਰ ਪਾਲ ਰਹੇ ਹਾਂ । ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਡੇ ਛੋਟੇ-ਛੋਟੇ ਦੁਕਾਨਦਾਰਾਂ ਵੱਲ ਵੀ ਧਿਆਨ ਕੀਤਾ ਜਾਵੇ ਅਤੇ ਆਪਣੇ ਘਰਾਂ ਦੀਆਂ ਜ਼ਰੂਰੀ ਚੀਜ਼ਾਂ ਦੀ ਖਰੀਦੋ-ਫਰੋਖਤ ਕਰ ਕੇ ਹੌਂਸਲੇ ਵਧਾਏ ਜਾਣ ।

## ਪ੍ਰਸ਼ਾਸਕੀ ਕੰਪਲੈਕਸ 'ਚ ਕੈਂਸਲ ਕੀਤੇ ਗਏ ਬੂਥਾਂ ਦੀ ਨਿਲਾਮੀ 28 ਨੂੰ

**ਜਲੰਧਰ (ਸੁਰਿੰਦਰ ਕੁਮਾਰ)**- ਪ੍ਰਸ਼ਾਸਕੀ ਕੰਪਲੈਕਸ ਦੇ ਅਹਾਤੇ ਵਿੱਚ ਕੈਂਸਲ ਕੀਤੇ ਗਏ ਬੂਥਾਂ ਦੀ ਨਿਲਾਮੀ ਦੋ ਸਾਲਾਂ ਵਾਸਤੇ ਮਿਤੀ 01-12-2022 ਤੋਂ 30-11-2024 ਤੱਕ ਦੇ ਸਮੇਂ ਲਈ 28 ਅਕਤੂਬਰ 2022 ਨੂੰ ਸਵੇਰੇ 11 ਵਜੇ ਉਪ-ਮੰਡਲ ਮੈਜਿਸਟਰੇਟ, ਜਲੰਧਰ-1 ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫ਼ਤਰ ਵਿਖੇ ਰੱਖੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕਚਿਹਰੀ ਕੰਪਾਊਂਡ ਦੇ ਕੈਂਸਲ ਕੀਤੇ ਗਏ ਬੂਥਾਂ ਦੀ ਨਿਲਾਮੀ ਕਚਿਹਰੀ ਕੰਪਾਊਂਡ ਰੂਲਜ਼ 2003 ਮੁਤਾਬਿਕ ਕੀਤੀ ਜਾਣੀ ਹੈ। ਇਸ ਬੋਲੀ ਸਬੰਧੀ ਚਾਹਵਾਨ ਵਿਅਕਤੀ ਆਪਣੀਆਂ ਦਰਖ਼ਾਸਤਾਂ 27 ਅਕਤੂਬਰ ਬਾਅਦ ਦੁਪਹਿਰ 3.00 ਵਜੇ ਤੱਕ ਆਪਣੇ ਆਈ.ਡੀ. ਪਰੂਫ ਸਮੇਤ ਨਜਾਰਤ ਸ਼ਾਖ਼ਾ, ਦਫ਼ਤਰ ਡਿਪਟੀ ਕਮਿਸ਼ਨਰ, ਜਲੰਧਰ (ਕਮਰਾ ਨੰਬਰ 122,123) ਵਿਖੇ ਜਮ੍ਹਾ ਕਰਵਾ ਸਕਦੇ ਹਨ। ਬੁਲਾਰੇ ਨੇ ਅੱਗੇ ਦੱਸਿਆ ਕਿ ਬੂਥਾਂ ਦਾ ਵੇਰਵਾ ਅਤੇ ਬੋਲੀ ਦੀਆਂ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਸਮਾਂ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ ਨਜਾਰਤ ਸ਼ਾਖ਼ਾ, ਦਫ਼ਤਰ ਡਿਪਟੀ ਕਮਿਸ਼ਨਰ, ਜਲੰਧਰ (ਕਮਰਾ ਨੰਬਰ 122,123) ਦੇ ਨੋਟਿਸ ਬੋਰਡ ਤੋਂ ਦੇਖੀਆਂ ਜਾ ਸਕਦੀਆਂ ਹਨ। ਜੇਕਰ ਦਰਖ਼ਾਸਤ ਜਮ੍ਹਾ ਕਰਵਾਉਣ ਜਾਂ ਬੋਲੀ ਵਾਲੇ ਦਿਨ ਜਨਤਕ ਛੁੱਟੀ ਦਾ ਐਲਾਨ ਹੋ ਜਾਂਦਾ ਹੈ ਤਾਂ ਬੋਲੀ ਅਗਲੇ ਕੰਮ ਵਾਲੇ ਦਿਨ ਕੀਤੀ ਜਾਵੇਗੀ। ਬੁਲਾਰੇ ਨੇ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ, ਜਲੰਧਰ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਬੋਲੀ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਨ। ਬੋਲੀ ਨਾਲ ਸਬੰਧਤ ਜੇਕਰ ਕੋਈ ਕੋਰੀਜੰਡਮ/ਸੋਧ ਹੋਈ ਤਾਂ ਦਫ਼ਤਰ ਦੀ ਵੈਬਸਾਈਟ 'ਤੇ ਹੀ ਅਪਲੋਡ ਕੀਤੀ ਜਾਵੇਗੀ ਅਤੇ ਇਸ ਸਬੰਧੀ ਵੱਖਰੇ ਤੌਰ 'ਤੇ ਕੋਈ ਇਸ਼ਤਿਹਾਰ ਜਾਰੀ ਨਹੀਂ ਕੀਤਾ ਜਾਵੇਗਾ।

## ਨੰਗਲ ਖੂੰਗਾ ਦੀ ਕਾਜਲ ਨਾਗਲੂ ਦਾ ਮਨਜੀਤ ਦਸੂਹਾ ਵੱਲੋਂ ਸਨਮਾਨ



**ਅੱਡਾ ਸਰਾਂ (ਜਸਵੀਰ ਕਾਜਲ)**-ਟਾਂਡਾ ਨਾਲ ਲੱਗਦੇ ਪਿੰਡ ਨੰਗਲ ਖੂੰਗਾ ਦੇ ਨਛੱਤਰ ਸਿੰਘ ਦੀ ਬੇਟੀ ਕਾਜਲ ਨਾਗਲੂ ਦਾ ਬੀ ਐਡ ਦੇ ਫਾਈਨਲ ਰਿਜ਼ਲਟ ਵਿੱਚੋ ਪਹਿਲਾ ਸਥਾਨ ਹਾਸਲ ਕਰਨ ਤੇ ਉੱਘੇ ਸਮਾਜ ਸੇਵੀ ਤੇ ਹਲਕਾ ਇੰਚਾਰਜ ਸ੍ਰੋਮਣੀ ਅਕਾਲੀ ਦਲ ਸੰਯੁਕਤ ਮਨਜੀਤ ਸਿੰਘ ਦਸੂਹਾ ਵੱਲੋ ਭਰਵਾਂ ਸਨਮਾਨ ਕੀਤਾ ਗਿਆ। ਇਸ ਮੌਕੇ ਲੜਕੀ ਦੇ ਪਿਤਾ ਨਛੱਤਰ ਸਿੰਘ ਨੇ ਦੱਸਿਆ ਕਿ ਉਹਨਾ ਦੀ ਬੇਟੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੈ। ਪ੍ਰੰਤੂ ਗਰੀਬੀ ਕਰਕੇ ਉਹ ਬੱਚੀ ਨੂੰ ਪੜ੍ਹਾਉਣ ਵਿੱਚ ਅਸਮਰੱਥ ਸਨ, ਤਾਂ ਉਹਨਾਂ ਦੀ ਬਾਂਹ ਮਨਜੀਤ ਸਿੰਘ ਦਸੂਹਾ ਨੇ ਫੜੀ ਤੇ ਬੱਚੀ ਦੀ ਬੀ ਐਡ ਕਰਾਉਣ ਵਿੱਚ ਅਹਿਮ ਯੋਗਦਾਨ ਪਾਇਆ। ਬੱਚੀ ਦੀ ਮਿਹਨਤ ਨੇ ਲਗਨ ਨੇ ਉਸਨੂੰ ਬੀ ਐਡ ਵਿੱਚੋ ਟਾਪਰ ਬਣਾਇਆ।

ਇਸ ਮੌਕੇ ਬੱਚੀ ਕਾਜਲ ਨਾਗਲੂ ਨੇ ਕਿਹਾ ਕਿ ਉਸਨੇ ਤੇਗ ਬਹਾਦਰ ਖਾਲਸਾ ਕਾਲਜ ਦਸੂਹਾ ਤੋਂ ਬੀ ਐਡ ਦੀ ਪੜ੍ਹਾਈ ਕੀਤੀ। ਟੀਚਰ ਸਹਿਬਾਨ ਦੇ ਸਹਿਯੋਗ ਨਾਲ ਉਸਨੇ ਕਾਜਲ ਵਿੱਚੋ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸਦਾ ਟੀਚਾ ਆਈ ਏ ਐਸ ਬਣਨ ਦਾ ਹੈ। ਇਸ ਮੌਕੇ ਮਨਜੀਤ ਸਿੰਘ ਦਸੂਹਾ ਨੇ ਬੇਟੀ ਕਾਜਲ ਤੇ ਉਸਦੇ ਪਰਵਾਰ ਨੂੰ ਵਧਾਈ ਦਿੰਦਿਆਂ ਵਿਸ਼ਵਾਸ਼ ਦਿਵਾਇਆ ਕਿ ਉਹ ਪਰਵਾਰ ਨਾਲ ਬੇਟੀ ਦੀ ਪੜ੍ਹਾਈ ਸਬੰਧੀ ਹਰ ਸਮੇਂ ਖੜ੍ਹੇ ਹਨ। ਪਰਵਾਰ ਨੇ ਮਨਜੀਤ ਸਿੰਘ ਦਸੂਹਾ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹੁਸ਼ਿਆਰਪੁਰ ਸੁਖਵਿੰਦਰ ਸਿੰਘ ਮੂਨਕ, ਰਤਨ ਸਿੰਘ ਖੋਖਰ, ਅਮਰਜੀਤ ਸਿੰਘ ਖੋਖਰ, ਨੰਬਰਦਾਰ ਦਵਿੰਦਰ ਸਿੰਘ ਬਾਜਵਾ,ਰੂਪ ਲਾਲ ਨੰਗਲਖੂੰਗਾ ਆਦਿ ਹਾਜ਼ਰ ਸਨ।

# ਮਗਨਰੇਗਾ ਸਕੀਮ ਤਹਿਤ ਮਹਿਲਾ ਮੇਟਸ ਦੀ ਹੀ ਹੋਵੇਗੀ ਨਿਯੁਕਤੀ : ਧਾਲੀਵਾਲ



**ਜਲੰਧਰ, (ਸ਼ੈਲੀ ਐਲਬਰਟ)**- ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਦੇ ਸ਼ਸ਼ਕਤੀਕਰਨ ਲਈ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਮਗਨਰੇਗਾ ਸਕੀਮ ਤਹਿਤ ਪਿੰਡਾਂ ਵਿੱਚ ਮਹਿਲਾ ਮੇਟਸ ਦੀ ਹੀ ਨਿਯੁਕਤੀ ਕੀਤੀ ਜਾਵੇਗੀ। ਸਥਾਨਕ ਡੀ.ਏ.ਵੀ. ਇੰਸਟੀਚਿਊਟ ਆਫ ਇੰਜੀਨੀਅਰ ਐਂਡ ਟੈਕਨਾਲੋਜੀ ਵਿਖੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਮਹਿਲਾ ਸਰਪੰਚਾਂ ਤੇ ਪੰਚਾਂ ਦੀ ਮਜ਼ਬੂਤ ਭਾਗੀਦਾਰੀ ਵਿਸ਼ੇ 'ਤੇ ਕਰਵਾਏ ਨਾਰੀ ਸ਼ਸ਼ਕਤੀਕਰਨ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮਹਿਲਾ ਸ਼ਸ਼ਕਤੀਕਰਨ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਪੰਚਾਇਤ ਸਕੱਤਰਾਂ ਦੀ ਆਉਣ ਵਾਲੀ ਭਰਤੀ ਵਿੱਚ 50 ਫੀਸਦੀ ਸੀਟਾਂ ਔਰਤਾਂ ਲਈ ਰਾਖਵੀਆਂ ਰੱਖੀਆਂ ਜਾਣਗੀਆਂ। ਚੰਗੀ ਕਾਰਗੁਜ਼ਾਰੀ ਵਾਲੀਆਂ ਸਰਪੰਚਾਂ ਦੇ ਪਿੰਡਾਂ ਨੂੰ ਦੁੱਗਣੀ ਗ੍ਰਾਂਟ ਦੇਣ ਦਾ ਐਲਾਨ ਕਰਦਿਆਂ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਪਿੰਡਾਂ ਦੀਆਂ ਮਹਿਲਾ ਸਰਪੰਚਾਂ ਵੱਲੋਂ ਆਪਣੇ ਪਿੰਡਾਂ ਦਾ ਵਿਕਾਸ ਕਰਵਾਉਣ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਜਾਵੇਗਾ, ਉਨ੍ਹਾਂ ਦੀਆਂ ਪੰਚਾਇਤਾਂ ਨੂੰ ਦੁੱਗਣੀ ਗ੍ਰਾਂਟ ਪ੍ਰਦਾਨ ਕੀਤੀ ਜਾਵੇਗੀ। ਪੰਜਾਬ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਔਰਤਾਂ ਨੂੰ ਹਰ ਖੇਤਰ 'ਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਮਹਿਲਾ ਪੰਚਾਂ-ਸਰਪੰਚਾਂ ਨੂੰ ਘਰ ਦੇ ਮਰਦ ਮੈਂਬਰਾਂ ਦੀ ਬਜਾਏ ਖੁਦ ਅਗਵਾਈ ਕਰਦਿਆਂ ਪਿੰਡਾਂ ਦੀ ਕਮਾਨ ਸੰਭਾਲਣੀ ਚਾਹੀਦੀ ਹੈ ਅਤੇ ਪਿੰਡਾਂ ਦੀ ਦਿਸ਼ਾ ਤੇ ਦਸ਼ਾ ਬਦਲਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਔਰਤਾਂ ਨੂੰ ਆਪਣੀ ਅਹਿਮੀਅਤ ਪਛਾਨਣ 'ਤੇ ਜ਼ੋਰ ਦਿੰਦਿਆਂ ਪੰਚਾਇਤ ਮੰਤਰੀ ਨੇ ਕਿਹਾ ਕਿ ਜੇਕਰ ਔਰਤਾਂ ਖਾਸ ਕਰ ਮਹਿਲਾ ਸਰਪੰਚ-ਪੰਚ ਤਹੱਈਆ ਕਰ ਲੈਣ ਤਾਂ ਨਸ਼ਾ, ਭਰੂਣ ਹੱਤਿਆ ਸਮੇਤ ਹੋਰ ਕਈ ਸਮਾਜਿਕ ਕੁਰੀਤੀਆਂ ਨੂੰ ਜੜ੍ਹੋਂ ਖਤਮ ਕੀਤਾ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਜਲੰਧਰ ਤੇ ਕਪੂਰਥਲਾ ਦੀਆਂ ਮਹਿਲਾ ਸਰਪੰਚ, ਪੰਚ, ਬਲਾਕ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਦਾ ਪੰਚਾਇਤੀ ਰਾਜ ਸੰਸਥਾਵਾਂ ਤੇ ਮਹਿਲਾ ਪ੍ਰਤੀਨਿਧੀਆਂ ਦੇ ਸ਼ਸ਼ਕਤੀਕਰਨ ਅਤੇ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਉਣ ਲਈ ਕੀਤੀ ਪਹਿਲਕਦਮੀ ਲਈ 'ਵਿਕਾਸ ਪੁਰਸ਼' ਦੇ ਐਵਾਰਡ ਨਾਲ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਵਿਭਾਗ ਵੱਲੋਂ ਹੁਣ ਤੱਕ 9000 ਏਕੜ ਤੋਂ ਵੱਧ ਜ਼ਮੀਨ ਨਾਜਾਇਜ਼ ਕਬਜ਼ੇ ਹੇਠੋਂ ਛੁਡਵਾ ਕੇ ਪੰਚਾਇਤਾਂ ਦੇ ਸਪੁਰਦ ਕੀਤੀ ਜਾ ਚੁੱਕੀ ਹੈ ਅਤੇ 26,000 ਏਕੜ ਹੋਰ ਜ਼ਮੀਨ ਦੀ ਪਛਾਨ ਕੀਤੀ ਗਈ ਹੈ, ਜੋ ਆਉਣ ਵਾਲੇ ਦਿਨਾਂ ਵਿੱਚ ਛੁਡਵਾ ਕੇ ਪੰਚਾਇਤਾਂ ਦੇ ਹਵਾਲੇ ਕੀਤੀ ਜਾਵੇਗੀ।

ਕੈਬਨਿਟ ਮੰਤਰੀ, ਜਿਨ੍ਹਾਂ ਦੇ ਨਾਲ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ, ਕਰਤਾਰਪੁਰ ਤੋਂ ਵਿਧਾਇਕ ਬਲਕਾਰ ਸਿੰਘ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ, ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਅਤੇ 'ਆਪ' ਆਗੂ ਰਾਜਵਿੰਦਰ ਕੌਰ ਮੌਜੂਦ ਸਨ, ਵੱਲੋਂ ਜ਼ਿਲ੍ਹਾ ਜਲੰਧਰ ਤੇ ਕਪੂਰਥਲਾ ਦੇ ਪਿੰਡਾਂ ਦੇ 55 ਸਵੈ ਸਹਾਇਤਾ ਸਮੂਹਾਂ ਨੂੰ 12.25 ਲੱਖ ਰੁਪਏ ਦੇ ਰਿਵਾਲਵਿੰਗ ਫੰਡ ਦੇ ਚੈਕ ਪ੍ਰਦਾਨ ਕੀਤੇ ਗਏ।

ਇਸ ਮੌਕੇ ਉਨ੍ਹਾਂ ਸਵੈ ਸਹਾਇਤਾ ਸਮੂਹਾਂ ਵੱਲੋਂ ਤਿਆਰ ਉਤਪਾਦਾਂ ਦੀ ਪ੍ਰਦਰਸ਼ਨੀ ਦਾ ਦੌਰਾ ਵੀ ਕੀਤਾ। ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਿਪਟੀ ਡਾਇਰੈਕਟਰ ਜਗਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਜਲੰਧਰ, ਵਰਿੰਦਰਪਾਲ ਸਿੰਘ ਬਾਜਵਾ, ਵਧੀਕ ਡਿਪਟੀ ਕਮਿਸ਼ਨਰ ਕਪੂਰਥਲਾ ਸੁਰਿੰਦਰਪਾਲ ਆਂਗਰਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਜਲੰਧਰ ਗੁਰਪ੍ਰੀਤ ਸਿੰਘ ਗਿੱਲ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਕਪੂਰਥਲਾ ਹਰਜਿੰਦਰ ਸਿੰਘ ਸੰਧੂ ਅਤੇ ਡਿਪਟੀ ਸੀ.ਈ.ਓ. ਗੁਰਪ੍ਰਤਾਪ ਸਿੰਘ ਗਿੱਲ ਆਦਿ ਮੌਜੂਦ ਸਨ।

19-Oct tPage 9.qxd 10/18/2022 10:07 PM Page 1



# ਭਾਰਤ ਦੇ ਵਿਦੇਸ਼ ਮਿਸ਼ਨਾਂ ਦੇ ਮੁਖੀਆਂ ਵੱਲੋਂ ਇਨਵੈੱਸਟ ਪੰਜਾਬ ਟੀਮ ਨਾਲ ਮੀਟਿੰਗ



**ਐਸ.ਏ.ਐਸ.ਨਗਰ, ( ਗੁਰਜੀਤ ਬਿੱਲਾ)—** ਵਿਦੇਸ਼ਾਂ ਵਿੱਚ ਭਾਰਤੀ ਮਿਸ਼ਨਾਂ ਦੇ ਮੁਖੀਆਂ ਸਮੇਤ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ, ਤਰਨਜੀਤ ਸਿੰਘ ਸੰਧੂ, ਨੀਦਰਲੈਂਡ ਵਿੱਚ ਭਾਰਤ ਦੇ ਰਾਜਦੂਤ, ਸ੍ਰੀਮਤੀ ਰੀਨਤ ਸੰਧੂ, ਰੂਸ ਵਿੱਚ ਭਾਰਤ ਦੀ ਰਾਜਦੂਤ, ਪਵਨ ਕਪੂਰ, ਤੁਰਕੀ ਗਣਰਾਜ ਵਿੱਚ ਭਾਰਤ ਦੇ ਰਾਜਦੂਤ ਡਾ: ਵਰਿੰਦਰ ਕੁਮਾਰ ਪਾਲ, ਮੰਗੋਲੀਆ ਵਿੱਚ ਭਾਰਤ ਦੇ ਰਾਜਦੂਤ ਮਹਿੰਦਰ ਪ੍ਰਤਾਪ ਸਿੰਘ, ਟੋਗੋ ਵਿੱਚ ਭਾਰਤ ਦੇ ਰਾਜਦੂਤ ਸੰਜੀਵ ਟੰਡਨ ਨੇ ਅੱਜ ਐਸ.ਟੀ.ਪੀ.ਆਈ. ਮੋਹਾਲੀ ਵਿਖੇ ਸਟਾਰਟਅੱਪ ਪੰਜਾਬ ਹੱਬ (ਨਿਊਰੋਨ) ਦਾ ਦੌਰਾ ਕੀਤਾ ਅਤੇ ਇਨਵੈਸਟ ਪੰਜਾਬ ਟੀਮ ਨਾਲ ਗੱਲਬਾਤ ਕੀਤੀ। ਭਾਰਤੀ ਮਿਸ਼ਨਾਂ ਦੇ ਮੁਖੀਆਂ ਨੇ ਜ਼ੀਆਰਆਈਐਚਏ 5 ਦਰਜਾ ਪ੍ਰਾਪਤ ਟਾਇਰ - ||| ਡਾਟਾ ਸੈਂਟਰ, ਨਿਊਰੋਨ ਸੈਂਟਰ ਆਫ ਐਂਟਰਪ੍ਰੈਨਿਓਰਸ਼ਿਪ (ਸੀਓਈ) ਅਤੇ ਐਸ.ਟੀ.ਪੀ.ਆਈ. ਮੋਹਾਲੀ ਵਿਖੇ ਪੂਰੀ ਤਰ੍ਹਾਂ ਨਾਲ ਲੈਸ ਇਨਕਿਊਬੇਸ਼ਨ ਸਪੇਸ ਸਮੇਤ ਅਤਿਆਧੁਨਿਕ ਸਹੂਲਤਾਂ ਦਾ ਦੌਰਾ ਕੀਤਾ। ਨਿਊਰੋਨ ਸੀਓਈ ਏਆਈ/ ਡਾਟਾ ਅਨੇਲੀਟਿਕਸ, ਐਲਓਟੀ ਅਤੇ ਏਵੀਜੀ ਦੇ ਖੇਤਰ ਵਿੱਚ ਹੋਨਹਾਰ ਸਟਾਰਟ-ਅੱਪਸ ਦੀ ਪਛਾਣ ਕਰਨ ਅਤੇ ਉਹਨਾਂ ਦਾ ਮੁਲਾਂਕਣ ਕਰਨ ਲਈ ਇੱਕ ਪਹਿਲਕਦਮੀ ਹੈ ਅਤੇ ਏਆਈ/ਡਾਟਾ ਵਿਸ਼ਲੇਸ਼ਣ, ਐਲਓਟੀ ਅਤੇ ਏਵੀਜੀ ਲਈ ਸਮਰਪਿਤ ਲੈਬਾਂ ਦੇ ਨਾਲ 500 ਸੀਟਾਂ ਇਨਕਿਊਬੇਸ਼ਨ ਸਪੇਸ ਸਮਰਪਿਤ ਕੀਤੀ ਹੈ। ਭੌਤਿਕ ਬੁਨਿਆਦੀ ਢਾਂਚੇ ਤੋਂ ਇਲਾਵਾ, ਹੱਬ ਕੋਲ ਟੈਕਨੋਕ੍ਰੇਟ ਸਲਾਹਕਾਰ, ਸਲਾਹਕਾਰ/ਸਿਖਲਾਈ ਪ੍ਰੋਗਰਾਮਾਂ ਅਤੇ ਵੀਸੀ ਫੰਡਿੰਗ ਤੱਕ ਪਹੁੰਚ ਹੈ। ਡੈਲੀਗੇਟਾਂ ਨੇ ਐਸ.ਟੀ.ਪੀ.ਆਈ. ਮੋਹਾਲੀ ਵਿਖੇ ਸਥਿਤ ਐਗਰੀਟੇਕ, ਮੈਡੀਟੇਕ, ਫਿਨਟੇਕ, ਐਡਟੈੱਕ ਆਦਿ ਵਰਗੇ ਵੱਖ-ਵੱਖ ਸੈਕਟਰਾਂ ਵਿੱਚ ਰਾਜ ਦੇ ਮੋਹਰੀ ਸਟਾਰਟ-ਅੱਪਸ ਨਾਲ ਵੀ ਗੱਲਬਾਤ ਕੀਤੀ।

ਅਧਿਕਾਰ ਖੇਤਰ ਦੇ ਡਾਇਰੈਕਟਰ ਐਸ.ਟੀ.ਪੀ.ਆਈ. ਪਰਿਤੋਸ਼ ਡੰਡਰੀਆਲ ਨੇ ਵਫਦ ਨਾਲ ਪੰਜਾਬ ਵਿੱਚ ਸਟਾਰਟਅਪ ਈਕੋਸਿਸਟਮ ਅਤੇ ਸਟਾਰਟਅੱਪ ਪੰਜਾਬ ਰਾਹੀਂ ਸਰਕਾਰ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਬਾਰੇ ਜਾਣਕਾਰੀ ਸਾਂਝੀ ਕੀਤੀ। ਵਫਦ ਨੇ ਖੇਤਰ ਵਿੱਚ ਰਾਜ ਸਰਕਾਰ ਅਤੇ ਐਸਟੀਪੀਆਈ ਦੁਆਰਾ ਪ੍ਰਦਾਨ ਕੀਤੇ ਬੁਨਿਆਦੀ ਢਾਂਚੇ ਅਤੇ ਅਨੁਕੂਲ ਵਾਤਾਵਰਣ ਪ੍ਰਣਾਲੀ ਦੀ ਸ਼ਲਾਘਾ ਕੀਤੀ ਜਿਸ ਕਾਰਨ ਇਹ ਦੇਸ਼ ਵਿੱਚ ਇੱਕ ਆਗਾਮੀ ਆਈਟੀ ਅਤੇ ਸਟਾਰਟ-ਅੱਪ ਹੱਬ ਵਜੋਂ ਉਭਰਿਆ ਹੈ। ਇਹ ਵਿਲੱਖਣ ਨਕਲ ਪੰਜਾਬ ਦੇ ਤਕਨੀਕੀ ਸਟਾਰਟਅੱਪਾਂ ਨੂੰ ਗਲੋਬਲ ਆਈਸੀਟੀ ਨਕਸ਼ੇ 'ਤੇ ਆਉਣ ਵਿੱਚ ਮਦਦ ਕਰੇਗੀ। ਸੀ.ਈ.ਓ ਇਨਵੈਸਟ ਪੰਜਾਬ ਕਮਲ ਕਿਸ਼ੋਰ ਯਾਦਵ, ਆਈ.ਏ.ਐਸ, ਨੇ ਪੰਜਾਬ ਵਿੱਚ ਨਿਵੇਸ਼ਕਾਂ ਨੂੰ ਪ੍ਰੋਜੈਕਟ ਵਿਚਾਰਧਾਰਾ ਅਤੇ ਯੋਜਨਾਬੰਦੀ ਤੋਂ ਅਮਲੀਜਾਮਾ ਅਤੇ ਬਾਅਦ ਦੀ ਦੇਖਭਾਲ ਤੱਕ ਦੀ ਸਹੂਲਤ ਦੇਣ ਲਈ ਇਨਵੈਸਟ ਪੰਜਾਬ ਦਾ ਵਨ-ਸਟਾਪ-ਆਫਿਸ ਮਾਡਲ ਪੇਸ਼ ਕੀਤਾ। ਉਨ੍ਹਾਂ ਨੇ ਸਰਕਾਰ ਦੀਆਂ ਉਦਯੋਗ ਪੱਖੀ ਨੀਤੀਆਂ, ਸੜਕ, ਰੇਲਵੇ ਅਤੇ ਹਵਾਈ ਮਾਰਗਾਂ ਦੇ ਮਾਮਲੇ ਵਿੱਚ ਪੰਜਾਬ ਦੀ ਕਨੈਕਟੀਵਿਟੀ, ਬਿਨਾਂ ਕਿਸੇ ਨਿਵਾਸ ਪਾਬੰਦੀਆਂ ਦੇ ਦੋਸਤਾਨਾ ਕਿਰਤ ਸਬੰਧਾਂ ਅਤੇ ਨਿਰਵਿਘਨ ਬਿਜਲੀ ਸਪਲਾਈ ਨੂੰ ਉਜਾਗਰ ਕੀਤਾ ਜੋ ਕਿ ਪੰਜਾਬ ਵਿੱਚ ਆਪਣੇ ਸੰਚਾਲਨ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਕਾਰੋਬਾਰਾਂ ਲਈ ਅਨੁਕੂਲ ਹਨ। ਪੰਜਾਬ ਦੇ ਉਦਯੋਗਿਕ ਵਾਤਾਵਰਣ ਦੀਆਂ ਖੂਬੀਆਂ ਅਤੇ ਵਿਸ਼ਵ ਲਈ ਇਸਦੀ ਸੰਭਾਵਨਾ ਬਾਰੇ ਚਰਚਾ ਕਰਦੇ ਹੋਏ, ਸੀ.ਈ.ਓ. ਇਨਵੈਸਟ ਪੰਜਾਬ ਨੇ ਭਾਰਤੀ ਮਿਸ਼ਨਾਂ ਦੇ ਮੁਖੀਆਂ ਨਾਲ, ਪੰਜਾਬ ਅਤੇ ਸਬੰਧਤ ਦੇਸ਼ਾਂ ਵਿਚਕਾਰ ਵਪਾਰ ਅਤੇ ਸਹਿਯੋਗ ਦੇ ਵੱਖ-ਵੱਖ ਮੌਕਿਆਂ ਨੂੰ ਵੀ ਸਾਂਝਾ ਕੀਤਾ। ਡੈਲੀਗੇਟਾਂ ਨੇ ਪੰਜਾਬ ਵਿੱਚ ਕਾਰੋਬਾਰ ਕਰਨ ਵਿੱਚ ਅਸਾਨੀ ਅਤੇ ਉਦਯੋਗ ਦੇ ਵਿਕਾਸ ਨੂੰ ਉਤਸਾਹਿਤ ਕਰਨ ਲਈ ਸੂਬਾ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਪੰਜਾਬ ਨਾਲ ਲੰਬੇ ਸਮੇਂ ਦੇ ਆਪਸੀ ਲਾਭਕਾਰੀ ਸਬੰਧਾਂ ਨੂੰ ਕਾਇਮ ਕਰਨ ਦੀ ਉਮੀਦ ਪ੍ਰਗਟਾਈ।

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮਿਆਰੀ ਗੁੜ ਤੇ ਸ਼ੱਕਰ ਬਣਾਉਣ ਸੰਬੰਧੀ ਕਿੱਤਾ-ਮੁਖੀ ਸਿਖਲਾਈ ਕੋਰਸ





**ਹੁਸ਼ਿਆਰਪੁਰ.,: (ਓ ਪੀ ਰਾਣਾ, ਬਲਬੀਰ ਸਿੰਘ ਸੈਣੀ** )ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਅਗਵਾਈ ਹੇਠ ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਵੱਲੋਂ ਗੁੜ/ਸ਼ੱਕਰ ਬਣਾਉਣਾ ਅਤੇ ਮੁੱਲ ਵਾਧੇ ਲਈ ਇਸ ਤੋਂ ਹੋਰ ਪਦਾਰਥ ਤਿਆਰ ਕਰਨਾ ਸਬੰਧੀ ਕਿੱਤਾ ਮੁਖੀ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਗਿਆ। ਇਸ ਸਿਖਲਾਈ ਵਿੱਚ ਕੁੱਲ 34 ਕਿਸਾਨ/ਕਿਸਾਨ ਬੀਬੀਆਂ ਨੇ ਹਿੱਸਾ ਲਿਆ। ਉਦਘਾਟਨੀ ਪ੍ਰੋਗਰਾਮ ਦੌਰਾਨ ਡਾ. ਮਨਿੰਦਰ ਸਿੰਘ ਬੌਂਸ, ਉਪ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਨੇ ਆਏ ਹੋਏ ਸਿਖਿਆਰਥੀਆਂ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ ਵਧੀਆ ਗੁੜ ਤੇ ਸ਼ੱਕਰ ਬਣਾਉਣ ਸਬੰਧੀ ਸਿਖਲਾਈਆਂ ਵੱਖ-ਵੱਖ ਕੇਂਦਰਾਂ ਵਿੱਚ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਡਾ. ਬੌਂਸ ਨੇ ਮਿਆਰੀ ਗੁੜ-ਸ਼ੱਕਰ ਉਤਪਾਦਨ ਲਈ ਗੰਨੇ ਦੀ ਫਸਲ ਦੀ ਕਾਸ਼ਤ ਬਾਰੇ ਸਿਫਾਰਿਸ਼ ਤਕਨੀਕਾਂ ਅਪਨਾਉਣ ਪ੍ਰਤੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ ਵਿਭਾਗ, ਪੀ.ਏ.ਯੂ., ਲੁਧਿਆਣਾ ਪਿਛਲੇ ਕਈ ਸਾਲਾਂ ਤੋਂ ਗੁੜ ਉਤਪਾਦਕਾਂ ਲਈ ਸਿਖਲਾਈਆਂ ਲਗਾ ਰਿਹਾ ਹੈ ਅਤੇ ਇਸ ਦੌਰਾਨ ਅਗਾਂਹਵਧੂ ਕਿਸਾਨਾਂ ਨੂੰ ਰਿਫ੍ਰੈਕਟੋਮੀਟਰ ਅਤੇ ਪੀ. ਐੱਚ. ਮੀਟਰ ਯੰਤਰ ਵੀ ਉਪਲਬਧ ਕਰਵਾ ਰਿਹਾ ਹੈ। ਸਿਖਲਾਈ ਕੋਰਸ ਦੌਰਾਨ ਡਾ. ਅਜੈਬ ਸਿੰਘ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ), ਕੇ.ਵੀ.ਕੇ ਹੁਸ਼ਿਆਰਪੁਰ ਨੇ ਵਧੀਆ ਗੁੜ ਦੇ ਉਤਪਾਦਨ ਅਤੇ ਪੈਕਿੰਗ ਸਬੰਧੀ ਵਿਸਥਾਰ ਨਾਲ ਜਾਣਕਾਰੀ ਮੁਹੱਈਆ ਕਰਵਾਈ ਉਨ੍ਹਾਂ ਵਧੀਆ ਗੁੜ ਤੇ ਸ਼ੱਕਰ ਬਣਾਉਣ ਸਬੰਧੀ ਵੱਖ-ਵੱਖ ਯੰਤਰਾਂ ਜਿਵੇਂ ਕਿ ਰਿਫ੍ਰੈਕਟੋਮੀਟਰ ਅਤੇ ਪੀ. ਐੱਚ. ਮੀਟਰ ਸਬੰਧੀ ਦੱਸਿਆ। ਉਨ੍ਹਾਂ ਦੱਸਿਆ ਕਿ ਪੈਂਵੀਂ ਘੁਲਾੜੇ ਲੱਗਭਗ 70 ਫੀਸਦੀ ਰਸ ਕੱਢ ਲੈਂਦੇ ਹਨ, ਜਦਕਿ ਖੜਵੀਂ ਘੁਲਾੜੇ ਲੱਗਭਗ 60 ਫੀਸਦੀ ਰਸ ਕੱਢ ਲੈਂਦੇ ਹਨ। ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਗੰਨੇ ਦੀ ਕਟਾਈ ਤੋਂ 24 ਘੰਟਿਆਂ ਦੇ ਅੰਦਰ-ਅੰਦਰ ਪ੍ਰੋਸੈਸ ਕਰ ਲੈਣਾ ਚਾਹੀਦਾ ਹੈ। ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨ- ਪਿੰਡ ਅੱਜੋਵਾਲ ਤੋਂ ਨਰਿੰਦਰ ਸਿੰਘ, ਪਿੰਡ ਬੁਗਰਾ ਤੋਂ ਮਨਮੋਹਨ ਸਿੰਘ ਖਾਲਸਾ, ਪਿੰਡ ਖੁਰਾਲਾ ਖੁਰਦ ਤੋਂ ਮਨਦੀਪ ਸਿੰਘ ਅਤੇ ਪਿੰਡ ਮਜਾਰਾ ਡਿੰਗਰੀਆਂ ਤੋਂ ਗੁਰਮੁੱਖ ਸਿੰਘ ਨੇ ਵਧੀਆ ਗੁੜ ਤੇ ਸ਼ੱਕਰ ਬਣਾਉਣ ਦੇ ਅਮਲੀ ਨੁਕਤਿਆਂ ਬਾਰੇ ਤਜਰਬੇ ਵੀ ਸਾਂਝੇ ਕੀਤੇ। ਜ਼ਿਲ੍ਹਾ ਉਦਯੋਗ ਕੇਂਦਰ, ਹੁਸ਼ਿਆਰਪੁਰ ਤੋਂ ਇਕਬਾਲ ਸਿੰਘ ਅਤੇ ਅਭੀਸ਼ੇਕ ਮਹਿਤਾ, ਸੀਨੀਅਰ ਉਦਯੋਗ ਪ੍ਰਮੋਸ਼ਨ ਅਫਸਰ ਉਚੇਚੇ ਤੌਰ 'ਤੇ ਇਸ ਕੋਰਸ ਦੌਰਾਨ ਸਿਖਿਆਰਥੀਆਂ ਨਾਲ ਰੂ-ਬ-ਰੂ ਹੋਏ ਅਤੇ ਗੁੜ-ਸ਼ੱਕਰ ਪਲਾਂਟ ਲਗਾਉਣ ਬਾਬਤ ਸਰਕਾਰੀ ਸਕੀਮਾਂ ਬਾਰੇ ਚਾਨਣਾ ਪਾਇਆ। ਸਿਖਲਾਈ ਦੌਰਾਨ ਪਿੰਡ ਨੀਲਾ ਨਲੋਆ ਤੋਂ ਅਗਾਂਹਵਧੂ ਗੁੜ-ਸ਼ੱਕਰ ਉਤਪਾਦਕ, ਪ੍ਰਿੰਸੀਪਲ (ਸੇਵਾ ਮੁਕਤ) ਤਰਸੇਮ ਸਿੰਘ ਦੇ ਫਾਰਮ ਦਾ ਵੀ ਦੌਰਾ ਕਰਵਾਇਆ ਗਿਆ। ਸਾਰੇ ਸਿਖਿਆਰਥੀ ਇਸ ਸਿਖਲਾਈ ਦੌਰਾਨ ਦਿੱਤੀ ਤਕਨੀਕੀ ਜਾਣਕਾਰੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ ਅਤੇ ਗੁੜ ਉਤਪਾਦਕਾਂ ਲਈ ਇਸ ਤਰ੍ਹਾਂ ਦੇ ਸਿਖਲਾਈ ਪ੍ਰੋਗਰਾਮਾਂ ਦਾ ਪ੍ਰਬੰਧ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦਾ ਧੰਨਵਾਦ ਕੀਤਾ।

# ਸਿਲਵਰ ਓਕ ਸਕੂਲ ਨੇ ਨਵੇਕਲੇ ਢੰਗ ਨਾਲ ਕੀਤਾ ਦੀਵਾਲੀ ਦੀਆਂ ਖੁਸ਼ੀਆਂ ਦਾ ਆਗਾਜ਼



**ਟਾਂਡਾ ਉੜਮੜ ( ਉਂਕਾਰ ਸਿੰਘ, ਜਸਵਿੰਦਰ ਸੰਧੂ )** -ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜ਼ਪੁਰ ਦੇ ਬੱਚਿਆਂ ਨੇ ਇਸ ਵਾਰ ਦੀਵਾਲੀ ਇੱਕ ਨਿਵੇਕਲੇ ਢੰਗ ਨਾਲ ਮਨਾਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿਚ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦੀ ਮਿਹਨਤ ਤੇ ਲਗਨ ਨਾਲ ਕਈ ਦਿਨ ਲਗਾ ਕੇ ਆਪਣੇ ਹੱਥਾਂ ਨਾਲ ਅਲੱਗ ਅਲੱਗ ਤਰਾਂ ਦਾ ਆਰਟ ਐਂਡ ਕਰਾਫਟ ਦਾ ਸਮਾਨ ਤਿਆਰ ਕੀਤਾ। ਤਿਆਰ ਕਰਨ ਤੋਂ ਬਾਅਦ ਇਸ ਸਮਾਨ ਨੂੰ ਲਿਜਾ ਕੇ ਉੜਮੁੜ ਬਜ਼ਾਰ ਵਿੱਚ ਮੰਦਰ ਦੇ ਕੋਲ ਸਟਾਲ ਲਗਾ ਕੇ ਵਿੱਕਰੀ ਲਈ ਲਗਾਇਆ ਗਿਆ. ਬੱਚਿਆਂ ਵੱਲੋਂ ਇਹ ਸਮਾਨ ਏਨਾ ਖੂਬਸੂਰਤ ਤੇ ਵਧੀਆ ਬਣਾਇਆ ਗਿਆ ਸੀ ਕਿ ਕੁਝ ਹੀ ਸਮੇਂ ਵਿੱਚ ਸਾਰਾ ਸਮਾਨ ਲੋਕਾਂ ਵਲੋਂ ਖਰੀਦ ਲਿਆ ਗਿਆ। ਸਕੂਲ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਬੱਚਿਆਂ ਦੇ ਸਮਾਨ ਬਣਾਉਣ ਦੇ ਪਿੱਛੇ ਮਕਸਦ ਸਿਰਫ ਏਨਾ ਸੀ ਕੀ ਬੱਚਿਆਂ ਦੀ ਮਿਹਨਤ ਦੁਆਰਾ ਬਣਾਇਆ ਗਿਆ। ਇਹ ਸਮਾਨ ਬਾਜਾਰ ਵਿੱਚ ਵੇਚ ਕੇ ਇਸ ਤੋਂ ਕਮਾਏ ਹੋਏ ਪੈਸਿਆਂ ਨੂੰ ਇਲਾਕੇ ਵਿੱਚ ਬਹੁਤ ਹੀ ਬਿਹਤਰੀਨ ਸੇਵਾ-ਭਾਵਨਾ ਦਾ ਕੰਮ ਕਰ ਰਹੇ ਬਾਬਾ ਦੀਪ ਸਿੰਘ ਸੇਵਾ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਗੁਰੂ ਆਸਰਾ ਸੇਵਾ ਘਰ ਵਿਖੇ ਬੇਸਹਾਰਿਆਂ ਅਤੇ ਜਰੂਰਤਮੰਦਾਂ ਲਈ ਜਰੂਰੀ ਸਮਾਨ ਪਹੁੰਚਾ ਕੇ ਬੱਚਿਆਂ ਦੇ ਅੰਦਰ ਦੂਸਰਿਆਂ ਦੀ ਸੇਵਾ ਦੀ ਭਾਵਨਾ ਦਾ ਪਸਾਰ ਕਰਨਾ ਸੀ। ਇਸ ਮੌਕੇ ਤੇ ਨਿਮਰਤ, ਸੌਰਭੀ, ਹਰਲੀਨ, ਐਂਜਲ, ਖੁਸ਼ੀ, ਅਵੰਤਿਕਾ, ਮਨਮੀਤ, ਅੰਸ਼ਿਕਾ, ਗੁਰਨੀਤ , ਗਰਿਮਾ, ਹਰਮਨ, ਨਵਨੀਤ, ਇੰਦਰ, ਸੰਦੀਪ ਆਦਿ ਵਿਦਿਆਰਥੀਆਂ ਨੇ ਆਪਣਾ ਯੋਗਦਾਨ ਦਿੱਤਾ। ਸਕੂਲ ਦੇ ਅਧਿਆਪਕ ਬਿਕਰਮਜੀਤ ਸਿੰਘ ਭੇਲਾ ਅਤੇ ਸੰਜੀਵ ਕੁਮਾਰ ਸਰਮਾ ਨੇ ਦੱਸਿਆ ਕਿ ਅਸੀਂ ਆਪਣੇ ਇਸ ਪਵਿੱਤਰ ਮਕਸਦ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੇ ਹਾਂ. ਉਨ੍ਹਾਂ ਕਿਹਾ ਕਿ ਇਹ ਬੱਚਿਆਂ ਦੀ ਮਿਹਨਤ ਰੰਗ ਲਿਆਈ ਹੈ ਅਤੇ ਬੱਚਿਆਂ ਦੁਆਰਾ ਮਿਹਨਤ ਦਾ ਤਿਆਗ ਕੀਤਾ ਇਹ ਸਮਾਂ ਅਤੇ ਉਸ ਤੋਂ ਇਕੱਠਾ ਹੋਇਆ ਪੈਸਾ ਬੇਸਹਾਰਿਆਂ ਦੇ ਲਈ ਇੱਕ ਛੋਟੀ ਜਿਹੀ ਮਦਦ ਸਾਬਿਤ ਹੋਵੇਗਾ ਅਤੇ ਇਸਦੇ ਨਾਲ ਹੀ ਬੱਚਿਆਂ ਵਿੱਚ ਦੂਜਿਆਂ ਪ੍ਰਤੀ ਸੇਵਾ ਭਾਵਨਾ ਵੀ ਪੈਦਾ ਹੋਵੇਗੀ। ਇਸ ਮੌਕੇ 'ਤੇ ਸਕੂਲ ਦੇ ਮੈਨੇਜਰ ਕਰਨਜੀਤ ਸਿੰਘ ਅਤੇ ਤਰਨ ਸੈਣੀ ਦਾ ਬੱਚਿਆਂ ਨੂੰ ਪੂਰਾ ਸਹਿਯੋਗ ਰਿਹਾ ਅਤੇ ਹੋਰਾਂ ਨੇ ਬੱਚਿਆਂ ਦੀ ਪੂਰੀ ਹੌਸਲਾ ਅਫਜਾਈ ਕੀਤੀ ਕਿ ਬੱਚਿਆਂ ਦੀ ਮਿਹਨਤ ਸਭ ਸਹੀ ਦਿਸ਼ਾ ਵੱਲ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਵੱਲੋਂ ਪੁੱਟੇ ਜਾ ਰਹੇ ਨੇ ਕਦਮ ਉਨ੍ਹਾਂ ਨੂੰ ਤਰੱਕੀ ਦੇ ਰਾਹ ਵੱਲ ਲੈ ਕੇ ਜਾਣਗੇ । ਇਸ ਮੌਕੇ 'ਤੇ ਗਜਿੰਦਰ ਪਾਲ ਸਿੰਘ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਕੰਚਨ, ਸੁਮਿਤ ਕੌਰ, ਬਲਜੀਤ ਕੌਰ, ਗੁਰਪ੍ਰੀਤ ਕੌਰ, ਆਰਤੀ, ਅਨੁਰਾਧਾ, ਸੁਖਜਿੰਦਰ ਸਿੰਘ, ਨੀਨਾ, ਦਮਨ, ਮੀਨਾ, ਪਰਮਜੀਤ ਕੌਰ ਰਾਜਬੀਰ, ਰਾਜਵਿੰਦਰ ਅਤੇ ਹੋਰ ਸਟਾਫ ਮੌਜੂਦ ਸੀ।

# ਦੋ ਮੁਕੱਦਮਿਆਂ 'ਚ ਲੋੜੀਂਦੇ ਮੁਲਜ਼ਮ ਨੂੰ ਕੀਤਾ ਗ੍ਰਿਫਤਾਰ



**ਫਿਲੌਰ (ਨਿਰਮਲ)**-ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਸਵਰਨਦੀਪ ਸਿੰਘ ਦੇ ਦਿਸ਼ਾ ਨਿਰਦੇਸਾਂ ਅਨੁਸਾਰ, ਮਾੜੇ ਅਨਸਰਾਂ/ਨਸ਼ਾ ਤਸਕਰਾਂ ਦੇ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸਰਬਜੀਤ ਸਿੰਘ ਬਾਹੀਆ ਪੁਲਸ ਕਪਤਾਨ ਇੰਨਵੈਸਟੀਗੇਸਨ ਜਲੰਧਰ ਦਿਹਾਤੀ, ਜਤਿੰਦਰ ਸਿੰਘ ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਦੀ ਅਗਵਾਈ ਹੇਠ ਮੁੱਖ ਅਫਸਰ ਥਾਣਾ ਫਿਲੌਰ ਇੰਸਪੈਕਟਰ ਸੁਰਿੰਦਰ ਕੁਮਾਰ ਅਤੇ ਉਹਨਾਂ ਦੀ ਟੀਮ ਵੱਲੋਂ 01 ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਸੁਰਿੰਦਰ ਕੁਮਾਰ ਮੁੱਖ ਅਫਸਰ ਥਾਣਾ ਫਿਲੌਰ ਨੇ ਦੱਸਿਆ ਕਿ ਥਾਣਾ ਫਿਲੌਰ ਵਿਖੇ 42 ਗ੍ਰਾਮ ਹੈਰੋਇਨ ਬਰਾਮਦ ਕਰਨ ਸਬੰਧੀ ਮੁੱਕਦਮਾ ਦਰਜ ਹੋਇਆ ਸੀ। ਜਿਸ ਵਿੱਚ ਗੁਰਦੀਪ ਸਿੰਘ ਉਕਤ ਲੋੜੀਂਦਾ ਸੀ। ਜੋ ਮਿਤੀ 16.10.2022 ਦੌਰਾਨੇ ਤਫਤੀਸ਼ ਗੁਰਦੀਪ ਸਿੰਘ ਉਰਫ ਦੀਪਾ ਉਕਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੀਪਾ ਨੇ ਦੱਸਿਆ ਕਿ ਉਸਤੇ ਥਾਣਾ ਸ਼ੰਭੂ ਜ਼ਿਲ੍ਹਾ ਪਟਿਆਲਾ ਵਿਖੇ ਤਹਿਤ ਮੁੱਕਦਮਾ ਦਰਜ ਹੋਇਆ ਸੀ ਜਿਸ ਵਿੱਚ ਇਸਨੂੰ 10 ਸਾਲ ਦੀ ਸਜਾ ਹੋਈ ਸੀ। 4 ਸਾਲ ਸਜਾ ਕੱਟੀ ਹੈ। ਸੱਜਾ ਕੱਟ ਕੇ ਆਉਣ ਤੋਂ ਬਾਅਦ ਇਸਨੇ ਹੈਰੋਇਨ ਵੇਚਣ ਦਾ ਧੰਦਾ ਸ਼ੁਰੂ ਕਰ ਦਿੱਤਾ ਸੀ ਜੋ ਉਹ ਹੈਰੋਇਨ ਲਿਆ ਕੇ ਫਿਲੌਰ ਦੇ ਏਰੀਆ ਵਿੱਚ ਵੇਚਦਾ ਸੀ। ਇਸਨੇ ਇਹ ਵੀ ਦੱਸਿਆ ਕਿ ਇਸਨੇ ਨਸ਼ਾ ਵੇਚ ਕੇ ਲੁਧਿਆਣਾ ਸ਼ਹਿਰ ਵਿੱਚ ਯਾਸਵੀ ਇਨਕਲੇਵ ਵਿੱਚ ਕੋਠੀ ਖਰੀਦੀ ਹੈ।ਜਿਥੇ ਉਹ ਸਾਰਾ ਕਾਰੋਬਾਰ ਕਰਦਾ ਹੈ। ਜੋ ਇਸਨੇ ਇੱਕ ਕਾਰ ਬਰੀਜਾ ਵੀ ਲਈ ਹੈ। ਹੋਰ ਵੀ ਕਾਫੀ ਸਮਾਨ ਨਸ਼ਾ ਵੇਚ ਕੇ ਖਰੀਦ ਕੀਤਾ ਹੈ । ਇਸ 'ਤੇ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਵੀ ਮੁੱਕਦਮਾ ਦਰਜ ਹੈ ਅਤੇ ਇਹ ਹੋਰ ਵੀ 02 ਮੁੱਕਦਮਿਆਂ ਵਿੱਚ ਲੋੜੀਂਦਾ ਹੈ ਜੋ ਗੁਰਦੀਪ ਸਿੰਘ ਉਰਫ ਦੀਪਾ ਦਾ 02 ਦਿਨ ਦਾ ਪੁਲਸ ਰਿਮਾਂਡ ਹਾਸਿਲ ਕੀਤਾ ਗਿਆ ਅਤੇ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ।

## ਰਾਏਪੁਰ ਵਿਖੇ ਸਾਲਾਨਾ ਗੁਰਮਤਿ ਸਮਾਗਮ 24 ਨੂੰ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** -ਗੁਰਦੁਆਰਾ ਸ੍ਰੀ ਅਮਰਗੜ੍ਹ ਸਾਹਿਬ ਵਿਖੇ ਅਮਰ ਸ਼ਹੀਦ ਬੀਬੀ ਸਰਨ ਕੌਰ ਸੇਵਾ ਸੁਸਾਇਟੀ ਅਤੇ ਇਲਾਵਾ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਮਾਨ ਸੰਤ ਬਾਬਾ ਗੁਰਚਰਨ ਸਿੰਘ ਜੀ ਰਾਏਪੁਰ ਵਾਲਿਆਂ ਦੀ 14ਵੀਂ ਮਿੱਠੀ ਯਾਦ ਵਿਚ ਸਾਲਾਨਾ ਗੁਰਮਤਿ ਸਮਾਗਮ 24 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਸਮਾਗਮ ਦੌਰਾਨ ਭਾਈ ਮਹਿੰਦਰ ਸਿੰਘ ਚਮਕ, ਭਾਈ ਸੁਲਤਾਨ ਸਿੰਘ, ਭਾਈ ਨਰਿੰਦਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਸੰਤ ਬਾਬਾ ਗੁਰਪ੍ਰੀਤ ਸਿੰਘ ਕਾਲਵਾ, ਸੰਤ ਬਾਬਾ ਸਰਬਜੀਤ ਸਿੰਘ ਸੰਧੂਆਂ, ਬਾਬਾ ਜੋਗਿੰਦਰ ਸਿੰਘ ਸ੍ਰੀ ਚਮਕੌਰ ਸਾਹਿਬ ਅਤੇ ਬਾਬਾ ਤਾਰਾ ਸਿੰਘ ਮੁਹਾਲੀ ਆਦਿ ਵਿਦਵਾਨ ਅਤੇ ਰਾਗੀ ਜਥੇ ਪਹੁੰਚ ਰਹੇ ਹਨ।

## ਸਲਾਹਪੁਰ ਤੇ ਮੌਜਲੀਪੁਰ ਵਿਖੇ ਪੇਂਡੂ ਸਿਹਤ ਤੇ ਸਫਾਈ ਕਮੇਟੀ ਦੀ ਮੀਟਿੰਗ ਹੋਈ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਬਜ਼ੀਦਪੁਰ ਅਧੀਨ ਪਿੰਡ ਸਲਾਹਪੁਰ ਤੇ ਮੌਜਲੀਪੁਰ ਵਿਖੇ ਪੇਂਡੂ ਸਿਹਤ ਤੇ ਸਫਾਈ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਕਰਮਜੀਤ ਕੌਰ ਆਸ਼ਾ ਵਰਕਰ ਵੱਲੋਂ ਡੇਂਗੂ ਸਬੰਧੀ ਕਮੇਟੀ ਮੈਂਬਰਾਂ ਨੂੰ ਜਾਗਰੂਕ ਕੀਤਾ ਗਿਆ। ਕਮੇਟੀ ਦੀ ਮੀਟਿੰਗ ਦੌਰਾਨ ਪਿੰਡ ਵਿੱਚ ਸਾਫ-ਸਫਾਈ ਤੇ ਲੋਕਾਂ ਨੂੰ ਡੇਂਗੂ ਬਿਮਾਰੀ ਸਬੰਧੀ ਜਾਗਰੂਕ ਕਰਨ ਤੇ ਚਰਚਾ ਕੀਤੀ ਗਈ। ਇਸ ਮੌਕੇ ਤੇ ਪਿੰਡ ਵਿੱਚ ਆਪਣੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਨਾ ਹੋਣ ਦੇਣ ਬਾਰੇ, ਜਿਥੇ ਪਾਣੀ ਖੜਾ ਹੈ ਉਥੇ ਕਾਲੇ ਤੇਲ ਦਾ ਛਿੜਕਾਅ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਕਰਮਜੀਤ ਕੌਰ ਆਸ਼ਾ ਨੇ ਕਿਹਾ ਕਿ ਜੇਕਰ ਕਿਸੀ ਵਿਅਕਤੀ ਨੂੰ ਤੇਜ ਸਿਰ ਦਰਦ ਤੇ ਤੇਜ਼ ਬੁਖਾਰ ਹੋਵੇ, ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ ਹੋਵੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਜੀ ਕੱਚਾ ਹੋਣਾ ਅਤੇ ਉਲਟੀਆਂ ਲੱਗਣਾ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਆਦਿ ਲੱਛਣ ਹੋਣ ਤਾਂ ਇਹ ਡੇਂਗੂ ਦੇ ਲੱਛਣ ਹੋ ਸਕਦੇ ਹਨ। ਇਸ ਲਈ ਸਰਕਾਰੀ ਹਸਪਤਾਲ ਵਿੱਚ ਜਾ ਕੇ ਡਾਕਟਰ ਤੋਂ ਆਪਣਾ ਮੁਆਇਨਾ ਕਰਵਾ ਕੇ ਟੈਸਟ ਕਰਵਾਉਣਾ ਚਾਹੀਦਾ ਹੈ। ਡੇਂਗੂ ਦਾ ਮੱਛਰ ਕੂਲਰਾਂ ਵਿੱਚ, ਪਾਣੀ ਦੀਆਂ ਟੈਂਕੀਆਂ ਵਿੱਚ, ਗਮਲਿਆਂ ਵਿੱਚ, ਟੁੱਟੇ-ਭੱਜੇ/ਸੁੱਟੇ ਭਾਂਡਿਆਂ ਅਤੇ ਟਾਇਰਾਂ ਆਦਿ ਵਿੱਚ ਖੜ੍ਹੇ ਸਾਫ ਪਾਣੀ ਵਿੱਚ ਪਲਦਾ ਹੈ। ਇਸ ਲਈ ਆਪਣੇ ਆਲੇ-ਦੁਆਲੇ ਸਫਾਈ ਰੱਖੀ ਜਾਵੇ। ਇਸ ਮੌਕੇ ਤੇ ਕਮੇਟੀ ਦੇ ਸਮੂਹ ਮੈਂਬਰ ਹਾਜਰ ਸਨ।

# 100 ਮੀਟਰ ਬਟਰਫਲਾਈ 'ਚ ਅਰਸ਼ਪ੍ਰੀਤ ਕੌਰ ਨੇ ਪ੍ਰਾਪਤ ਕੀਤਾ ਪਹਿਲਾ ਸਥਾਨ



**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**-ਖੇਡਾਂ ਵਤਨ ਪੰਜਾਬ ਦੀਆਂ 2022 ਤਹਿਤ ਜਿਲ੍ਹਾ ਐਸ.ਏ.ਐਸ.ਨਗਰ ਵਿਖੇ ਚੱਲ ਰਹੀਆਂ ਰਾਜ ਪੱਧਰੀ ਖੇਡਾਂ ਦੇ ਤੀਜੇ ਦਿਨ ਦੇ ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ ਐਸ.ਏ.ਐਸ.ਨਗਰ ਸ੍ਰੀਮਤੀ ਗੁਰਦੀਪ ਕੌਰ ਨੇ ਦੱਸਿਆ ਕਿ ਫੁੱਟਬਾਲ ਅੰਡਰ-17 ਲੜਕੀਆਂ ਦੇ ਪਹਿਲੇ ਮੈਚ ਵਿੱਚ ਲੁਧਿਆਣਾ ਨੇ ਜਲੰਧਰ, ਦੂਜੇ ਮੈਚ ਵਿੱਚ ਰੂਪਨਗਰ ਨੇ ਮੋਗਾ ਨੂੰ ਤੀਜੇ ਮੈਚ ਵਿੱਚ ਐਸ.ਏ.ਐਸ ਨਗਰ ਨੇ ਫਰੀਦਕੋਟ ਅਤੇ ਚੌਥੇ ਮੈਚ ਵਿੱਚ ਬਠਿੰਡਾ ਨੇ ਸੰਗਰੂਰ ਨੂੰ ਹਰਾਇਆ। ਫੁੱਟਬਾਲ ਅੰਡਰ-17 ਲੜਕਿਆਂ ਦੇ ਪਹਿਲੇ ਮੈਚ ਵਿੱਚ ਰੂਪਨਗਰ ਨੇ ਜਲੰਧਰ ਨੂੰ ਦੂਜੇ ਮੈਚ ਵਿੱਚ ਗੁਰਦਾਸਪੁਰ ਨੇ ਹੁਸ਼ਿਆਰਪੁਰ ਨੂੰ ਤੀਜੇ ਮੈਚ ਵਿੱਚ ਪਟਿਆਲਾ ਨੇ ਐਸ.ਬੀ.ਐਸ ਨਗਰ ਨੂੰ ਹਰਾਇਆ।

ਉਨ੍ਹਾਂ ਦੱਸਿਆ ਕਿ ਬੈਡਮਿੰਟਨ ਅੰਡਰ -14 ਲੜਕੀਆਂ ਵਿੱਚ ਲੁਧਿਆਣਾ ਨੇ ਸੰਗਰੂਰ ਨੂੰ , ਅੰਮ੍ਰਿਤਸਰ ਨੇ ਪਟਿਆਲਾ ਨੂੰ ਸ੍ਰੀ ਮੁਕਤਸਰ ਸਾਹਿਬ ਨੇ ਕਪੂਰਥਲਾ ਨੂੰ ਅਤੇ ਜਲੰਧਰ ਨੇ ਰੂਪਨਗਰ ਨੂੰ ਹਰਾਇਆ ਇਸ ਤਰਾਂ ਲੜਕੇ ਅੰਡਰ-14 ਵਿੱਚ ਪਟਿਆਲਾ ਨੇ ਮਲੇਰਕੋਟਲਾ, ਲੁਧਿਆਣਾ ਨੇ ਗੁਰਦਾਸਪੁਰ, ਜਲੰਧਰ ਨੇ ਬਠਿੰਡਾ ਨੂੰ ਅਤੇ ਅੰਮ੍ਰਿਤਸਰ ਨੇ ਫਾਜਿਲਕਾ ਨੂੰ ਹਰਾਇਆ। ਉਨ੍ਹਾਂ ਦੱਸਿਆ ਕਿ ਲਾਅਨ ਟੈਨਿਸ ਅੰਡਰ -17 ਲੜਕਿਆਂ ਨੇ ਸੈਮੀਫਾਈਨਲ ਮੁਕਾਬਲੇ ਵਿੱਚ ਅੰਮ੍ਰਿਤਸਰ ਅਤੇ ਜਲੰਧਰ ਨੇ ਜਿੱਤ ਪ੍ਰਾਪਤ ਕੀਤੀ।

ਉਨ੍ਹਾਂ ਦੱਸਿਆ ਕਿ ਤੈਰਾਕੀ ਦੇ ਲੜਕੇ ਅੰਡਰ -17 ਦੇ 100 ਮੀਟਰ ਬਟਰਫਲਾਈ ਮੁਕਾਬਲਿਆਂ ਵਿੱਚ ਅਰਨਵ ਸ਼ਰਮਾ ਨੇ ਪਹਿਲਾ, ਕਾਰਤਿਕਆ ਬਹਿਲ ਲੁਧਿਆਣਾ ਨੇ ਅਤੇ ਪਾਰਥ ਪਟਿਆਲਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤਰਾਂ 100 ਮੀਟਰ ਬਟਰਫਲਾਈ ਅੰਡਰ -17 ਲੜਕੀਆਂ ਵਿੱਚ ਅਰਸ਼ਪ੍ਰੀਤ ਕੌਰ ਮੋਹਾਲੀ ਨੇ ਪਹਿਲਾ , ਗੁਨਿਕਾ ਪ੍ਰਭਾਕਰ ਲੁਧਿਆਣਾ ਨੇ ਦੂਜਾ, ਪ੍ਰੀਆਨਿਸ਼ ਸ਼ਰਮਾ ਅੰਮ੍ਰਿਤਸਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਸਾਨ੍ਹ 'ਤੇ ਤੇਜ਼ਾਬ ਸੁੱਟ ਕੇ ਕੀਤਾ ਜ਼ਖ਼ਮੀ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਤੇ ਪੈਂਦੇ ਪਿੰਡ ਸੱਲੋਮਾਜਰਾ (ਸ੍ਰੀ ਚਮਕੌਰ ਸਾਹਿਬ) ਵਿਖੇ ਇਕ ਸਾਨ੍ਹ 'ਤੇ ਕਿਸੇ ਨੇ ਤੇਜਾਬ ਪਾ ਕੇ ਉਸ ਨੂੰ ਬੁਰੀ ਤਰ੍ਹਾਂ ਜਖਮੀ ਕਰ ਦਿੱਤਾ, ਜਿਸ ਕਾਰਨ ਹੁਣ ਇਹ ਬੇਜੁਬਾਨ ਦਰਦ ਨਾਲ ਤੜਫਦਾ ਫਿਰ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਰਮਪ੍ਰੀਤ ਸਿੰਘ ਨੇ ਦੱਸਿਆ ਕਿ ਉਸਨੇ ਇਸ ਨੂੰ ਕਾਬੂ ਕਰਕੇ ਦਵਾਈ ਲਗਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪ੍ਰੰਤੂ ਉਹ ਕਾਬੂ ਨਹੀਂ ਆ ਰਿਹਾ।

ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਸ ਸਾਨ੍ਹ ਨੇ ਕਿਸੇ ਦਾ ਨੁਕਸਾਨ ਵੀ ਕੀਤਾ ਸੀ ਤਾਂ ਵੀ ਇੰਝ ਕਿਸੇ ਬੇਜੁਬਾਨ ਨਾਲ ਨਹੀਂ ਕਰਨਾ ਚਾਹੀਦਾ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸੜਕਾਂ 'ਤੇ ਘੁੰਮਦੇ ਇਨ੍ਹਾਂ ਪਸ਼ੂਆਂ ਦਾ ਕੋਈ ਪੱਕਾ ਹੱਲ ਕੀਤਾ ਜਾਵੇ ਕਿਉਂਕਿ ਸਰਕਾਰ ਪਬਲਿਕ ਤੋਂ ਗਊ ਸੈਂਸ ਦੇ ਨਾਅ 'ਤੇ ਟੈਕਸ ਲੈਂਦੀ ਹੈ ਤੇ ਉਹ ਟੈਕਸ ਕਿਸੇ ਹੋਰ ਥਾਂ ਵਰਤਣ ਦੀ ਬਜਾਏ ਇਨ੍ਹਾਂ ਬੇਜੁਬਾਨਾਂ 'ਤੇ ਲੱਗਣਾ ਚਾਹੀਦਾ ਹੈ ਤਾਂ ਜੋ ਲੋਕ ਅਤੇ ਇਹ ਪਸ਼ੂ ਅਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ।

# ਹੈਂਡਬਾਲ ਖਿਡਾਰੀਆਂ ਦਾ ਦੁਸਾਂਝ ਕਲਾਂ ਪੁੱਜਣ 'ਤੇ ਨਿੱਘਾ ਸਵਾਗਤ



**ਅੱਪਰਾ (ਨਿਰਮਲ ਗੁੜਾ)** ਲੁਧਿਆਣਾ ਵਿਖੇ ਖੇਲੋ ਇੰਡੀਆ ਤਹਿਤ ਚਲ ਰਹੀਆਂ ਖੇਡਾਂ ਦੌਰਾਨ ਜ਼ਿਲ੍ਹਾ ਜਲੰਧਰ ਦੇ 14 ਸਾਲ ਤੋਂ ਛੋਟੇ ਹੈਂਡਬਾਲ ਦੇ ਖਿਡਾਰੀਆਂ ਨੇ ਮੱਲਾਂ ਮਾਰਦਿਆਂ ਸੂਬੇ ਭਰ 'ਚੋਂ ਪਹਿਲਾਂ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ ਦਾ ਸਿਰ ਉੱਚਾ ਕੀਤਾ ਹੈ। ਇਸ ਜੇਤੂ ਟੀਮ ਵਿੱਚ ਹੈਂਡਬਾਲ ਕੋਚਿੰਗ ਸੈਂਟਰ ਦੁਸਾਂਝ ਕਲਾਂ ਦੇ 8 ਬੱਚੇ ਸਨ। ਇਹਨਾਂ ਜੇਤੂ ਖਿਡਾਰੀਆਂ ਦਾ ਦੁਸਾਂਝ ਕਲਾਂ ਪੁੱਜਣ 'ਤੇ ਇਲਾਕਾ ਵਾਸੀਆਂ ਵਲੋਂ ਫੁੱਲਾਂ ਦੇ ਹਾਰ ਪਾ ਕਿ ਢੋਲ ਵਜਾ ਕਿ ਨਿੱਘਾ ਸਵਾਗਤ ਕੀਤਾ ਅਤੇ ਲੱਡੂ ਖੁਆ ਕੇ ਮੂੰਹ ਮਿੱਠਾ ਕਰਵਾਇਆ ਗਿਆ। ਸਰਪੰਚ ਮੱਖਣ ਸਿੰਘ ਦੁਸਾਂਝ ਨੇ ਖਿਡਾਰੀਆਂ ਅਤੇ ਪਰਵਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਇਹਨਾਂ ਖਿਡਾਰੀਆਂ ਦੀ ਜਿੱਤ ਦਾ ਸਿਹਰਾ ਮਾਸਟਰ ਕੁਲਵਿੰਦਰ ਸਿੰਘ ਲੰਬੜ ਨੂੰ ਜਾਂਦਾ ਹੈ, ਜਿਸ ਨੇ ਬਹੁਤ ਦਿਲਚਸਪੀ ਨਾਲ ਇਹਨਾਂ ਖਿਡਾਰੀਆਂ ਦੀ ਤਿਆਰੀ ਕਰਵਾਈ ਹੈ। ਸਰਕਾਰ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਖਿਡਾਰੀਆਂ ਦੀ ਮਾਲੀ ਸਹਾਇਤਾ ਦੇਣ ਵਾਲੇ ਐਨ ਆਰ ਆਈ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਹੈਂਡਬਾਲ ਖਿਡਾਰੀ ਕੁੰਦਨ ਵਿਰਦੀ ਦੁਸਾਂਝ ਕਲਾਂ, ਲਵ ਹੀਰਾ ਦੁਸਾਂਝ ਕਲਾਂ, ਬਲਜਿੰਦਰ ਭੁੱਟਾ ਦੁਸਾਂਝ ਕਲਾਂ, ਸਰਦੀਪ ਦੁਸਾਂਝ ਕਲਾਂ, ਜਤਿਨ ਚੰਦੜ ਦੁਸਾਂਝ ਕਲਾਂ, ਗੈਰੀ ਚੰਦੜ ਲਹਿਲ ਕਲਾਂ, ਗੌਰਵ ਜੱਸੀ ਇੰਦਨਾ ਕਲਾਸਕੇ ਅਤੇ ਹੈਰੀ ਜੱਸੀ ਇੰਦਨਾ ਕਲਾਸਕੇ ਨੂੰ ਖੁੱਲ੍ਹੀ ਜਿਪਸੀ 'ਚ ਪਿੰਡ ਦੀ ਪਰਕਰਮਾ ਕਰਦਿਆਂ ਰੂਬਰੂ ਵੀ ਕੀਤਾ ਗਿਆ।

## ਇਸ਼ਤਿਹਾਰਬਾਜ਼ੀ ਲਈ ਨਗਰ ਨਿਗਮ ਨੂੰ ਟੈਂਡਰ ਕਾਲ ਕਰਨ ਦੀ ਮਨਜ਼ੂਰੀ

**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਨਗਰ ਨਿਗਮ ਪਿਛਲੇ ਕਈ ਸਾਲਾਂ ਤੋਂ ਇਸ਼ਤਿਹਾਰਬਾਜੀ ਕਰਨ ਲਈ ਠੇਕਾ ਨਹੀਂ ਦੇ ਸਕੀ ਸੀ। ਹੁਣ ਪੰਜਾਬ ਸਰਕਾਰ ਨੇ ਇਸ ਨੂੰ ਜਲੰਧਰ ਵਿੱਚ ਇਸ਼ਤਿਹਾਰਬਾਜੀ ਕਰਨ ਲਈ ਟੈਂਡਰ ਕਾਲ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਜਿਸ ਦੀ ਬੋਲੀ ਨਿਰਧਾਰਿਤ ਕੀਮਤ ਅੱਠ ਕਰੋੜ ਅੱਸੀ ਲੱਖ ਰੁਪਏ ਇਸ ਦੇ ਨਾਲ 90 ਹਜਾਰ ਰੁਪਏ ਦੀ ਸਾਇਟ ਵੀ ਜੋੜੀ ਗਈ ਹੈ। ਇਹ ਟੈਂਡਰ ਨਗਰ ਨਿਗਮ ਵੱਲੋ ਲਗਭਗ ਸੱਤ ਸਾਲਾਂ ਬਾਅਦ ਦਿੱਤੇ ਜਾ ਰਹੇ ਹਨ। ਇਸ ਲਈ ਦੋ ਟੈਂਡਰ ਮੰਗੇ ਗਏ ਹਨ। ਇਸ ਲਈ ਸਾਰੇ ਇੰਨਫਾਸਟੱਕਚਰ ਦਾ ਖਰਚ ਇਸ਼ਤਿਹਾਰਬਾਜੀ ਦਾ ਠੇਕਾ ਲੈਣ ਵਾਲੇ ਠੇਕੇਦਾਰ ਨੂੰ ਕਰਨਾ ਪਏਗਾ। ਜਲੰਧਰ ਨਗਰ ਨਿਗਮ ਦਾ ਇੱਕ ਟੈਂਡਰ ਪਹਿਲਾਂ ਵੀ ਚੱਲ ਰਿਹਾ ਹੈ ਜਿਸ ਵਿੱਚ ਲੱਗਭੱਗ ਦੋ ਕਰੋੜ 50 ਲੱਖ ਰੁਪਏ ਨਗਰ ਨਿਗਮ ਜਲੰਧਰ ਵਸੂਲ ਰਹੀ ਹੈ।

# ਮਾਸਟਰ ਪਿਆਰਾ ਸਿੰਘ ਭੋਲਾ ਦੀ ਜੀਵਨ ਕਥਾ 'ਬਿਖੜੇ ਰਾਹਾਂ ਦਾ ਦਰਵੇਸ ਪਾਂਧੀ' ਰਿਲੀਜ਼



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**

ਸਾਹਿਤ ਸਭਾ ਰਜਿ: ਬਹਿਰਾਮਪੁਰ ਬੇਟ ਦੇ ਵਿਹੜੇ ਵਿੱਚ ਬੇਟ ਇਲਾਕੇ ਦੀ ਮਾਣਯੋਗ ਸ਼ਖਸੀਅਤ ਮਾਸਟਰ ਪਿਆਰਾ ਸਿੰਘ ਭੋਲਾ ਦੇ ਜੀਵਨ ਉੱਤੇ ਅਧਾਰਿਤ ਹਰਨਾਮ ਸਿੰਘ ਡੱਲਾ ਦੀ ਲਿਖੀ ਪੁਸਤਕ 'ਬਿਖੜੇ ਰਾਹਾਂ ਦਾ ਦਰਵੇਸ ਪਾਂਧੀ' ਰਿਲੀਜ਼ ਕੀਤੀ ਗਈ। ਇਸ ਸਮੇਂ ਪ੍ਰਵਾਨਗੀ ਮੰਡਲ ਵਿੱਚ ਡਾਕਟਰ ਐੱਸ ਐੱਲ ਵਿਰਦੀ, ਸੁਰਜੀਤ ਵਿਸਦ, ਜੈ ਸਿੰਘ ਛਿੱਬਰ,ਪੁਸਤਕ ਦੇ ਨਾਇਕ ਪਿਆਰਾ ਸਿੰਘ ਭੋਲਾ ਅਤੇ ਸਰੂਪ ਸਿਆਲਵੀ ਮੰਚ ਉੱਤੇ ਵਿਰਾਜਮਾਨ ਸਨ। ਇਸ ਸਮਾਗਮ ਦੇ ਮੁੱਖ ਮਹਿਮਾਨ ਗੁਰਬਿੰਦਰ ਸਿੰਘ ਜੌਹਲ ਐੱਸ. ਡੀ. ਐੱਮ ਅਮਲੋਹ ਸਨ। ਇਸ ਪੁਸਤਕ ਦੀ ਜਾਣ ਪਹਿਚਾਣ ਪੰਜਾਬੀ ਦੇ ਉੱਘੇ ਸਾਇਰ ਸੰਤ ਸਿੰਘ ਸੋਹਲ ਨੇ ਕਰਵਾਈ ਅਤੇ ਵਿਚਾਰ ਚਰਚਾ ਲਈ ਸ੍ਰੀ ਗੁਰਦੀਪ ਸਿੰਘ ਵੜੈਚ, ਆਜਾਦ ਵਿਸਮਾਦ, ਰਾਬਿੰਦਰ ਸਿੰਘ ਰੱਬੀ, ਸੁਰਜੀਤ ਵਿਸਦ, ਸਵਰਨ ਸਿੰਘ ਭੰਗੂ ਅਤੇ ਪ੍ਰਿੰਸੀਪਲ ਮੋਹਣ ਸਿੰਘ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਮੰਚ ਸੰਚਾਲਕ ਕੁਲਵਿੰਦਰ ਸਿੰਘ ਵਲੋਂ ਸਭ ਤੋਂ ਪਹਿਲਾਂ ਪੁਸਤਕ 'ਬਿਖੜੇ ਰਾਹਾਂ ਦਾ ਦਰਵੇਸ ਪਾਂਧੀ' ਦੀ ਜਾਣ ਪਹਿਚਾਣ ਲਈ ਸੰਤ ਸਿੰਘ ਸੋਹਲ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਾ ਦਿੱਤਾ। ਸੋਹਲ ਵਲੋਂ ਪੁਸਤਕ ਉੱਤੇ ਗੱਲ ਕਰਨ ਤੋਂ ਪਹਿਲਾਂ ਲੇਖਕ ਹਰਨਾਮ ਸਿੰਘ ਡੱਲਾ ਨੂੰ ਸਨਮਾਨ ਯੋਗ ਸਖਸੀਅਤ ਪਿਆਰਾ ਸਿੰਘ ਭੋਲਾ ਦੇ ਜੀਵਨ ਉੱਤੇ ਪ੍ਰਭਾਵਸਾਲੀ ਢੰਗ ਨਾਲ ਚਾਨਣਾ ਪਾਉਂਦੀ ਇਸ ਲਿਖਤ ਲਈ ਵਧਾਈ ਦਿੱਤੀ। ਪੁਸਤਕ ਬਾਰੇ ਗੱਲਬਾਤ ਨੂੰ ਅੱਗੇ ਤੋਰਦਿਆਂ ਸ੍ਰੀ ਸੋਹਲ ਨੇ ਕਿਹਾ ਕਿ ਇਸ ਪੁਸਤਕ ਦਾ ਨਾਇਕ ਇੱਕ ਗਰੀਬ ਘਰ ਵਿੱਚੋਂ ਉੱਠ ਕੇ ਦੂਜਿਆਂ ਲਈ ਵੀ ਪ੍ਰੇਰਨਾਂ ਦਾ ਸੋਮਾ ਸਿੱਧ ਹੋਇਆ ਹੈ। ਮਿਹਨਤ ਮਜਦੂਰੀ ਕਰਕੇ ਪੜ੍ਹੇ ਇਸ ਨਾਇਕ ਨੇ ਜਿੱਥੇ ਨਿਰਸੁਆਰਥ ਜ਼ਿੰਦਗੀ ਜੀਵੀ ਹੈ ਉੱਥੇ ਉਹ ਦੂਜਿਆਂ ਦਾ ਵੀ ਸਹਾਰਾ ਬਣਦਾ ਰਿਹਾ ਹੈ। ਇੱਕ ਅਧਿਆਪਕ ਦੀ ਨੌਕਰੀ ਕਰਦਿਆਂ ਉਨ੍ਹਾਂ ਜਿੱਥੇ ਬੱਚਿਆਂ ਨੂੰ ਮਿਹਨਤ ਨਾਲ ਪੜ੍ਹਾਉਣ ਦਾ ਕੰਮ ਕੀਤਾ ਓਥੇ ਆਪਣੀ ਨਿਗੁਣੀ ਜਿਹੀ ਤਨਖਾਹ ਨਾਲ ਗਰੀਬ ਲੋਕਾਂ ਨੂੰ ਵੀ ਮਦਦ ਕਰਨ ਤੋਂ ਕਦੇ ਪਿੱਛੇ ਨਾ ਹਟੇ। ਉਹ ਮਜਦੂਰੀ ਕਰਕੇ ਪੜ੍ਹੇ ਅਤੇ ਇੱਕ ਕਰਮਯੋਗੀ ਬਣ ਕੇ ਕੰਮ ਲਈ ਸਮਰਪਿਤ ਵੀ ਰਹੇ। ਉਹਨਾਂ ਨੇ ਗਰੀਬ ਬਸਤੀਆਂ ਦੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਿਤ ਕੀਤਾ। ਇੱਕ ਮੁਸਲਿਮ ਬੱਚੇ ਨੂੰ ਗੋਦ ਲੈ ਕੇ ਉੱਚ ਸਿੱਖਿਆ ਦਿਵਾ ਕੇ ਜੀਵਨ ਜਿਊਣ ਯੋਗ ਬਣਾ ਦੇਣਾ ਇਸ ਪੁਸਤਕ ਦਾ ਹਾਸਲ ਹੈ। ਜੋ ਕਿ ਹਰ ਪਾਠਕ ਨੂੰ ਕੁਝ ਕਰ ਗੁਜਰਨ ਦੀ ਪ੍ਰੇਰਨਾ ਦੇਵੇਗਾ। ਮਾਸਟਰ ਜੀ ਦੀ ਇਸ ਕਲਿਆਣਕਾਰੀ ਸੋਚ ਕਰਕੇ ਹੀ ਉਨ੍ਹਾਂ ਦੇ ਪਰਵਾਰ ਦੇ ਹੋਰ ਮੈਂਬਰ ਉਚੇਰੀ ਵਿੱਦਿਆ ਪ੍ਰਾਪਤ ਕਰਕੇ ਵੱਡੇ ਅਹੁਦਿਆਂ ਉੱਤੇ ਵਿਰਾਜਮਾਨ ਹਨ। ਚੌਰਾਸੀ ਸਾਲ ਦੀ ਉਮਰ ਪੂਰੀ ਕਰ ਚੁੱਕੇ ਇਸ ਕਰਮਯੋਗੀ ਮਨੁੱਖ ਦੀ ਜੀਵਨੀ ਦੂਜਿਆਂ ਲਈ ਵੀ ਪ੍ਰੇਰਨਾਂ ਸਰੋਤ ਬਣੀ ਰਹੇਗੀ। ਪੁਸਤਕ ਉੱਤੇ ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਡਾਕਟਰ ਐੱਸ ਐੱਲ ਵਿਰਦੀ, ਰਾਬਿੰਦਰ ਸਿੰਘ ਰੱਬੀ, ਗੁਰਦੀਪ ਸਿੰਘ ਵੜੈਚ, ਆਜਾਦ ਵਿਸਮਾਦ, ਸਵਰਨ ਸਿੰਘ ਭੰਗੂ, ਸਰੂਪ ਸਿਆਲਵੀ,ਮੋਹਣ ਸਿੰਘ ਅਤੇ ਸੁਰਜੀਤ ਵਿਸਦ ਨੇ ਕਿਹਾ ਕਿ ਅਜੇਹਾ ਕੁਝ ਨਹੀਂ ਕਿ ਜਿਹੜੇ ਕਾਰਨਾਵੇਂ ਪਿਆਰਾ ਸਿੰਘ ਭੋਲਾ ਵਲੋਂ ਕੀਤੇ ਗਏ ਹਨ, ਸਮਾਜ ਦਾ ਕੋਈ ਹੋਰ ਵਿਅਕਤੀ ਨਹੀਂ ਕਰ ਸਕਦਾ, ਪਰ ਇਸ ਤਰ੍ਹਾਂ ਦੇ ਕੰਮ ਕਰਨ ਲਈ ਸਾਨੂੰ ਨਿੱਜ ਤੋਂ ਉੱਪਰ ਉੱਠਣਾ ਪਵੇਗਾ। ਇਹੋ ਜਿਹੇ ਹੋਰ ਨਾਇਕਾਂ ਬਾਰੇ ਵੀ ਗੱਲ ਚੱਲਣੀ ਚਾਹੀਦੀ ਹੈ।ਤਾਂ ਕਿ ਲੋਕਾਂ ਲਈ ਉਹ ਵੀ ਪ੍ਰੇਰਨਾ ਦੇ ਸਕਣ। ਸਮਾਗਮ ਦੌਰਾਨ ਗੀਤ ਕਾਰ ਹਰਜਿੰਦਰ ਗੁਪਾਲੋਂ, ਰੋਮੀ ਘੜਾਮੇਵਾਲਾ ਅਤੇ ਪਿਆਰਾ ਦੀਨ ਵਲੋਂ ਆਪਣੇ ਗੀਤਾਂ ਨਾਲ ਰੰਗ ਬੰਨ੍ਹਿਆ। ਅੰਤ ਵਿੱਚ ਸਮਾਗਮ ਦੇਮੁੱਖ ਮਹਿਮਾਨ ਗੁਰਬਿੰਦਰ ਸਿੰਘ ਜੌਹਲ ਵਲੋਂ ਕੁਝ ਕਵਿਤਾਵਾਂ ਵੀ ਸੁਣਾਈਆਂ ਅਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਾਹਿਤ ਸਭਾ ਬਹਿਰਾਮਪੁਰ ਬੇਟ ਨੂੰ ਸਫਲ ਸਮਾਗਮ ਲਈ ਵਧਾਈ ਵੀ ਦਿੱਤੀ।

## ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਪੰਜਵਾਂ ਖੂਨਦਾਨ ਕੈਂਪ ਲਗਾਇਆ



**ਮੋਰਿੰਡਾ ਰ (ਜੈਜੀ ਸਰਦਾਰ)** ਮੋਹਨ ਸਿੰਘ ਅਰੋੜਾ ਸਭ ਕਿਛ ਤੇਰਾ ਵੈੱਲਫੇਅਰ ਸੁਸਾਇਟੀ ਰਜਿਸਟਰਡ ਮੋਰਿੰਡਾ ਵੱਲੋਂ ਪੰਜਵਾਂ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਹਰਿੰਦਰ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਹਰਦੀਪ ਸਿੰਘ ਆਨੰਦ ਨੇ ਦੱਸਿਆ ਸੁਸਾਇਟੀ ਵੱਲੋਂ ਪੰਜਵਾਂ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਵਿਸ਼ੇਸ ਤੌਰ ਤੇ ਪੁੱਜੇ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਹਾਜ਼ਰੀ ਲਵਾਈ ਗਈ। ਇਸ ਕੈਂਪ ਦਾ ਉਦਘਾਟਨ ਬਾਬਾ ਸੁਰਿੰਦਰ ਸਿੰਘ ਕਾਰ ਸੇਵਾ ਦਿੱਲੀ ਵਾਲੇ ਮੁੱਖ ਸੇਵਾਦਾਰ ਗੁਰਦੁਆਰਾ ਕੋਤਵਾਲੀ ਤੇ ਮੋਰਿੰਡਾ ਵਲੋਂ ਕੀਤਾ ਗਿਆ। ਇਸ ਕੈਂਪ ਵਿਚ ਪੀਜੀਆਈ ਤੋਂ ਆਈ ਟੀਮ ਦੀ ਅਗਵਾਈ ਵਿੱਚ ਅੱਸੀ ਯੂਨਿਟ ਇਕੱਤਰ ਕੀਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵਿੰਦਰ ਸਿੰਘ ਰੀਹਲ, ਅਵਤਾਰ ਸਿੰਘ ਘੜੂੰਆਂ, ਰਵਿੰਦਰ ਸਿੰਘ ਰਾਜੂ, ਜਗਨਦੀਪ ਸਿੰਘ, ਆਨੰਦ ਮੋਹਨ ਸਿੰਘ ਅਰੋੜਾ, ਨਵਦੀਪ ਸਿੰਘ ਟੋਨੀ,ਫਰਿਆਦ ਅਲੀ,ਐੱਨ ਪੀ ਰਾਣਾ,ਅੰਮ੍ਰਿਤਪਾਲ ਕੌਰ, ਮੈਡਮ ਮਨਜੀਤ ਕੌਰ,ਪ੍ਰਮਾਤਮਾ ਸਿੰਘ,ਬਲਵਿੰਦਰ ਸਿੰਘ ਬਿੱਟੂ,ਆਰਡੀ ਸਿੰਘ ਆਦਿ ਹਾਜਰ ਸਨ।

## ਵਿਦਿਆਰਥੀਆਂ ਗੁਰਦੁਆਰਾ ਬੇਰ ਸਾਹਿਬ ਦੇ ਦਰਸ਼ਨ ਕੀਤੇ



**ਸੁਲਤਾਨਪੁਰ ਲੋਧੀ ( ਹਨੀ )**-ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਨੇ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਨੂੰ ਪੈਦਾ ਕਰਨ ਲਈ ਛੋਟੇ ਬੱਚਿਆਂ ਲਈ ਗੁਰਦੁਆਰਾ ਸ੍ਰੀ ਬੇਰ ਸਾਹਿਬ ਜੀ ਦੀ ਯਾਤਰਾ ਦਾ ਆਯੋਜਨ ਕੀਤਾ। ਅਧਿਆਪਕਾਂ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਦੇ ਨਾਲ ਲਗਭਗ 200 ਵਿਦਿਆਰਥੀਆਂ ਨੇ ਪਵਿੱਤਰ ਸਥਾਨ ਦੇ ਦਰਸ਼ਨ ਕੀਤੇ। ਇਸ ਫੇਰੀ ਦਾ ਮੁੱਖ ਉਦੇਸ ਨਿੱਕੇ-ਨਿੱਕੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਹੀ ਅਰਦਾਸ ਕਰਨ ਦੀ ਆਦਤ ਪਾਉਣਾ, ਸਰਵ ਸ਼ਕਤੀਮਾਨ ਦਾ ਆਸ਼ੀਰਵਾਦ ਪ੍ਰਾਪਤ ਕਰਨਾ ਅਤੇ ਇਨ੍ਹਾਂ ਪਵਿੱਤਰ ਸਥਾਨਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ। ਵਿਦਿਆਰਥੀਆਂ ਨੇ ਸਿਰ ਢੱਕ ਕੇ ਨਤਮਸਤਕ ਹੁੰਦਿਆਂ ਗੁਰਦੁਆਰਾ ਸਾਹਿਬ ਦੇ ਦਰਸਨ ਕੀਤੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਸਤਿਕਾਰ ਨਾਲ ਮੱਥਾ ਟੇਕਿਆ। ਛੋਟੇ ਛੋਟੇ ਵਿਦਿਆਰਥੀਆਂ ਨੇ ਪ੍ਰਮਾਤਮਾ ਦਾ ਅਸ਼ੀਰਵਾਦ ਲਿਆ ਅਤੇ ਦਰਸ਼ਨਾਂ ਤੋਂ ਬਾਅਦ ਲੰਗਰ ਪ੍ਰਸ਼ਾਦ ਖਾਧਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ।

## ਨਜਾਇਜ਼ ਕਬਜ਼ੇ ਹਟਾਏ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਦੇਸ ਰਾਜ ਕਾਰਜ ਸਾਧਕ ਅਫਸਰ ਨਗਰ ਕੌਂਸਲ ਭੋਗਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਗਰ ਕੌਂਸਲ ਭੋਗਪੁਰ ਅਤੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਸ਼ਹਿਰ ਦੇ ਮੇਨ ਰੋਡ 'ਤੇ ਰੇਹੜੀਆਂ, ਫੜ੍ਹੀਆਂ ਵਾਲਿਆਂ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ੇ ਅਤੇ ਦੁਕਾਨਦਾਰਾਂ ਵੱਲੋਂ ਦੁਕਾਨਾਂ ਦੇ ਬਾਹਰ ਸੜਕ ਤੇ ਰੱਖਿਆ ਸਾਮਾਨ ਹਟਾਇਆ ਗਿਆ। ਇਸ ਸੰਬੰਧੀ ਨਗਰ ਕੌਂਸਲ ਦੇ ਸਟਾਫ ਵਲੋਂ ਹਦਾਇਤ ਕੀਤੀ ਗਈ ਕਿ ਆਪਣੀਆਂ ਦੁਕਾਨਾਂ, ਰੇਹੜੀਆਂ, ਫੜ੍ਹੀਆਂ ਦੇ ਬਾਹਰ ਸੜਕ 'ਤੇ ਸਮਾਨ ਨਾ ਲਗਾਇਆ ਜਾਵੇ। ਇਸ ਮੌਕੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦੇ ਸਟਾਫ ਤੋਂ ਇਲਾਵਾ,ਦਿਨੇਸ਼ ਕੁਮਾਰ ਸੈਨਟਰੀ ਇੰਸਪੈਕਟਰ, ਪਰਮਵੀਰ ਸਿੰਘ, ਸੁਰੇਸ਼ ਕੁਮਾਰ ਹਾਜ਼ਰ ਸਨ।

## ਗਿੱਪੀ ਗਰੇਵਾਲ ਨੇ ਐੱਲ ਪੀ ਯੂ ਵਿਦਿਆਰਥੀਆਂ ਨੂੰ ਮੰਤਰ ਮੁਗਧ ਕੀਤਾ



**ਜਲੰਧਰ-(ਸ਼ੈਲੀ ਐਲਬਰਟ)**-ਮਸ਼ਹੂਰ ਅਭਿਨੇਤਾ, ਗਾਇਕ, ਫਿਲਮ ਨਿਰਦੇਸ਼ਕ ਅਤੇ ਨਿਰਮਾਤਾ- ਗਿੱਪੀ ਗਰੇਵਾਲ ਅਤੇ ਉਨ੍ਹਾਂ ਦੀ ਟੀਮ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਕੈਂਪਸ ਪਹੁੰਚੀ, ਜਿੱਥੇ ਉਨ੍ਹਾਂ ਨੇ ਐਲ.ਪੀ.ਯੂ ਦੇ ਵਿਦਿਆਰਥੀਆਂ ਨੂੰ ਮੰਤਰ ਮੁਗਧ ਕਰ ਦਿੱਤਾ । ਗਿੱਪੀ ਦੇ ਸੰਗੀਤਕ ਕੰਮ ਪੰਜਾਬੀ ਅਤੇ ਹਿੰਦੀ ਫਿਲਮ ਇੰਡਸਟਰੀ ਦੋਵਾਂ ਵਿੱਚ ਫੈਲੇ ਹੋਏ ਹਨ। ਗਿੱਪੀ ਨੇ ਯੋਗ ਵਿਦਿਆਰਥੀਆਂ ਨਾਲ ਵੀ ਕੁਝ ਸਮਾਂ ਬਿਤਾਇਆ। ਉਹ ਜੈਸਮੀਨ ਭਸੀਨ ਅਤੇ ਆਪਣੇ ਹੋਰ ਸਹਿ ਕਲਾਕਾਰਾਂ ਦੇ ਨਾਲ ਇਥੇ ਪੁੱਜੇ ਸੀ।

# ਉੱਘੇ ਬਹੁਜਨ ਚਿੰਤਕ ਭਗਵਾਨ ਚੌਹਾਨ ਦਾ ਇਟਲੀ ਵਿਖੇ ਵਿਸ਼ੇਸ਼ ਸਨਮਾਨ



**ਹੁਸ਼ਿਆਰਪੁਰ (ਓ ਪੀ ਰਾਣਾ )**-ਇਟਲੀ ਦੇ ਸੂਬੇ ਲਾਸੀਓ ਦੇ ਜ਼ਿਲ੍ਹਾ ਲਾਤੀਨਾ ਅਧੀਨ ਪੈਂਦੇ ਸ਼ਹਿਰ ਬੋਰਗੋ ਹਰਮਾਦਾ ਤੇਰਾਚੀਨਾ ਵਿਖੇ ਭਾਰਤੀ ਭਾਈਚਾਰੇ ਦੀ ਸੇਵਾ ਵਿੱਚ ਹਾਜਰ "ਕੈਂਥ ਇੰਟਰਪ੍ਰਾਈਜਜ ਇਟਲੀ" ਵੱਲੋਂ ਭਾਰਤ ਪੰਜਾਬ ਦੀ ਧਰਤੀ ਤੋਂ ਯੂਰਪ ਫੇਰੀ ਉੱਤੇ ਆਏ ਪੰਜਾਬ ਦੇ ਪ੍ਰਸਿੱਧ ਬਹੁਜਨ ਚਿੰਤਤ ਭਗਵਾਨ ਸਿੰਘ ਚੌਹਾਨ ਇੰਚਾਰਜ ਬਸਪਾ ਪੰਜਾਬ ਦਾ ਸਬਾਊਦੀਆ ਵਿਖੇ ਸਨਮਾਨ ਕੀਤਾ ਗਿਆ। ਚੌਹਾਨ ਨੇ ਕਿਹਾ ਕਿ ਪੰਜਾਬ ਦੀ ਧਰਤੀ ਤੋਂ ਵਿਦੇਸ਼ਾਂ ਵਿੱਚ ਆ ਕੇ ਕਾਮਯਾਬੀ ਦੇ ਝੰਡੇ ਬੁਲੰਦ ਕਰਨੇ ਕੋਈ ਸੌਖੀ ਗੱਲ ਨਹੀਂ ਪਰ ਜਿਹੜੇ ਭਾਰਤੀ ਵਿਦੇਸ਼ਾਂ ਵਿੱਚ ਆ ਕੇ ਹੱਡ ਭੰਨਵੀਂ ਮਿਹਨਤ ਮੁਸ਼ੱਕਤ ਨਾਲ ਇਤਿਹਾਸ ਸਿਰਜਦੇ ਹਨ ਉਹ ਸਮੁੱਚੇ ਭਾਈਚਾਰੇ ਲਈ ਮਾਣ ਦਾ ਸਬੱਬ ਹੁੰਦੇ ਹਨ। ਗੁਰਦੀਪ ਅਜੈ ਬਹਾਰ ਕੈਂਥ ਨੇ ਕਿਹਾ ਕਿ ਭਗਵਾਨ ਸਿੰਘ ਚੌਹਾਨ ਵਰਗੇ ਆਗੂਆਂ ਦੀ ਬਹੁਜਨ ਸਮਾਜ ਨੂੰ ਬਹੁਤ ਲੋੜ ਹੈ ਜੇਕਰ ਪੰਜਾਬ ਵਿੱਚ ਹੋਰ ਵੀ ਆਗੂ ਇਹਨਾਂ ਵਾਂਗਰ ਦਿਲੋਂ ਬਹੁਜਨ ਸਮਾਜ ਨੂੰ ਜਾਗਰੂਕ ਕਰਨ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਕਾਣੀ ਵੰਡਵਾਦ ਜੜ੍ਹੋਂ ਖਤਮ ਹੋ ਜਾਵੇਗੀ । ਚੌਹਾਨ ਬਹੁਜਨ ਸਮਾਜ ਦੀ ਰੀੜ ਦੀ ਹੱਡੀ ਹਨ ਜਿਹੜੇ ਕਿ ਪਿਛਲੇ 3 ਤੋਂ ਵੀ ਵਧੇਰੇ ਦਹਾਕਿਆਂ ਤੋਂ ਬਿਨ੍ਹਾਂ ਰੁੱਕੇ,ਬਿਨ੍ਹਾਂ ਝੁੱਕੇ ਸਮਾਜ ਲਈ ਦਿਨ-ਰਾਤ ਇੱਕ ਕਰ ਰਹੇ ਹਨ। ਅਜਿਹੀ ਸ਼ਖਸੀਅਤ ਨੂੰ ਸਨਮਾਨਿਤ ਕਰਨਾ ਸਾਡੇ ਲਈ ਮਾਣ ਦੀ ਗੱਲ ਹੈ। ਇਸ ਮੌਕੇ ਗਿਆਨੀ ਮਨਜੀਤ ਸਿੰਘ ਭਟੋਆ ਭੀਣ,ਬਲਬੀਰ ਬੱਧਣ ਕਾਸਾਬਾਦ, ਸੰਤੋਖ ਮਹਿਮੀ, ਰਾਮ ਆਸਰਾ, ਚਮਨ ਭੱਟੀ ਆਦਿ ਸਮਾਜ ਸੇਵਕਾਂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਬਹੁਜਨ ਸਮਾਜ ਨੂੰ ਸਹੀ ਦਿਸ਼ਾ ਨਿਰਦੇਸ਼ ਬਾਬਤ ਭਗਵਾਨ ਸਿੰਘ ਚੌਹਾਨ ਵਰਗੇ ਸੁਲਝੇ ਹੋਏ ਆਗੂਆਂ ਦਾ ਯੂਰਪ ਆਉਣਾ ਬਹੁਤ ਲਾਜ਼ਮੀ ਹੈ। ਭਗਵਾਨ ਸਿੰਘ ਚੌਹਾਨ ਇਸ ਜ਼ਿੰਮੇਵਾਰੀ ਨੂੰ ਸਮਝਦੇ ਯੂਰਪ ਫੇਰੀ ਉੱਤੇ ਆਏ ਇਸ ਉਦਮ ਲਈ ਉਹ ਚੌਹਾਨ ਦਾ ਦਿਲ ਦੀਆਂ ਗਹਿਰਾਈਆਂ ਤੋਂ ਉਚੇਚਾ ਧੰਨਵਾਦ ਕਰਦੇ ਹਨ। ਇਸ ਸਨਮਾਨ ਮੌਕੇ ਨੰਦ ਕਿਸ਼ੋਰ, ਕੁਲਵੰਤ ਗੁਣਾਚੌਰ, ਮਨੋਹਰ ਧੰਨੋਵਾਲ, ਬਿੱਟੂ ਕਰੀਹਾ, ਰਵੀ ਲੁਧਿਆਣਾ ਆਦਿ ਪਤਵੰਤੇ ਮੌਜੂਦ ਸਨ।

# ਅਮਨ ਅਰੋੜਾ ਵੱਲੋਂ ਸਾਰੇ ਲੰਬਿਤ ਮਾਮਲੇ ਇਕ ਹਫਤੇ ਦੇ ਅੰਦਰ ਨਿਪਟਾਉਣ ਦੇ ਨਿਰਦੇਸ਼

**ਚੰਡੀਗੜ੍ਹ, (ਗੁਰਜੀਤ ਬਿੱਲਾ)—** ਸੂਬੇ ਦੇ ਸਹਿਰੀ ਖੇਤਰਾਂ ਵਿੱਚ ਯੋਜਨਾਬੱਧ ਵਿਕਾਸ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਮਕਾਨ ਉਸਾਰੀ ਅਤੇ ਸਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਲੁਧਿਆਣਾ ਵਿੱਚ ਇੱਕ ਰਿਹਾਇਸੀ ਅਤੇ ਵਪਾਰਕ ਅਰਬਨ ਅਸਟੇਟ ਵਿਕਸਿਤ ਕੀਤੀ ਜਾਵੇਗੀ। ਅਮਨ ਅਰੋੜਾ ਨੇ ਗਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੇ ਕੰਮਕਾਜ ਦੀ ਸਮੀਖਿਆ ਕਰਨ ਲਈ ਪੁੱਡਾ ਭਵਨ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ ਸੱਦੀ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਨੂੰ ਦੱਸਿਆ ਗਿਆ ਕਿ ਲਾਡੋਵਾਲ ਬਾਈਪਾਸ 'ਤੇ ਇਸ ਰਿਹਾਇਸ਼ੀ ਅਤੇ ਵਪਾਰਕ ਅਰਬਨ ਅਸਟੇਟ ਵਾਸਤੇ ਪਿੰਡ ਬੱਗਾ ਕਲਾਂ, ਨੂਰਪੁਰ ਬੇਟ, ਗੜ੍ਹਾ ਅਤੇ ਗੌਂਸਪੁਰ ਦੀ ਤਕਰੀਬਨ 2000 ਏਕੜ ਜਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਕਾਰਵਾਈ ਅਧੀਨ ਹੈ।

ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਪ੍ਰਸਤਾਵਿਤ ਅਰਬਨ ਅਸਟੇਟ ਲਈ ਜਮੀਨ ਐਕੁਆਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਗਮਾਡਾ ਦੀ ਤਰਜ 'ਤੇ ਲੈਂਡ ਪੂਲਿੰਗ ਰਾਹੀਂ ਇਹ ਜਮੀਨ ਐਕੁਆਇਰ ਕੀਤੀ ਜਾਵੇ। ਮੰਤਰੀ ਨੂੰ ਜਾਣੂ ਕਰਵਾਇਆ ਗਿਆ ਕਿ ਸਾਈਟ ਸਿਲੈਕਸ਼ਨ ਕਮੇਟੀ ਨੇ ਇਸ ਸਾਈਟ ਦੀ ਸਿਫਾਰਸ਼ ਕੀਤੀ ਹੈ ਅਤੇ ਇਸ ਜਮੀਨ ਨੂੰ ਐਕੁਆਇਰ ਕਰਨ ਲਈ ਇੱਕ ਕੰਸਲਟੈਂਟ ਵੀ ਲਗਾਇਆ ਗਿਆ ਹੈ। ਲੰਬਿਤ ਪਏ ਕੇਸਾਂ ਦਾ ਗੰਭੀਰ ਨੋਟਿਸ ਲੈਂਦਿਆਂ ਅਰੋੜਾ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸਾਰੇ ਲੰਬਿਤ ਮਾਮਲਿਆਂ ਨੂੰ ਇੱਕ ਹਫਤੇ ਦੇ ਅੰਦਰ ਨਿਪਟਾਇਆ ਜਾਵੇ ਅਤੇ ਨਿਰਧਾਰਤ ਸਮਾਂ ਸੀਮਾ ਵਿੱਚ ਸੇਵਾਵਾਂ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਲਈ ਇੱਕ ਵਿਧੀ ਵਿਕਸਿਤ ਕੀਤੀ ਜਾਵੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚੱਲ ਰਹੇ ਸਾਰੇ ਕੰਮਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇ ਅਤੇ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕਿਸੇ ਵੀ ਅਧਿਕਾਰੀ ਵੱਲੋਂ ਕੰਮ ਪ੍ਰਤੀ ਲਾਪ੍ਰਵਾਹੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲਾਪ੍ਰਵਾਹੀ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ ਕਿਉਂਕਿ ਮਾਨ ਸਰਕਾਰ ਦਾ ਇੱਕੋ ਇੱਕ ਉਦੇਸ਼ ਲੋਕਾਂ ਨੂੰ ਪਾਰਦਰਸ਼ੀ ਅਤੇ ਨਿਰਵਿਘਨ ਸੇਵਾਵਾਂ ਪ੍ਰਦਾਨ ਕਰਨਾ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਅਜੋਏ ਕੁਮਾਰ ਸਿਨਹਾ, ਮੁੱਖ ਪ੍ਰਸ਼ਾਸਕ ਪੁੱਡਾ-ਕਮ-ਡਾਇਰੈਕਟਰ ਟਾਊਨ ਐਂਡ ਕੰਟਰੀ ਪਲਾਨਿੰਗ ਸ੍ਰੀਮਤੀ ਅਪਨੀਤ ਰਿਆਤ, ਮੁੱਖ ਪ੍ਰਸਾਸਕ ਗ੍ਰੇਟਰ ਲੁਧਿਆਣਾ ਏਰੀਆ ਡਿਵੈੱਲਪਮੈਂਟ ਅਥਾਰਟੀ ਸ੍ਰੀਮਤੀ ਅਮਰਪ੍ਰੀਤ ਕੌਰ ਸੰਧੂ, ਵਧੀਕ ਮੁੱਖ ਪ੍ਰਸਾਸਕ ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਅਮਰਿੰਦਰ ਸਿੰਘ ਮੱਲ੍ਹੀ, ਚੀਫ ਟਾਊਨ ਪਲਾਨਰ ਪੰਜਾਬ ਪੰਕਜ ਬਾਵਾ ਅਤੇ ਹੋਰ ਅਧਿਕਾਰੀ ਸ਼ਾਮਲ ਸਨ।

19-OCT-PAGE-10.qxd 10/18/2022 10:02 PM Page 1



# ਕਿਸਾਨਾਂ ਨੇ ਬੈਂਕ ਮੈਨੇਜਰ ਖਿਲਾਫ ਲਾਇਆ ਧਰਨਾ



ਮਾਨਸਾ (ਰੀਤਵਾਲ)-ਭਾਰਤੀ ਕਿਸਾਨ ਯੂਨੀਅਨ ਮਾਨਸਾ ਵੱਲੋਂ ਕੋ-ਆਪ੍ਰੇਟਿਵ ਬੈਂਕ ਫੱਤਾ ਮਾਲੋਕਾ ਦੇ ਗੇਟ ਅੱਗੇ ਧਰਨਾ ਲਾ ਕੇ ਬੈਂਕ ਮੈਨੇਜਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਜਗਰੂਪ ਸਿੰਘ ਪਿੰਡ ਝੰਡੂਕੇ ਨੇ ਇਸ ਬੈਂਕ ਤੋਂ ਕਰਜ਼ਾ ਲਿਆ ਸੀ। ਸਾਰਾ ਕਰਜ਼ਾ ਵਾਪਸ ਕਰਨ 'ਤੇ ਵੀ ਵਾਰ-ਵਾਰ ਗੇੜੇ ਮਾਰਨ 'ਤੇ ਕਿਸਾਨ ਨੂੰ ਸਰਟੀਫਿਕੇਟ ਨਹੀਂ ਦਿੱਤਾ ਜਾ ਰਿਹਾ ਸੀ, ਜਿਸ ਤੋਂ ਬਾਅਦ ਉਨ੍ਹਾਂ ਇਹ ਮਸਲਾ ਭਾਰਤੀ ਕਿਸਾਨ ਯੂਨੀਅਨ ਮਾਨਸਾ ਕੋਲ ਰੱਖਿਆ ਸੀ, ਜਿਸ 'ਤੇ ਯੂਨੀਅਨ ਦੇ ਆਗੂ ਸਬੰਧਤ ਮੈਨੇਜਰ ਨੂੰ ਮਿਲੇ ਸਨ, ਪਰ ਮੈਨੇਜਰ ਵੱਲੋਂ ਕਿਸਾਨ ਆਗੂਆਂ ਨਾਲ ਗ਼ਲਤ ਵਿਵਹਾਰ ਕੀਤਾ ਗਿਆ, ਜਿਸ ਦੇ ਵਿਰੋਧ 'ਚ ਅੱਜ ਕਿਸਾਨਾਂ ਵੱਲੋਂ ਧਰਨਾ ਲਗਾ ਕੇ ਮੈਨੇਜਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਸਬੰਧਤ ਮਹਿਕਮੇ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਕਤ ਮੈਨੇਜਰ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਸੂਬਾ ਪ੍ਰਧਾਨ ਗੁਰਚਰਨ ਸਿੰਘ, ਬਲਾਕ ਪ੍ਰਧਾਨ ਬਲਵੀਰ ਸਿੰਘ ਝੰਡੂਕੇ, ਮੀਤ ਪ੍ਰਧਾਨ ਸੁਖਦੇਵ ਸਿੰਘ ਕੋਟਲੀ, ਜ਼ਿਲ੍ਹਾ ਪ੍ਰਧਾਨ ਕਾਕਾ ਸਿੰਘ ਤਲਵੰਡੀ ਅਕਲੀਆ, ਜਗਪਾਲ ਸਿੰਘ ਪੇਰੋਂ ਬਲਾਕ ਆਗੂ ਝੁਨੀਰ ਸਮੂਹ ਕਿਸਾਨ ਤੇ ਜਥੇਬੰਦੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ। ਅੰਤ ਵਿੱਚ ਕੋਆਪ੍ਰੇਟਿਵ ਬੈਂਕ ਦੇ ਮੈਨੇਜਰ ਸਰਬਜੀਤ ਸਿੰਘ ਨੇ ਧਰਨੇ 'ਚ ਪਹੁੰਚ ਕੇ ਧਰਨਾਕਾਰੀਆਂ ਤੋਂ ਮੁਆਫ਼ੀ ਮੰਗਦਿਆਂ ਉਨ੍ਹਾਂ ਦੀਆਂ ਮੰਗਾਂ ਮੰਨਣ ਦਾ ਭਰੋਸਾ ਦਿੱਤਾ। ਉਸ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਗਿਆ।

# ਕੈਬਨਿਟ ਮੰਤਰੀ ਦੀ ਕੋਠੀ ਲਾਗਲੀ ਰਿਹਾਇਸ਼ੀ ਕਲੋਨੀ 'ਚ ਚਲਦੇ ਹੋਟਲ 'ਚ ਪੁਲਸ ਦੀ ਰੇਡ

ਬਰਨਾਲਾ (ਰਜਿੰਦਰ ਸਿੰਘ ਬਰਾੜ/ਗੁਰਪ੍ਰੀਤ ਸੋਨੀ)-ਬਰਨਾਲਾ ਵਿਖੇ ਸਵੇਰ ਸਮੇਂ ਕਚਿਹਰੀ ਚੌਂਕ 'ਚ ਸਥਿਤ ਕੈਬਨਿਟ ਮੰਤਰੀ ਦੀ ਰਿਹਾਇਸ਼ ਲਾਗੇ ਹੋਟਲ 'ਚ ਰੇਡ ਕੀਤੀ। ਜਿੱਥੋਂ ਪੁਲਸ ਨੇ ਤਕਰੀਬਨ ਇੱਕ ਘੰਟੇ ਪਿੱਛੋਂ ਇੱਕ ਜੋੜੇ ਨੂੰ ਹੋਟਲ ਦੇ ਪਿਛਲੇ ਦਰਵਾਜ਼ੇ ਰਾਹੀਂ ਭਜਾ ਦਿੱਤਾ, ਜਿਸ ਤੋਂ ਰੇਡ 'ਚ ਪੁਲਸ ਦੀ ਭੂਮਿਕਾ ਸ਼ੱਕ ਦੇ ਘੇਰੇ 'ਚ ਆ ਗਈ ਹੈ। ਜਾਣਕਾਰੀ ਮੁਤਾਬਕ ਤਕਰੀਬਨ 11 ਕੁ ਵਜੇ ਕਚਿਹਰੀ ਚੌਂਕ ਲਾਗਲੀ ਇੱਕ ਮਾਰਕੀਟ 'ਚ ਚੱਲ ਰਹੇ ਇੱਕ ਹੋਟਲ/ਰੈਸਟੋਰੈਂਟ 'ਚ ਥਾਣਾ ਸਿਟੀ -2 ਦੀ ਪੁਲਸ ਪਾਰਟੀ ਵੱਲੋਂ ਰੇਡ ਕੀਤੀ ਗਈ। ਮੌਕੇ 'ਤੇ ਪੁਲਸ ਨੇ ਇੱਕ ਬੰਦ ਕਮਰੇ ਵਿੱਚੋਂ ਇੱਕ ਜੋੜੇ ਤੋਂ ਪੁੱਛਗਿੱਛ ਕੀਤੀ ਤੇ ਤਕਰੀਬਨ ਇੱਕ ਘੰਟੇ ਦੀ ਜਾਂਚ ਉਪਰੰਤ ਜੋੜੇ ਨੂੰ ਹੋਟਲ ਦੇ ਪਿਛਲੇ ਦਰਵਾਜ਼ੇ ਰਾਹੀਂ ਕੱਢ ਦਿੱਤਾ ਗਿਆ।

ਮੌਕੇ 'ਤੇ ਪੁੱਜੇ ਪੁਲਿਸ ਮੁਲਾਜ਼ਮ ਨੇ ਪੁੱਛੇ ਜਾਣ 'ਤੇ ਮੰਨਿਆ ਕਿ ਉਨ੍ਹਾਂ ਨੂੰ ਹੋਟਲ ਮੈਨੇਜਰ ਪਾਸੋਂ ਮੌਕੇ 'ਤੇ ਹੋਟਲ ਦੇ ਕਮਰੇ 'ਚੋਂ ਮਿਲੇ ਜੋੜੇ ਸਬੰਧੀ ਕੋਈ ਲਿਖਤੀ ਰਿਕਾਰਡ ਪ੍ਰਾਪਤ ਨਹੀਂ ਹੋਇਆ। ਸਬੰਧਿਤ ਪੁਲਸ ਮੁਲਾਜ਼ਮ ਨੇ ਇਹ ਵੀ ਪੁਸ਼ਟੀ ਕੀਤੀ ਕਿ ਹੋਟਲ ਮੈਨੇਜਰ ਵੱਲੋਂ ਉਕਤ ਜੋੜੇ ਦਾ ਨਾਂਅ/ਪਤਾ ਕਿਸੇ ਵੀ ਰਜਿਸਟਰ 'ਚ ਦਰਜ ਨਹੀਂ ਕੀਤਾ। ਦੂਜੇ ਪਾਸੇ ਮੌਕੇ 'ਤੇ ਪਹੁੰਚੇ ਹੋਟਲ ਮਾਲਕ ਨੇ ਮੌਜੂਦ ਪੱਤਰਕਾਰਾਂ ਨੂੰ ਕਵਰੇਜ ਕਰਨ ਤੋਂ ਰੋਕਿਆ ਤੇ ਉਨ੍ਹਾਂ ਨਾਲ ਬਹਿਸਬਾਜ਼ੀ ਵੀ ਕੀਤੀ। ਮੌਕੇ 'ਤੇ ਮੌਜੂਦ ਸਥਾਨਕ ਕਲੋਨੀ ਦੇ ਕੁੱਝ ਵਿਅਕਤੀਆਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇਸ ਹੋਟਲ/ਰੈਸਟੋਰੈਂਟ 'ਚ ਗੈਰ-ਕਾਨੂੰਨੀ ਤਰੀਕੇ ਨਾਲ ਲੜਕੇ/ਲੜਕੀਆਂ ਨੂੰ ਵੱਧ ਪੈਸੇ ਲੈ ਕੇ ਕਮਰੇ ਮੁਹੱਈਆ ਕਰਾਏ ਜਾਂਦੇ ਹਨ, ਜਿਸ ਨੂੰ ਹੋਟਲ ਦੇ ਪਿਛਲੇ ਪਾਸੇ ਵਾਲੇ ਦਰਵਾਜ਼ੇ ਰਾਹੀਂ ਅੰਜਾਮ ਦਿੱਤਾ ਜਾਂਦਾ ਹੈ। ਜਿਸ 'ਤੇ ਕਲੋਨੀ ਵਾਸੀਆਂ ਦੁਆਰਾ ਕਈ ਵਾਰ ਇਤਰਾਜ਼ ਜਤਾਇਆ ਜਾ ਚੁੱਕਾ ਹੈ, ਪਰ

## ■ ਦੋ ਨੰਬਰ 'ਚ ਦਿੱਤੇ ਜਾਂਦੇ ਹਨ ਜੋੜਿਆਂ ਨੂੰ ਕਮਰੇ

ਪੁਲਸ ਵੱਲੋਂ ਅੱਜ ਵਾਂਗ ਹੀ ਹਰ ਵਾਰ ਮਾਮਲੇ ਨੂੰ ਲੈ ਦੇ ਕੇ ਰਫ਼ਾ ਦਫ਼ਾ ਕਰ ਦਿੱਤਾ ਜਾਂਦਾ ਹੈ। ਜਦਕਿ ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਅੰਦਰ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ 'ਤੇ ਗੈਰ ਕਾਨੂੰਨੀ ਤਰੀਕੇ ਨਾਲ ਚੱਲ ਰਹੇ ਧੰਦਿਆਂ ਨੂੰ ਲਗਾਮ ਪਾਉਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਆਮ ਆਦਮੀ ਪਾਰਟੀ ਦਾ ਕੈਬਨਿਟ ਮੰਤਰੀ ਵੀ ਇਸ ਕਲੋਨੀ ਦਾ ਹੀ ਬਸ਼ਿੰਦਾ ਹੈ। ਪਤਾ ਨਹੀਂ ਕਿਉਂ ਇੱਥੇ ਕਿਵੇਂ ਬਿਨਾਂ ਕਿਸੇ ਡਰ ਭੈਅ ਦੇ ਇਸ ਕੰਮ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਜਿਸ ਤੋਂ ਜਾਪਦਾ ਹੈ ਕਿ ਹਲਕੇ ਨਾਲ ਸੰਬੰਧਤ ਕੈਬਨਿਟ ਮੰਤਰੀ ਨੂੰ ਵੀ ਪੁਲਸ ਟਿੱਚ ਸਮਝ ਰਹੀ ਹੈ। ਰੇਡ ਕਰਨ ਵਾਲੇ ਸਬੰਧਤ ਪੁਲਸ ਮੁਲਾਜ਼ਮ ਬੂਟਾ ਸਿੰਘ ਨਾਲ ਥਾਣੇ ਪੁੱਜ ਕੇ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਲੜਕਾ-ਲੜਕੀ ਬਾਲਗ ਸਨ, ਇਸ ਲਈ ਉਨ੍ਹਾਂ ਨੂੰ ਮੁੱਢਲੀ ਪੜਤਾਲ ਉਪਰੰਤ ਭੇਜ ਦਿੱਤਾ ਗਿਆ ਹੈ, ਜਦ ਕਿ ਹੋਟਲ ਮਾਲਕ ਤੋਂ ਰਿਕਾਰਡ ਮੰਗਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਹੋਟਲ ਦੇ ਕਮਰੇ 'ਚ ਮਿਲੇ ਲੜਕਾ-ਲੜਕੀ ਦੇ ਸਬੰਧ 'ਚ ਹੋਟਲ ਮੈਨੇਜਰ ਮਨਟੇਨ ਕੀਤਾ, ਕੋਈ ਵੀ ਰਿਕਾਰਡ ਜਾਂ ਬਿੱਲ ਪੇਸ਼ ਨਹੀਂ ਕਰ ਸਕਿਆ ਅਤੇ ਨਾ ਹੀ ਉਨ੍ਹਾਂ ਵੱਲੋਂ ਹੋਟਲ 'ਚ ਲੱਗੇ ਕੈਮਰਿਆਂ ਦਾ ਡੀਵੀਆਰ ਹਿਰਾਸਤ 'ਚ ਲਿਆ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਹੋਟਲ 'ਚੋਂ ਮਿਲੇ ਲੜਕਾ-ਲੜਕੀ ਦਾ ਕੋਈ ਵੀ ਸ਼ਨਾਖ਼ਤੀ ਪਰੂਫ ਨਹੀਂ ਰੱਖਿਆ, ਜਿਸ ਤੋਂ ਸਪੱਸ਼ਟ ਲੱਗਦਾ ਹੈ ਕਿ ਮੌਕੇ 'ਤੇ ਜਾਂਚ ਲਈ ਪੁੱਜੇ ਪੁਲਸ ਅਧਿਕਾਰੀ ਵੱਲੋਂ ਖੁਦ ਹੀ ਹੋਟਲ ਮੈਨੇਜਰ ਤੇ ਹੋਟਲ 'ਚ ਮਿਲੇ ਲੜਕਾ-ਲੜਕੀ ਨਾਲ ਰਾਜ਼ੀਨਾਮਾ ਕਰ ਲਿਆ ਲੱਗਦਾ ਹੈ?

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਰਾਲੀ ਦੀ ਸਾਂਭ ਸੰਭਾਲ ਸੰਬੰਧੀ ਜ਼ਿਲ੍ਹਾ ਪੱਧਰੀ ਕੈਂਪ




ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਡਾਇਰੈਕਟਰ ਪਸਾਰ ਸਿੱਖਿਆ ਪੀ ਏ ਯੂ ਲੁਧਿਆਣਾ ਤੇ ਆਈ ਸੀ ਏ ਆਰ ਅਟਾਰੀ ਜ਼ੋਨ-1 ਲੁਧਿਆਣਾ ਦੀ ਅਗਵਾਈ ਹੇਠ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਜ਼ਿਲ੍ਹਾ ਪੱਧਰੀ ਜਾਗਰੂਕਤਾ ਕੈਂਪ ਪਿੰਡ ਭਾਮੀਆਂ ਵਿਖੇ ਲਗਾਇਆ ਗਿਆ। ਕੈਂਪ ਵਿੱਚ ਸਮਰਾਲਾ ਤੇ ਮਾਛੀਵਾੜਾ ਬਲਾਕ ਦੇ ਪਿੰਡਾਂ ਦੇ ਵੱਡੀ ਗਿਣਤੀ 'ਚ ਕਿਸਾਨਾਂ ਨੇ ਭਾਗ ਲਿਆ ਅਤੇ ਪਾਰਾਲੀ ਪ੍ਰਬੰਧਨ ਵਿੱਚ ਡੂੰਘੀ ਦਿਲਚਸਪੀ ਦਿਖਾਈ। ਡਾ. ਜੀ ਐੱਸ ਮੱਕੜ ਡਿਪਟੀ ਡਾਇਰੈਕਟਰ (ਸਿਖਲਾਈ) ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪਰਾਲੀ ਪ੍ਰਬੰਧਨ ਦੇ ਸਿਫਾਰਿਸ਼ ਕੀਤੇ ਢੰਗ ਭਾਵੇਂ ਉਹ ਖੇਤ ਦੀ ਪਾਰਲੀ ਖੇਤ ਵਿੱਚ ਹੀ ਵਾਹੁਣ ਦੀ ਤਕਨੀਕ ਹੋਵੇ ਜਾਂ ਖੇਤ 'ਚੋਂ ਪਰਾਲੀ ਬਾਹਰ ਕੱਢ ਕੇ ਉਸ ਨੂੰ ਵੱਖ ਵੱਖ ਢੰਗਾਂ ਰਾਹੀਂ ਇਸਤੇਮਾਲ ਕਰਨ ਦੀਆਂ ਤਕਨੀਕਾਂ ਹੋਣ, ਉਸ ਨੂੰ ਅਪਣਾ ਕੇ ਕਿਸਾਨ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰ ਸਕਦੇ ਹਨ। ਇਸ ਤੋਂ ਇਲਾਵਾ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਤਰਜੀਹ ਦੇਣ, ਕਿਉਂਕਿ ਇਨ੍ਹਾਂ ਦਾ ਪਰਾਲ ਘੱਟ ਹੁੰਦਾ ਹੈ ਤੇ ਕਣਕ ਦੀ ਬਿਜਾਈ ਲਈ ਵੱਧ ਸਮਾਂ ਮਿਲ ਜਾਂਦਾ ਹੈ। ਇਸ ਕੈਂਪ ਦੌਰਾਨ ਇੰਜੀ. ਕਰੁਣ ਸ਼ਰਮਾ ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀ.) ਨੇ ਕਿਸਾਨਾਂ ਨਾਲ ਹੈਪੀ ਸੀਡਰ ਤੇ ਸੁਪਰ ਸੀਡਰ ਆਦਿ ਮਸ਼ੀਨਰੀ ਦੇ ਸਹੀ ਉਪਯੋਗ ਦੀ ਤਕਨੀਕ ਸਬੰਧੀ ਜਾਣਕਾਰੀ ਦਿੱਤੀ। ਡਾ. ਹਰਸ਼ਨੀਤ ਸਿੰਘ ਨੇ ਕਿਸਾਨਾਂ ਨੂੰ ਦੱਸਿਆ ਕਿ ਪਰਾਲੀ ਨੂੰ ਖੇਤ 'ਚ ਵਾਹੁਣ ਦੇ ਨਾਲ ਪਰਾਲੀ ਵਿਚਲੇ ਤੱਤ ਮਿੱਟੀ ਵਿੱਚ ਮਿਲ ਜਾਂਦੇ ਹਨ ਤੇ ਇਸ ਨਾਲ ਮਿੱਟੀ ਦੀ ਸਿਹਤ 'ਚ ਸੁਧਾਰ ਹੁੰਦਾ ਹੈ। ਖੇਤੀਬਾੜੀ ਅਧਿਕਾਰੀਆਂ ਅਨੁਸਾਰ ਇਸ ਕੈਂਪ ਵਿੱਚ ਵੱਡੀ ਗਿਣਤੀ 'ਚ ਕਿਸਾਨਾਂ ਨੇ ਭਾਗ ਲਿਆ ਤੇ ਪਰਾਲੀ ਨੂੰ ਖੇਤ ਵਿੱਚ ਨਾ ਸਾੜਨ ਦਾ ਹਾਂ-ਪੱਖੀ ਹੁੰਗਾਰਾ ਵੀ ਦਿੱਤਾ। ਅੰਤ ਵਿੱਚ ਕੇ ਵੀ ਕੇ ਦੀ ਟੀਮ ਨੇ ਸਾਰੇ ਆਏ ਕਿਸਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਇਸ ਮੌਕੇ ਹਾਜ਼ਰ ਕਿਸਾਨਾਂ ਨੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਹੀ ਜਜ਼ਬ ਕਰਨ ਦਾ ਅਹਿਦ ਕੀਤਾ।

## ਕਾਤਰਾਂ

### ਕਰਿਆਨੇ ਦੀ ਦੁਕਾਨ 'ਚ ਚੋਰੀ

ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)-ਬਾਗ ਬਸਤੀ ਤਪਾ 'ਚ ਸਥਿਤ ਇੱਕ ਕਰਿਆਨੇ ਦੀ ਦੁਕਾਨ 'ਚੋਂ ਚੋਰਾਂ ਨੇ ਹਜ਼ਾਰਾਂ ਰੁਪਏ ਦੀ ਨਕਦੀ ਚੋਰੀ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਬਿੱਟੂ ਕਰਿਆਨਾ ਸਟੋਰ ਦੇ ਮਾਲਕ ਜੈ ਪਾਲ ਮੋੜ ਨੇ ਦੱਸਿਆ ਕਿ ਚੋਰਾਂ ਨੇ ਦੁਕਾਨ ਦੇ ਪਿਛਲੇ ਪਾਸੇ ਦੀ ਛੱਤ 'ਤੇ ਚੜ੍ਹ ਗਏ ਤੇ ਪੌੜੀਆਂ 'ਚ ਲੱਗੇ ਦਰਵਾਜ਼ੇ ਦੀ ਚਿਟਰਨੀ ਤੋੜ ਕੇ ਦੁਕਾਨ 'ਚ ਦਾਖਲ ਹੋ ਕੇ 20 ਹਜ਼ਾਰ ਰੁਪਏ ਦੇ ਕਰੀਬ ਨਕਦੀ ਚੋਰੀ ਕਰਕੇ ਲੈ ਗਏ। ਇਸ ਦਾ ਮਾਲਕ ਨੂੰ ਸਵੇਰ ਸਮੇਂ ਪਤਾ ਲੱਗਾ, ਜਦ ਉਸ ਨੇ ਦੁਕਾਨ ਖੋਲ੍ਹੀ ਤਾਂ ਪੌੜੀਆਂ ਦਾ ਦਰਵਾਜ਼ਾ ਖੁੱਲ੍ਹਿਆ ਪਿਆ ਸੀ ਅਤੇ ਕੈਸ਼ ਬਾਕਸ ਚੈੱਕ ਕਰਨ 'ਤੇ ਨਕਦੀ ਗਾਇਬ ਸੀ, ਜਿਸ ਦੀ ਮਾਲਕ ਨੇ ਗੁਆਂਢੀਆਂ ਦੀ ਹਾਜ਼ਰੀ 'ਚ ਪੁਲਸ ਨੂੰ ਸੂਚਨਾ ਦੇ ਦਿੱਤੀ ਹੈ। ਪੁਲਸ ਚੋਰਾਂ ਨੂੰ ਫੜਨ ਲਈ ਸੀਸੀਟੀਵੀ ਕੈਮਰੇ ਖੰਘਾਲਣ ਤੇ ਲੱਗੀ ਹੋਈ ਹੈ ਤੇ ਕਿਹਾ ਕਿ ਚੋਰਾਂ ਨੂੰ ਜਲਦੀ ਫੜ ਲਿਆ ਜਾਵੇਗਾ।

### ਸਿਹਤ ਵਿਭਾਗ ਬਿਹਤਰੀਨ ਜੱਚਾ-ਬੱਚਾ ਸੇਵਾਵਾਂ ਪ੍ਰਤੀ ਵਚਨਬੱਧ : ਡਾ. ਔਲਖ



ਬਰਨਾਲਾ (ਰਜਿੰਦਰ ਬਰਾੜ/ਅਸ਼ੋਕ ਟੋਨੀ)-ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਦੀ ਅਗਵਾਈ ਹੇਠ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਸਿਵਲ ਹਸਪਤਾਲ, ਸੀ.ਐਚ.ਸੀ, ਪੀ.ਐਚ.ਸੀ. ਪੱਧਰ 'ਤੇ ਗਰਭਵਤੀ ਔਰਤਾਂ ਦੇ ਮੈਡੀਕਲ ਚੈੱਕਅਪ ਲਈ ਵਿਸ਼ੇਸ਼ ਜਾਂਚ ਕੈਂਪ ਲਾਏ ਜਾਂਦੇ ਹਨ। ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਮੁਹਿੰਮ ਦੌਰਾਨ ਵਿਸ਼ੇਸ਼ ਕੈਂਪ ਲਾ ਕੇ ਮਹੀਨੇ ਦੀ ਹਰੇਕ 9 ਤਰੀਕ ਨੂੰ ਗਰਭਵਤੀ ਔਰਤਾਂ ਦਾ ਮੈਡੀਕਲ ਚੈਕਅਪ, ਟੈਸਟ ਤੇ ਮੁਫ਼ਤ ਦਵਾਈਆਂ ਮੁਹੱਈਆ ਕਰਾਈਆਂ ਜਾਂਦੀਆਂ ਹਨ। ਡਾ. ਔਲਖ ਨੇ ਦੱਸਿਆ ਕਿ ਇਸ ਮਹੀਨੇ ਕੈਂਪਾਂ ਦੌਰਾਨ 1211 ਗਰਭਵਤੀ ਔਰਤਾਂ ਦੀ ਜਾਂਚ ਤੇ 127 ਦੇ ਅਲਟਰਾਸਾਉਂਡ ਮੁਫ਼ਤ ਕੀਤੇ ਗਏ। ਸਿਵਲ ਸਰਜਨ ਨੇ ਕਿਹਾ ਕਿ ਜੱਚਾ ਬੱਚਾ ਦੀ ਤੰਦਰੁਸਤ ਸਿਹਤ ਲਈ ਸੰਸਥਾਗਤ ਜਣੇਪਾ ਹੀ ਕਰਾਉਣਾ ਚਾਹੀਦਾ ਹੈ ਅਤੇ ਗਰਭਵਤੀਆਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਮਿਲਣ ਵਾਲੀਆਂ ਮੁਫ਼ਤ ਸਿਹਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।

### ਜਗਜੀਤ ਸਿੰਘ ਥਾਣਾ ਸਦਰ ਦੇ ਐੱਸ ਐੱਚ ਓ ਨਿਯੁਕਤ



ਜਗਰਾਓਂ (ਅਮਿਤ ਖੰਨਾ)-ਥਾਣਾ ਸਦਰ ਦੇ ਨਵੇਂ ਮੁਖੀ ਇੰਸਪੈਕਟਰ ਜਗਜੀਤ ਸਿੰਘ ਨੇ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਅਪਰਾਧਕ ਬਿਰਤੀ ਵਾਲੇ ਅਨਸਰਾਂ ਤੇ ਨਸ਼ੇ ਦੇ ਕੰਮ ਵਿੱਚ ਲਿਪਤ ਲੋਕਾਂ ਨੂੰ ਤਾੜਨਾ ਕੀਤੀ ਕਿ ਰਾਏਕੋਟ ਇਲਾਕੇ ਨੂੰ ਨਸ਼ਾ ਮੁਕਤ ਤੇ ਮਾਹੌਲ ਸ਼ਾਂਤੀਪੂਰਵਕ ਬਣਾਏ ਰੱਖਣ ਲਈ ਕਿਸੇ ਵੀ ਗ਼ੈਰਕਾਨੂੰਨੀ ਕੰਮ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਵਾਹਨਾਂ ਉੱਪਰ ਹੁੱਲੜਬਾਜ਼ੀ ਕਰਨ ਵਾਲਿਆਂ ਨਾਲ ਵੀ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਲਾਕੇ 'ਚੋਂ ਅਪਰਾਧਕ ਵਾਰਦਾਤਾਂ, ਚੋਰੀ, ਲੁੱਟਾਂ ਖੋਹਾਂ ਤੇ ਨਸ਼ੇ ਦੇ ਖਾਤਮੇ ਲਈ ਆਮ ਜਨਤਾ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਲਈ ਅਜਿਹੇ ਸ਼ੱਕੀ ਵਿਅਕਤੀਆਂ 'ਤੇ ਨਜ਼ਰ ਰੱਖਣ ਤੇ ਕਿਸੇ ਤਰ੍ਹਾਂ ਦੀ ਸ਼ੰਕਾ ਹੋਣ 'ਤੇ ਪੁਲਸ ਨੂੰ ਸੂਚਿਤ ਕਰਨ।

### ਪ੍ਰੋ. ਉੱਪਲ 'ਐਮ.ਟੀ.ਸੀ ਗਲੋਬਲ ਟੋਪ 10 ਥਿਕਰਜ਼' ਐਵਾਰਡ ਨਾਲ ਸਨਮਾਨਤ



ਮਲੋਟ (ਗੁਰਮੀਤ ਸਿੰਘ ਮੱਕੜ)-ਪ੍ਰੋ. ਆਰ.ਕੇ ਉੱਪਲ ਨੇ ਸਿੱਖਿਆ ਅਤੇ ਖੋਜ ਦੇ ਖੇਤਰ ਵਿਚ ਇੱਕ ਅਹਿਮ ਯੋਗਦਾਨ ਪਾਇਆ ਹੈ। ਇਸ ਸਮੇਂ ਉਹ ਬਾਬਾ ਫ਼ਰੀਦ ਕਾਲਜ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਬਠਿੰਡਾ ਵਿਚ ਆਪਣੀਆਂ ਸੇਵਾਵਾਂ ਬਤੌਰ ਪ੍ਰਿੰਸੀਪਲ ਨਿਭਾਅ ਰਹੇ ਹਨ। ਉਨ੍ਹਾਂ ਨੂੰ ਸਿੱਖਿਆ ਤੇ ਖੋਜ ਦੇ ਖੇਤਰ ਵਿਚ ਪਾਏ ਅਹਿਮ ਯੋਗਦਾਨ ਲਈ 'ਐਮ.ਸੀ ਗਲੋਬਲ ਟੋਪ 10 ਥਿਕਰਜ਼ 2022' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਹਰ ਸਾਲ ਐਮ.ਟੀ.ਸੀ. ਗਲੋਬਲ ਸੰਸਥਾ 10 ਮਹੱਤਵਪੂਰਨ ਵਿਅਕਤੀਆਂ ਦਾ ਸਨਮਾਨ ਕਰਦੀ ਹੈ, ਇਸ ਵਾਰ ਪ੍ਰੋ. ਆਰ.ਕੇ. ਉੱਪਲ ਵਲੋਂ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਪਾਏ ਗਏ ਅਹਿਮ ਯੋਗਦਾਨ ਦੇ ਲਈ ਇਨ੍ਹਾਂ 10 ਵਿਅਕਤੀਆਂ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਸ਼ਾਨਦਾਰ ਪ੍ਰਾਪਤੀ 'ਤੇ ਬਹੁਤ ਸਾਰੀਆਂ ਸੰਸਥਾਵਾ ਨੇ ਪ੍ਰੋ. ਉੱਪਲ ਨੂੰ ਵਧਾਈ ਦਿੱਤੀ। ਬਾਬਾ ਫ਼ਰੀਦ ਗਰੁੱਪ ਆਫ ਇੰਸਟੀਚਿਊਸ਼ਨ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਪ੍ਰੋ. ਉੱਪਲ ਨੂੰ ਸ਼ਾਨਦਾਰ ਪ੍ਰਾਪਤੀ ਤੇ ਦਿਲੋਂ ਵਧਾਈ ਦਿੱਤੀ।

# ਇਲੈਕਟ੍ਰੋਹੋਮਿਓਪੈਥਿਕ ਮੈਡੀਕਲ ਡਾਕਟਰਜ਼ ਐਸੋਸੀਏਸ਼ਨ ਦੀ ਮੀਟਿੰਗ



ਮੋਗਾ (ਅਮਰਜੀਤ ਬੱਬਰੀ)-ਇਲੈਕਟ੍ਰੋਹੋਮਿਓਪੈਥਿਕ ਮੈਡੀਕਲ ਡਾਕਟਰਜ ਐਸੋਸੀਏਸ਼ਨ ਰਜਿ 404 ਪੰਜਾਬ ਦੀ ਮਹੀਨਾਵਾਰ ਮੀਟਿੰਗ ਚੋਖਾ ਅੰਪਾਇਰ ਹੋਟਲ ਬੁੱਘੀਪੁਰਾ ਚੌਕ ਵਿੱਚ ਡਾ ਜਗਮੋਹਨ ਸਿੰਘ ਧੂੜਕੋਟ ਦੀ ਪ੍ਰਧਾਨਗੀ ਵਿੱਚ ਹੋਈ।

ਉਨ੍ਹਾਂ ਮੀਟਿੰਗ ਵਿੱਚ ਪਹੁੰਚੇ ਹੋਏ ਡਾਕਟਰ ਸਾਹਿਬਾਨਾਂ ਨੂੰ ਜੀ ਆਇਆਂ ਕਿਹਾ। ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਦੱਸਿਆ ਕਿ ਇਲੈਕਟ੍ਰੋਹੋਮਿਓਪੈਥੀ ਵਿੱਚ ਗੰਭੀਰ ਅਤੇ ਲਾਇਲਾਜ ਰੋਗਾਂ ਦਾ ਇਲਾਜ ਸਫਲਤਾਪੂਰਵਕ ਹੋ ਜਾਂਦਾ ਹੈ। ਇਹ ਦਵਾਈਆਂ ਹਰਬਲ ਹੋਣ ਕਰਕੇ ਇਨ੍ਹਾਂ ਦਾ ਕਿਸੇ ਤਰ੍ਹਾਂ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ। ਇਸ ਸਮੇਂ ਉਨ੍ਹਾਂ ਸੋਰਾਈਸਿਸ ਰੋਗ ਦੇ ਕਾਰਨ ਨਿਸ਼ਾਨੀਆਂ ਤੇ ਇਲੈਕਟ੍ਰੋਹੋਮਿਓਪੈਥਿਕ ਇਲਾਜ ਦੱਸਿਆ। ਡਾ ਜਸਵਿੰਦਰ ਸਿੰਘ ਸਮਾਧ ਭਾਈ ਨੇ ਅਪੈਂਡੀਸਾਈਟਸ ਰੋਗ ਦੇ ਕਾਰਨ ਤੇ ਇਲੈਕਟ੍ਰੋਹੋਮਿਓਪੈਥੀ ਇਲਾਜ 'ਤੇ ਚਾਨਣਾ ਪਾਇਆ। ਡਾ ਮਨਪ੍ਰੀਤ ਸਿੰਘ ਸਿੱਧੂ ਨੇ ਏਪਲਾਸਟਿਕ ਅਨੀਮੀਆ ਦੇ ਕਾਰਨ ਅਤੇ ਇਲੈਕਟ੍ਰੋਹੋਮਿਓਪੈਥੀ ਇਲਾਜ ਦੱਸਿਆ। ਡਾ ਅਨਿਲ ਅਗਰਵਾਲ ਨੇ ਗੁਰਦਾ ਪਥਰੀਆਂ ਦੇ ਇਲਾਜ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਡਾ ਜਗਜੀਤ ਸਿੰਘ ਗਿੱਲ ਨੇ ਸਪਰਮ ਕਾਊਂਟ ਵਧਾਉਣ ਵਾਸਤੇ ਆਪਣਾ ਤਜਰਬਾ ਸਾਂਝਾ ਕੀਤਾ। ਡਾ ਦਰਬਾਰਾ ਸਿੰਘ ਭੁੱਲਰ ਨੇ ਇਲੈਕਟ੍ਰੋਹੋਮਿਓਪੈਥਿਕ ਦਵਾਈ ਸੈਕਰੋਫਲੋਸੋ-10 ਵਿੱਚ ਵਰਤੇ ਜਾਣ ਵਾਲੇ ਪੌਦੇ ਸਿਨਕੋਨਾ ਤੇ ਡਾ ਪਰਮਿੰਦਰ ਪਾਠਕ ਨੇ ਮੈਡੀਸਨ ਸੈਕਰੋਫਲੋਸੋ-10 ਦੇ ਕਾਰਜ ਖੇਤਰ ਬਾਰੇ ਵਿਸਥਾਪੂਰਵਕ ਚਾਨਣਾ ਪਾਇਆ।

ਡਾ ਸ਼ਿੰਦਰ ਸਿੰਘ ਕਲੇਰ ਨੇ ਰਸੌਲੀਆਂ ਦਾ, ਡਾ ਹਰਦੇਵ ਸਿੰਘ ਸੈਣੀ ਨੇ ਪਿੱਤਾ ਪੱਥਰੀ, ਡਾ ਸੁਰਿੰਦਰ ਅਰੋੜਾ ਪਾਣੀਪਤ ਨੇ ਹਾਰਮੋਨਲ ਇੰਮਬੈਲੰਸ, ਡਾ ਜਸਵੀਰ ਸ਼ਰਮਾ ਨੇ ਪੰਛੀਆਂ ਆਦਿ ਦੇ ਅਲੱਗ-ਅਲੱਗ ਰੋਗਾਂ ਤੇ ਆਪਣਾ- ਆਪਣਾ ਇਲੈਕਟ੍ਰੋਹੋਮਿਓਪੈਥਿਕ ਤਜਰਬਾ ਸਾਂਝਾ ਕੀਤਾ। ਮੀਟਿੰਗ ਵਿੱਚ ਮਹਾਰਾਸ਼ਟਰ, ਹਰਿਆਣਾ, ਚੰਡੀਗੜ੍ਹ ਤੇ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਡਾਕਟਰ ਸਾਹਿਬਾਨ ਸ਼ਾਮਲ ਹੋਏ।

# ਕਾਲਜ ਵਿਖੇ ਨਵੇਂ ਵਿਦਿਆਰਥੀਆਂ ਨੂੰ ਸਵਾਗਤੀ ਪਾਰਟੀ

ਧੂਰੀ (ਬਿੰਨੀ ਗਰਗ)-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਬਾਲ ਕ੍ਰਿਸ਼ਨ ਦੀ ਅਗਵਾਈ ਵਿੱਚ ਸਾਇੰਸ ਤੇ ਕੰਪਿਊਟਰ ਸਾਇੰਸ ਵਿਭਾਗ ਦੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਸਵਾਗਤੀ ਪਾਰਟੀ ਕੀਤੀ ਗਈ। ਇਨ੍ਹਾਂ ਵਿਭਾਗਾਂ ਦੇ ਸੀਨੀਅਰ ਅਧਿਆਪਕ ਡਾ. ਅਸ਼ੋਕ ਕੁਮਾਰ ਤੇ ਇੰਜ: ਵਰਿੰਦਰ ਕੁਮਾਰ ਨੇ ਦੱਸਿਆ ਕਿ ਕਾਲਜ ਵਿਖੇ ਚੱਲ ਰਹੀ ਪ੍ਰੰਪਰਾ ਅਨੁਸਾਰ ਨਵੇਂ ਦਾਖਲ ਹੋਏ ਵਿਭਾਗੀ ਵਿਦਿਆਰਥੀਆਂ ਦਾ ਸਵਾਗਤ ਫਰੈਸ਼ਰ ਪਾਰਟੀ ਨਾਲ ਕੀਤਾ ਗਿਆ ਹੈ। ਕਾਲਜ ਪ੍ਰਿੰਸੀਪਲ ਨੇ ਪਾਰਟੀ ਪ੍ਰਬੰਧਕ ਵਿਦਿਆਰਥੀਆਂ ਤੇ ਸਟਾਫ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪ੍ਰੰਪਰਾ ਅਨੁਸਾਰ ਕੰਮ ਕਰਨਾ ਤੇ ਪ੍ਰੰਪਰਾਵਾਂ ਨੂੰ ਨਿਰਵਿਘਨ ਚਾਲੂ ਰੱਖਣਾ ਵੱਡੇ ਕਾਰਜ ਹੁੰਦੇ ਹਨ। ਇਸ ਸਮੇਂ ਹਰਮਨਜੋਤ ਸਿੰਘ, ਜਸਮੀਨ ਕੌਰ ਸਿੱਧੂ, ਚਿਰਾਗ ਗਰਗ, ਪ੍ਰਵੀਨ ਕੌਰ ਨੂੰ ਕ੍ਰਮਵਾਰ ਮਿਸਟਰ ਤੇ ਮਿਸ ਫਰੈਸ਼ਰ ਚੁਣਿਆ ਗਿਆ। ਪਾਰਟੀ ਵਿੱਚ ਸਾਇੰਸ ਤੇ ਤਕਨਾਲੋਜੀ ਦਾ ਸੁਮੇਲ ਬਾਖੂਬੀ ਦੇਖਣ ਨੂੰ ਮਿਲਿਆ। ਇਸ ਮੌਕੇ ਸਮੂਹ ਵਿਭਾਗੀ ਸਟਾਫ ਮੌਜੂਦ ਰਿਹਾ।



# ਦੋ ਕਿਸਾਨਾਂ ਦੀ ਜ਼ਮੀਨ ਦੀ ਕੁਰਕੀ ਰੁਕਵਾਈ



ਤਲਵੰਡੀ ਸਾਬੋ (ਜਗਦੀਪ ਗਿੱਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਚੱਠੇਵਾਲਾ ਦੇ ਮੇਜਰ ਸਿੰਘ ਪੁੱਤਰ ਜੀਤ ਸਿੰਘ ਤੇ ਗੁਰਜੰਟ ਸਿੰਘ ਪੁੱਤਰ ਜੀਤ ਸਿੰਘ ਦੀਆਂ ਜ਼ਮੀਨਾਂ ਦੀ ਨਿਲਾਮੀ ਰਾਮਾ ਮੰਡੀ ਦੇ ਆੜ੍ਹਤੀਏ ਰਾਮ ਕੁਮਾਰ ਪੁੱਤਰ ਪ੍ਰੀਤਮ ਸਿੰਘ ਵੱਲੋਂ ਤਹਿਸੀਲਦਾਰ ਦਫਤਰ ਤਲਵੰਡੀ ਸਾਬੋ ਵਿਖੇ ਕਰਵਾਈ ਜਾਣੀ ਸੀ, ਜਿਸ ਦੀ ਜਾਣਕਾਰੀ ਪੀੜਤ ਕਿਸਾਨਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਦੇ ਧਿਆਨ ਵਿੱਚ ਲਿਆਉਣ 'ਤੇ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਤੇ ਕੁਲਵਿੰਦਰ ਸਿੰਘ ਗਿਆਨਾ, ਰਣਜੋਧ ਸਿੰਘ ਮਾਹੀ ਨੰਗਲ ਬਲਾਕ ਟੀਮ ਦੀ ਅਗਵਾਈ ਵਿੱਚ ਤਹਿਸੀਲਦਾਰ ਦਫਤਰ ਤਲਵੰਡੀ ਸਾਬੋ ਧਰਨਾ ਸ਼ੁਰੂ ਕਰ ਦਿੱਤਾ, ਪਰ ਤਹਿਸੀਲਦਾਰ ਵੱਲੋਂ ਪਿੰਡ ਜਾ ਕੇ ਕੁਰਕੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜਥੇਬੰਦੀ ਦੇ ਆਗੂ ਕਾਲਾ ਸਿੰਘ ਚੱਠੇਵਾਲਾ ਤੇ ਕਿਸਾਨ ਵੀਰਾਂ ਨੇ ਮੌਕੇ 'ਤੇ ਪਹੁੰਚ ਕੇ ਕੁਰਕੀ ਰਕਵਾਈ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਪ੍ਰਸ਼ਾਸਨ ਦੇ ਸਰਮਾਏਦਾਰੀ ਪ੍ਰਬੰਧ ਦੇ ਹੱਕ 'ਚ ਭੁਗਤਣ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਲੋਟੂਆਂ ਦੇ ਹੱਕ ਵਿੱਚ ਭੁਗਤਦੀ ਰਹੀ ਹੈ। ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਦੱਸਿਆ ਕਿ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਨੌਂਵੇਂ ਦਿਨ 'ਚ ਦਾਖਲ ਹੋ ਗਿਆ ਹੈ, ਪਰ ਸਰਕਾਰ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਦੀ ਥਾਂ ਜਾਣ-ਬੁੱਝ ਕੇ ਖੱਜਲ ਖੁਆਰ ਕਰ ਰਹੀ ਹੈ। ਜ਼ਿਲ੍ਹਾ ਆਗੂ ਨੇ ਦੱਸਿਆ ਕਿ 20 ਅਕਤੂਬਰ ਨੂੰ ਜਥੇਬੰਦੀ ਦੇ ਸੱਦੇ 'ਤੇ ਅਗਲੇ ਐਕਸ਼ਨ ਵਜੋਂ ਵੱਡਾ ਇਕੱਠ ਕੀਤਾ ਜਾ ਰਿਹਾ ਹੈ ਤੇ ਸਾਰੇ ਕਿਸਾਨ ਵੀਰਾਂ ਨੂੰ ਸੰਗਰੂਰ ਧਰਨੇ ਵਿੱਚ ਪਹੁੰਚ ਕੇ ਹਾਜ਼ਰੀ ਲਵਾਉਣ ਦੀ ਅਪੀਲ ਕੀਤੀ ਤਾਂ ਜੋ ਮੰਨੀਆਂ ਮੰਗਾਂ ਲਾਗੂ ਕਰਵਾ ਸਕੀਏ। ਕਿਸਾਨ ਆਗੂ ਕੁਲਵਿੰਦਰ ਸਿੰਘ ਗਿਆਨਾ ਨੇ ਕਿਹਾ ਕਿ ਕਰਜ਼ੇ ਬਦਲੇ ਕਿਸੇ ਵੀ ਕਿਸਾਨ ਮਜ਼ਦੂਰ ਦੀ ਜ਼ਮੀਨ, ਘਰ ਤੇ ਸੰਦਾਂ ਦੀ ਨਿਲਾਮੀ ਨਹੀਂ ਹੋਣ ਦਿੱਤੀ ਜਾਵੇਗੀ।

# ਯੂਥ ਵਰਕਰਾਂ ਦੀ ਮਿਹਨਤ ਸਦਕਾ ਹੋਰ ਮਜ਼ਬੂਤ ਹੋਵੇਗਾ ਅਕਾਲੀ ਦਲ : ਪਰਮਜੀਤ ਢਿੱਲੋਂ

ਮਾਛੀਵਾੜ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)

ਹਲਕਾ ਸਮਰਾਲਾ ਤੋਂ ਸ਼੍ਰੋਮਦ ਦੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਨੇ ਪਾਰਟੀ ਦੇ ਸੀਨੀਅਰ ਆਗੂ ਤੇ ਮੈਂਬਰ ਕੋਰ ਕਮੇਟੀ ਜਥੇ. ਹੀਰਾ ਸਿੰਘ ਗਾਬੜੀਆਂ ਦੀ ਰਹਿਨੁਮਾਈ 'ਚ ਪਾਰਟੀ ਦੇ ਸਮੁੱਚੇ ਆਗੂਆਂ ਤੇ ਵਰਕਰਾਂ ਦੀ ਇੱਕ ਅਹਿਮ ਮੀਟਿੰਗ ਗੁਰਦੁਆਰਾ ਸ਼੍ਰੀ ਚਰਨ ਕੰਵਲ ਸਾਹਿਬ ਵਿਖੇ ਸੱਦੀ, ਜਿਸ 'ਚ ਹਲਕਾ ਮਾਛੀਵਾੜਾ ਦੇ ਕਈ ਪਿੰਡਾਂ ਤੋਂ ਪਾਰਟੀ ਵਰਕਰ ਵੱਡੀ ਗਿਣਤੀ 'ਚ ਸ਼ਾਮਲ ਹੋਏ। ਮੀਟਿੰਗ 'ਚ ਜਥੇ. ਗਾਬੜੀਆਂ ਦੇ ਨਾਲ ਸਹਿ-ਇੰਚਾਰਜ ਜਗਦੀਪ ਸਿੰਘ ਚੀਮਾ ਨੇ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇ. ਗਾਬੜੀਆਂ ਨੇ ਸਭ ਤੋਂ ਪਹਿਲਾਂ ਪਰਮਜੀਤ ਢਿੱਲੋਂ ਨੂੰ ਸ਼੍ਰੀ ਚਮਕੌਰ ਸਾਹਿਬ ਦੇ ਆਬਜ਼ਰਵਰ ਦਾ ਅਹੁਦਾ ਮਿਲਣ 'ਤੇ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਢ ਤੋਂ ਹੀ ਪਾਰਟੀ ਲਈ ਕੁਝ ਕਰ ਗੁਜ਼ਰਨ ਦਾ ਜਜ਼ਬਾ ਰੱਖਣ ਵਾਲੇ ਵਰਕਰਾਂ ਤੇ ਆਗੂਆਂ ਨੂੰ ਵੱਡੇ ਅਹੁਦਿਆਂ ਨਾਲ ਨਿਵਾਜ ਕੇ ਹਮੇਸ਼ਾ ਹੀ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਹੈ ਤਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਤਨਦੇਹੀ ਨਾਲ ਪਾਰਟੀ ਦੀ ਸੇਵਾ ਕਰਕੇ ਉਸ ਨੂੰ ਇਕ ਚੱਟਾਨ ਵਾਂਗ ਹੋਰ ਮਜ਼ਬੂਤ ਕਰਨ।

ਹਲਕਾ ਇੰਚਾਰਜ ਪਰਮਜੀਤ ਢਿੱਲੋਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਜਥੇ. ਹੀਰਾ ਸਿੰਘ ਗਾਬੜੀਆਂ ਤੇ ਜਗਦੀਪ ਸਿੰਘ ਚੀਮਾ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਆਪਣੇ ਸੰਬੋਧਨ 'ਚ ਪਰਮਜੀਤ ਢਿੱਲੋਂ ਨੇ ਕਿਹਾ ਕਿ ਉਹ ਹਾਈ ਕਮਾਂਡ ਦੇ ਨਿਰਦੇਸ਼ਾਂ ਮੁਤਾਬਕ ਅਕਾਲੀ ਦਲ ਦਾ ਜਥੇਬੰਦਕਲ ਢਾਂਚਾ ਹੋਰ ਮਜ਼ਬੂਤ ਕਰਨ ਲਈ ਪੂਰੀ ਵਿਉਂਤਬੰਦੀ ਨਾਲ ਮਿਹਨਤੀ ਵਰਕਰਾਂ ਨੂੰ ਅੱਗੇ ਲਿਆਉਣਗੇ ਤਾਂ ਜੋ ਭਵਿੱਖ 'ਚ ਨਵੀਆਂ ਅਹੁਦੇਦਾਰੀਆਂ ਨਾਲ ਪਾਰਟੀ ਦਾ ਆਧਾਰ ਪਹਿਲਾਂ ਨਾਲੋਂ ਵੀ ਵੱਧ ਮਜ਼ਬੂਤ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾ ਨਾਲ ਹਲਕਾ ਮਾਛੀਵਾੜਾ ਸਾਹਿਬ ਦੇ ਸਮੁੱਚੇ ਆਗੂ, ਵਰਕਰ ਤੇ ਵੱਖ-ਵੱਖ ਪਿੰਡਾਂ ਤੋਂ ਪੁੱਜੇ ਪੰਚ, ਸਰਪੰਚ ਤੇ ਹੋਰ ਅਹੁਦੇਦਾਰ ਹਾਜ਼ਰ ਸਨ।



# ਸੁਪਰ ਸਮਾਰਟ ਸਕੂਲ ਖੋਲ੍ਹਣ ਦਾ ਫ਼ੈਸਲਾ ਸਰਕਾਰ ਦਾ ਸ਼ਲਾਘਾਯੋਗ ਕਦਮ : ਡਾ. ਗਰਗ

ਮੋਗਾ (ਅਮਰਜੀਤ ਬੱਬਰੀ)-ਸੈਲਫ਼ ਫਾਈਨਾਂਸ ਬੀ ਐਡ ਕਾਲਜ ਐਸੋਸੀਏਸ਼ਨ ਪੰਜਾਬ ਦੇ ਜਨਰਲ ਸਕੱਤਰ ਅਤੇ ਐਸ ਡੀ ਪਬਲਿਕ ਸਕੂਲ ਸੀਨੀਅਰ ਸੈਕੰਡਰੀ ਸਕੂਲ ਤੇ ਐਸ ਡੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਧਾਨ ਡਾ. ਅਸ਼ੋਕ ਗਰਗ ਨੇ ਮੌਜੂਦਾ ਸਰਕਾਰ ਦੇ ਦਿੱਲੀ ਦੀ ਤਰਜ਼ ਉਪਰ ਸੁਪਰ ਸਮਾਰਟ ਸਕੂਲ ਖੋਲ੍ਹਣ ਦੇ ਫੈਸਲੇ ਲਈ ਸਰਕਾਰ ਦੀ ਸ਼ਲਾਘਾ ਕੀਤੀ ਹੈ। ਡਾ ਅਸ਼ੋਕ ਗਰਗ ਨੇ ਕਿਹਾ ਕਿ ਸਕੂਲੀ ਢਾਂਚਿਆਂ ਨੂੰ ਸਮਾਰਟ ਬਣਾਉਣ ਤੇ ਸਰਕਾਰ ਦਾ ਪਹਿਲਾਂ ਹੀ ਬਹੁਤ ਪੈਸਾ ਖਰਚ ਹੋ ਚੁੱਕਾ ਹੈ। ਇਸ ਲਈ ਨਵੇਂ ਸਕੂਲ ਖੋਲ੍ਹਣ ਤੋਂ ਪਹਿਲਾਂ ਇਨ੍ਹਾਂ ਸਕੂਲਾਂ ਦੀ ਸਾਂਭ ਸੰਭਾਲ ਤੇ ਇਨ੍ਹਾਂ ਨੂੰ ਹੋਰ ਜ਼ਿਆਦਾ ਵਿਕਸਤ ਕਰਨ ਦੇ ਉਪਰਾਲੇ ਅਧੀਨ ਹੀ ਸਰਕਾਰ ਦਾ ਇਹ ਨਵਾਂ ਫੈਸਲਾ ਹੈ ਕਿ ਹਰ ਵਿਧਾਨ ਸਭਾ ਹਲਕੇ ਵਿਚ ਇੱਕ-ਇੱਕ ਸੁਪਰ ਸਮਾਰਟ ਸਕੂਲ ਬਣਾਉਣ ਦੀ ਕੜੀ ਅਧੀਨ ਮੋਗਾ ਜ਼ਿਲ੍ਹੇ ਦੇ ਚਾਰ ਵਿਧਾਨ ਸਭਾ ਖੇਤਰਾਂ ਮੋਗਾ, ਬਾਘਾਪੁਰਾਣਾ, ਧਰਮਕੋਟ, ਨਿਹਾਲ ਸਿੰਘ ਵਾਲਾ ਵਿੱਚ ਖੁੱਲ੍ਹਣ ਜਾ ਰਹੇ ਹਨ। ਇਨ੍ਹਾਂ ਸੁਪਰ ਮਾਡਲ ਸਕੂਲਾਂ ਵਿੱਚ ਆਰਟਸ਼, ਕਾਮਰਸ ਤੇ ਸਾਇੰਸ ਸਟਰੀਮ ਦੀ ਪਲੱਸ ਦੋ ਤੱਕ ਦੀ ਪੜ੍ਹਾਈ ਹੋਵੇਗੀ। ਇਨ੍ਹਾਂ ਸਕੂਲਾਂ ਵਿੱਚ ਖੇਡ ਮੈਦਾਨ ਖੇਡ ਕੋਚਿੰਗ ਦੇ ਨਾਲ-ਨਾਲ ਸਕੂਲਾਂ ਵਿੱਚ ਸਵਿਮਿੰਗ ਪੂਲ ਵਰਗੀਆਂ ਸਹੂਲਤਾਂ ਹੋਣਗੀਆਂ। ਇਨ੍ਹਾਂ ਸਕੂਲਾਂ ਵਿੱਚ ਬਿਜਲੀ ਸਮੱਸਿਆ ਨੂੰ ਦੂਰ ਕਰਨ ਲਈ ਵੀ ਸੋਲਰ ਸਿਸਟਮ ਦੀ ਸਹੂਲਤ ਹੋਵੇਗੀ ਤੇ ਨਾਲ ਹੀ ਕੰਪਿਊਟਰ ਲੈਬ ਸਮੇਤ ਸਾਰੀਆਂ ਅਤਿ ਆਧੁਨਿਕ ਸਹੂਲਤਾਂ ਮੁਹੱਈਆ ਕਰਾਈਆਂ ਜਾਣਗੀਆਂ।

ਡਾ. ਅਸ਼ੋਕ ਗਰਗ ਨੇ ਕਿਹਾ ਕਿ ਸਰਕਾਰ ਦੇ ਇਸ ਸ਼ਲਾਘਾਯੋਗ ਕਦਮ ਨਾਲ ਗਰੀਬ ਲੋਕਾਂ ਨੂੰ ਜ਼ਿਆਦਾ ਸਹੂਲਤ ਮਿਲੇਗੀ, ਕਿਉਂਕਿ ਉਹ ਆਪਣੇ ਬੱਚਿਆਂ ਨੂੰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਤੋਂ ਅਸਮਰੱਥ ਹੁੰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਅਤਿ ਆਧੁਨਿਕ ਸਕੂਲਾਂ ਵਿੱਚ ਤਜਰਬੇਕਾਰ ਅਧਿਆਪਕਾਂ ਦੀ ਵੀ ਭਰਤੀ ਕੀਤੀ ਜਾਵੇ ਤਾਂ ਜੁ ਬਹੁਤ ਸਾਰੇ ਉੱਚ ਸਿੱਖਿਅਤ ਲੋਕਾਂ ਨੂੰ ਰੁਜ਼ਗਾਰ ਮਿਲ ਸਕੇ।

# ਸਟੇਟ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ 22 ਨੂੰ



ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਪੈਨਸ਼ਨ ਭਵਨ ਤਹਿ. ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਵਿੱਚੋਂ ਸੇਵਾਮੁਕਤ ਹੋਏ ਅਧਿਕਾਰੀਆਂ ਤੇ ਕ੍ਰਮਚਾਰੀਆਂ ਦੀ ਸਮਾਜ ਸੇਵੀ ਸੰਸਥਾ ਸਟੇਟ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਮੁੱਖ ਅਹੁੱਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਹੇਠ ਹੋਈ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਚੇਅਰਮੈਨ ਸ੍ਰੀ ਰਵਿੰਦਰ ਸਿੰਘ ਗੁੱਡੂ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖ਼ਾਲਸਾ, ਕਿਸ਼ੋਰੀ ਲਾਲ, ਜਨਰਲ ਸਕੱਤਰ ਕੰਵਲਜੀਤ ਸਿੰਘ, ਪ੍ਰਬੰਧਕੀ ਸਕੱਤਰ ਸੁਰਿੰਦਰ ਸਿੰਘ ਸੋਢੀ, ਸਕੱਤਰ ਜਨਰਲ ਤਿਲਕ ਰਾਜ ਸਤੀਜਾ ਆਦਿ ਮੌਜੂਦ ਸਨ। ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਦੀਪਾਵਲੀ ਦਾ ਸ਼ੁਭ ਤਿਉਹਾਰ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਬੰਧੀ 22 ਅਕਤੂਬਰ ਨੂੰ ਜ਼ਿਲ੍ਹਾ ਪੈਨਸ਼ਨਰ ਭਵਨ ਵਿਖੇ ਸਵੇਰੇ 10:30 ਵਜੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦੀ ਮੀਟਿੰਗ ਸੱਦ ਲਈ ਗਈ ਹੈ, ਜਿਸ ਵਿੱਚ ਮਿੱਟੀ ਨਾਲ ਬਣੇ ਦੀਵੇ ਖਰੀਦ ਕੇ ਵੰਡੇ ਜਾਣਗੇ ਤਾਂ ਜੁ ਫੁੱਟਪਾਥਾਂ ਤੇ ਬੈਠ ਕੇ ਮਿਹਨਤ ਮੁਸ਼ੱਕਤ ਦੇ ਨਾਲ ਦੀਵੇ ਬਣਾਉਣ ਵਾਲੇ ਲੋਕਾਂ ਦੀ ਮਦਦ ਹੋ ਸਕੇ ਤੇ ਉਹ ਵੀ ਆਪਣੀ ਦੀਵਾਲੀ ਸੁਚੱਜੇ ਢੰਗ ਨਾਲ ਮਨਾ ਸਕਣ। ਇਸ ਮੌਕੇ ਸ੍ਰੀ ਕਰਨੈਲ ਸਿੰਘ ਸੇਖੋਂ, ਡਾ. ਮਨਮੋਹਨ ਸਿੰਘ, ਮਹੇਸ਼ ਜੋਹਰ, ਅਸ਼ੋਕ ਡੱਲਾ, ਜਨਕ ਰਾਜ ਜੋਸ਼ੀ, ਡਾ. ਬਲਜਿੰਦਰ ਸਿੰਘ, ਰਾਜ ਕੁਮਾਰ ਬਾਂਸਲ ਤੇ ਰਜਿੰਦਰ ਸਿੰਘ ਚੰਗਾਲ ਆਦਿ ਵੀ ਮੌਜੂਦ ਸਨ।

# ਛਿੰਦਰ ਸਿੰਘ ਨੱਥੂਵਾਲਾ ਦੀ ਬਰਸੀ 'ਤੇ ਕਾਨਫਰੰਸ 6 ਨੂੰ

ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਸੀਨੀਅਰ ਕਿਸਾਨ ਆਗੂ ਗੁਰਭੇਜ ਸਿੰਘ ਟਿੱਬੀ ਕਲਾਂ ਦੀ ਅਗਵਾਈ ਵਿੱਚ ਪਿੰਡ ਲੱਖਾ ਹਾਜੀ ਵਿੱਚ ਹੋਈ, ਜਿਸ ਵਿੱਚ ਹਾਜ਼ਰ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋ ਕੇ, ਸੂਬਾ ਜਰਨਲ ਸਕੱਤਰ ਗੁਰਮੀਤ ਸਿੰਘ ਮਹਿਮਾ ਤੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਕਿਸਾਨਾਂ ਵੱਲੋਂ 6 ਨਵੰਬਰ ਨੂੰ ਨੱਥੂਵਾਲਾ ਗਰਬੀ ਵਿਖੇ ਮਰਹੂਮ ਸੂਬਾ ਪ੍ਰਧਾਨ ਸ਼ਿੰਦਰ ਸਿੰਘ ਨੱਥੂਵਾਲਾ ਦੀ ਬਰਸੀ ਮੌਕੇ ਕੀਤੀ ਜਾ ਰਹੀ ਕਿਸਾਨ ਕਾਨਫਰੰਸ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਆਗੂਆਂ ਵੱਲੋਂ ਕਾਨਫਰੰਸ ਦਾ ਪੋਸਟਰ ਵੀ ਜਾਰੀ ਕੀਤਾ ਗਿਆ।

ਕਿਸਾਨ ਆਗੂ ਗੁਰਭੇਜ ਸਿੰਘ ਟਿੱਬੀ ਕਲਾਂ ਨੇ ਦੱਸਿਆ ਕਿ ਜਥੇਬੰਦੀ ਦੇ ਪਹਿਲੇ ਪ੍ਰਧਾਨ ਸ਼ਿੰਦਰ ਸਿੰਘ ਨੱਥੂਵਾਲਾ ਨੇ ਆਪਣੀ ਸਾਰੀ ਜ਼ਿੰਦਗੀ ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ ਨੂੰ ਸਮਰਪਤ ਕੀਤੀ ਅਤੇ ਧਰਨੇ ਦੌਰਾਨ ਹੀ ਉਹ ਬਿਮਾਰ ਹੋਇਆ ਤੇ ਇਲਾਜ ਦੌਰਾਨ ਹੀ ਸਾਥੋਂ ਵਿੱਛੜ ਗਏ। ਉਨ੍ਹਾਂ ਦੀ ਯਾਦ ਵਿੱਚ ਹਰ ਸਾਲ ਦੀ ਤਰਾਂ ਇਸ ਵਾਰ ਵੀ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਕਿਸਾਨ ਕਾਨਫਰੰਸ ਕੀਤੀ ਜਾ ਰਹੀ ਹੈ, ਜਿਸ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਮੁੱਖ ਆਗੂ ਡਾ. ਦਰਸ਼ਨਪਾਲ ਜੀ ਪਹੁੰਚਣਗੇ। ਉਨ੍ਹਾਂ ਦੱਸਿਆ ਕਿ ਜਥੇਬੰਦੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਰਬਸੰਮਤੀ ਨਾਲ ਪਿੰਡ ਲੱਖਾ ਹਾਜੀ ਦੀ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਡਾ ਬਲਕਾਰ ਸਿੰਘ, ਮੀਤ ਪ੍ਰਧਾਨ ਹਰਬੰਸ ਸਿੰਘ ਸੀਨੀਅਰ ਮੀਤ ਪ੍ਰਧਾਨ ਬਲਕਾਰ ਸਿੰਘ, ਸੀਨੀਅਰ ਸਕੱਤਰ ਹਰਮਨ ਸਿੰਘ, ਸਕੱਤਰ ਹਰਭਜਨ ਸਿੰਘ, ਪ੍ਰੈੱਸ ਸਕੱਤਰ ਬੋਹੜ ਸਿੰਘ, ਖ਼ਜ਼ਾਨਚੀ ਬਲਰਾਜ ਸਿੰਘ ਤੇ ਮੁਖਤਿਆਰ ਸਿੰਘ, ਸੁਖਪ੍ਰੀਤ ਸਿੰਘ, ਬਲਕਾਰ ਸਿੰਘ, ਗੁਰਵਿੰਦਰ ਸਿੰਘ ਨੂੰ ਮੈਂਬਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

# ਬਲੱਡ ਸੇਵਾ ਵੈੱਲਫੇਅਰ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ



ਖ਼ੂਨ ਦਾਨ ਕਰਦੇ ਖ਼ੂਨਦਾਨੀ। (ਫੋਟੋ : ਬਲਕਰਨ ਸਿੰਘ ਖਾਰਾ)

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਬਲੱਡ ਸੇਵਾ ਵੈੱਲਫੇਅਰ ਸੁਸਾਇਟੀ ਪੀ ਬੀ 30 ਸ੍ਰੀ ਮੁਕਤਸਰ ਸਾਹਿਬ ਵੱਲੋਂ ਪਿੰਡ ਗੁਲਾਬੇਵਾਲਾ ਵਿਖੇ ਖ਼ੂਨਦਾਨ ਕੈਂਪ ਲਾਇਆ ਗਿਆ। ਪਿੰਡ ਦੇ ਸਮੂਹ ਆਗੂਆਂ ਤੇ ਆਮ ਲੋਕਾਂ ਨੇ ਕੈਂਪ ਦਾ ਆਯੋਜਨ ਕਰਨ ਲਈ ਸੁਸਾਇਟੀ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਖ਼ੂਨ ਦਾਨ ਕੀਤਾ ਗਿਆ ਖ਼ੂਨ ਸਕੀਮਜ਼ ਦੇ ਸਰੋਤਾਂ ਨੂੰ ਮਜ਼ਬੂਤ ਕਰੇਗਾ ਤੇ ਇਹ ਕਈਆਂ ਨੂੰ ਮਰੀਜ਼ਾਂ ਦੀ ਦੇਖ-ਭਾਲ ਦੇ ਲਾਭ ਲਈ ਨਿਰਸਵਾਰਥ ਯੋਗਦਾਨ ਪਾਉਣ ਦਾ ਮੌਕਾ ਵੀ ਪ੍ਰਦਾਨ ਕਰਦਾ ਹੈ। ਸੁਸਾਇਟੀ ਦੇ ਪ੍ਰਧਾਨ ਸੁਖਰਾਜ ਬਰਾੜ ਨੇ ਕਿਹਾ ਕਿ ਇਹ ਕੈਂਪ ਆਮ ਲੋਕਾਂ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਲਗਾਇਆ ਗਿਆ। ਇਹ ਕੈਂਪ ਡਾਕਟਰ ਮਨਦੀਪ ਬਰਾੜ ਪਿੰਡ ਗੁਲਾਬੇਵਾਲਾ ਦੇ ਸਹਿਯੋਗ ਨਾਲ ਬਰਾੜ ਕਲੀਨਿਕ ਗੁਲਬੇਵਾਲਾ ਵਿਖੇ ਲਾਇਆ ਗਿਆ। ਸਾਰੇ ਸਵੈ-ਇੱਛੁਕ ਦਾਨੀਆਂ ਦੀ ਸਹੀ ਜਾਂਚ ਤੇ ਡਾਕਟਰੀ ਜਾਂਚ ਤੋਂ ਬਾਅਦ, 37 ਦਾਨੀਆਂ ਨੇ ਖ਼ੂਨ ਦਾਨ ਕੀਤਾ। ਇਸ ਮੌਕੇ ਜੈਲੀ ਬਰਾੜ, ਅਮਰਦੀਪ ਸਿੰਘ, ਸੁਰਿੰਦਰ ਸਿੰਘ ਤੇ ਸੁਸਾਇਟੀ ਦੇ ਅਹੁਦੇਦਾਰ ਤੇ ਮੈਂਬਰ ਆਦਿ ਹਾਜ਼ਰ ਸਨ।

# 2 ਤੋਂ 4 ਨਵੰਬਰ ਤੱਕ ਅਸੈਸਮੈਂਟ ਕੈਂਪ : ਡੀ ਸੀ

ਬਰਨਾਲਾ (ਰਜਿੰਦਰ ਬਰਾੜ)-ਡਿਪਟੀ ਕਮਿਸ਼ਨਰ ਬਰਨਾਲਾ ਡਾ. ਹਰੀਸ਼ ਨਈਅਰ ਨੇ ਦੱਸਿਆ ਕਿ ਦਿਵਿਆਂਗਜਨਾਂ ਨੂੰ ਨਕਲੀ ਅੰਗ/ਸਹਾਇਕ ਉਪਕਰਨ ਮੁਹੱਈਆ ਕਰਵਾਉਣ ਲਈ ਅਸੈੱਸਮੈਂਟ ਕੈਂਪ ਬਲਾਕ ਪੱਧਰ 'ਤੇ ਲਾਏ ਜਾ ਰਹੇ ਹਨ। ਉਨ੍ਹਾ ਦੱਸਿਆ ਕਿ 2 ਨਵੰਬਰ ਨੂੰ ਬੀਡੀਪੀਓ ਦਫ਼ਤਰ ਮਹਿਲ ਕਲਾਂ, 3 ਨਵੰਬਰ ਨੂੰ ਦਫਤਰ ਨਗਰ ਕੌਂਸਲ ਬਰਨਾਲਾ, 4 ਨਵੰਬਰ ਨੂੰ ਬੀਡੀਪੀਓ ਦਫਤਰ ਸ਼ਹਿਣਾ ਵਿਖੇ ਬਲਾਕ ਪੱਧਰੀ ਕੈਂਪ ਲਾਏ ਜਾਣਗੇ। ਇਨ੍ਹਾਂ ਕੈਂਪਾਂ ਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 3 ਵਜੇ ਤੱਕ ਹੈ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਬਰਨਾਲਾ ਡਾ. ਤੇਆਵਾਸਪ੍ਰੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਨਕਲੀ ਅੰਗਾਂ/ਸਹਾਇਕ ਉਪਕਰਨਾਂ ਲਈ ਅਸੈੱਸਮੈਂਟ ਕੀਤੀ ਜਾਵੇਗੀ ਤੇ ਨਕਲੀ ਅੰਗ ਮੁਹੱਈਆ ਕਰਵਾਉਣ ਲਈ ਵੱਖਰੇ ਕੈਂਪ ਲਾਏ ਜਾਣਗੇ। ਉਨ੍ਹਾ ਦੱਸਿਆ ਕਿ ਮਹਿਲ ਕਲਾਂ ਕੈਂਪ ਲਈ ਦਵਿੰਦਰ ਸਿੰਘ (92563-25463), ਬਰਨਾਲਾ ਤੇ ਸ਼ਹਿਣਾ ਕੈਂਪ ਲਈ ਮੁਕੇਸ਼ ਬਾਂਸਲ (97803-56117) ਨਾਲ ਸੰਪਰਕ ਕੀਤਾ ਜਾਵੇ। ਉਨ੍ਹਾ ਦੱਸਿਆ ਕਿ ਇਨ੍ਹਾਂ ਕੈਂਪਾਂ 'ਚ ਰਜਿਸਟ੍ਰੇਸ਼ਨ ਲਈ ਲਾਭਪਾਤਰੀ ਦੀ ਪਾਸਪੋਰਟ ਸਾਇਜ਼ ਫੋਟੋ, ਆਧਾਰ ਕਾਰਡ ਦੀ ਕਾਪੀ, ਦਿਵਿਆਂਗਜਨ/ਡਿਸਬਲਿਟੀ ਸਰਟੀਫਿਕੇਟ (ਯੂ ਡੀ ਆਈ ਡੀ ਕਾਰਡ), ਆਮਦਨ ਸਰਟੀਫਿਕੇਟ (ਆਮਦਨ 22 ਹਜ਼ਾਰ ਤੋਂ ਘੱਟ ਪ੍ਰਤੀ ਮਹੀਨਾ, ਸਰਪੰਚ/ਐਮ ਸੀ/ਤਹਿਸੀਲਦਾਰ/ਪਟਵਾਰੀ ਤੋਂ ਤਸਦੀਕਸ਼ੁਦਾ) ਲੋੜੀਂਦੇ ਹਨ।

# ਆਸਟ੍ਰੇਲੀਆ ਦੀ ਖੇਤੀ ਸੰਬੰਧੀ ਜਾਣਕਾਰੀ ਲੈ ਕੇ ਵਾਪਸ ਦੇਸ਼ ਪਰਤੇ ਪੰਜਾਬ ਦੇ ਕਿਸਾਨ



ਆਸਟ੍ਰੇਲੀਆ ਦੇ ਦੌਰੇ ਦੌਰਾਨ ਆਮ ਆਦਮੀ ਪਾਰਟੀ ਦੇ ਆਗੂ ਜੱਸੀ ਸੇਖੋਂ ਤੇ ਹੋਰ ਕਿਸਾਨ।

ਧੂਰੀ (ਸੁਖਦੇਵ ਧੂਰੀ)-ਭਾਰਤ ਤੇ ਆਸਟ੍ਰੇਲੀਆ ਦੇ ਕਿਸਾਨਾਂ ਵਿੱਚ ਖੇਤੀ ਸਬੰਧੀ ਤਕਨੀਕਾਂ ਦਾ ਆਦਾਨ-ਪ੍ਰਦਾਨ ਕਰਨ ਦੇ ਇਕ ਵਿਸ਼ੇਸ਼ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਪੰਜਾਬ ਦੇ 6 ਕਿਸਾਨ ਪਿਛਲੇ ਦਿਨੀਂ ਵਾਪਸ ਵਤਨ ਪਰਤੇ। ਇਹ ਕਿਸਾਨ ਅੰਮ੍ਰਿਤਸਰ, ਲੁਧਿਆਣਾ, ਮਲੇਰਕੋਟਲਾ ਤੇ ਬਠਿੰਡਾ ਜ਼ਿਲ੍ਹਿਆਂ ਨਾਲ ਸਬੰਧਤ ਸਨ। ਆਸਟ੍ਰੇਲੀਆ ਦੀ ਡਾਰਵਿਨ ਨਾਰਦਨ ਟੈਰੀਟਰੀ ਵਿੱਚ ਸਥਿਤ ਚਾਰਲਸ ਡਾਰਵਿਨ ਯੂਨੀਵਰਸਿਟੀ ਵੱਲੋਂ ਇਹ ਪ੍ਰੋਗਰਾਮ ਸ਼ੁਰੂ ਕੀਤਾ ਗਿਆ, ਜੋ ਡਾ ਕਮਲਜੀਤ ਕੌਰ ਸੰਘਾ ਸੀਨੀਅਰ ਰਿਸਰਚ ਫੈਲੋ ਦੀ ਦੇਖ-ਰੇਖ ਹੇਠ ਚਲਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਮੰਤਵ ਆਸਟ੍ਰੇਲੀਆ ਅਤੇ ਭਾਰਤ ਦੇ ਕਿਸਾਨਾਂ ਵਿੱਚ ਖੇਤੀਬਾੜੀ ਦੀ ਜਾਣਕਾਰੀ ਸਾਂਝੀ ਕਰਨਾ ਤੇ ਮਾਰਕੀਟਿੰਗ ਦੀਆਂ ਸੰਭਾਵਨਾਵਾਂ ਨੂੰ ਵੇਖਣਾ ਹੈ। ਪ੍ਰੋਗਰਾਮ ਲਈ ਫੰਡ ਆਸਟ੍ਰੇਲੀਆ ਸਰਕਾਰ ਦੇ ਡਿਪਾਰਟਮੈਂਟ ਆਫ਼ ਫੌਰਨ ਅਫੇਅਰਜ਼ ਐਂਡ ਟਰੇਡ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਸੀ। ਇਸੇ ਪ੍ਰੋਗਰਾਮ ਤਹਿਤ ਆਸਟ੍ਰੇਲੀਆ ਦੇ ਗੋਰੇ ਕਿਸਾਨਾਂ ਦਾ ਇਕ ਦੌਰਾ ਸਾਲ 2019 ਵਿੱਚ ਪੰਜਾਬ ਦੇ ਵੱਖੋ ਵੱਖਰੇ ਜ਼ਿਲ੍ਹਿਆਂ ਦੀ ਕਰਾਈ ਜਾ ਚੁੱਕੀ ਹੈ। ਆਸਟ੍ਰੇਲੀਆ ਦੌਰੇ ਤੋਂ ਵਾਪਸ ਪਰਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਕਿਸਾਨ ਜਸਵੀਰ ਸਿੰਘ ਸੇਖੋਂ ਨੇ ਦੱਸਿਆ ਕਿ ਇਸ ਦੌਰੇ ਵਿੱਚ ਜ਼ਿਲ੍ਹਾ ਅੰਮ੍ਰਿਤਸਰ ਤੋਂ ਰਾਜਬੀਰ ਸਿੰਘ ਜ਼ਿਲ੍ਹਾ ਲੁਧਿਆਣਾ ਤੋਂ ਮਨਪ੍ਰੀਤ ਸਿੰਘ ਤੇ ਪਰਮਜੀਤ ਸਿੰਘ ਜ਼ਿਲ੍ਹਾ ਬਠਿੰਡਾ ਤੋਂ ਗੁਰਤੇਜ ਸਿੰਘ ਜ਼ਿਲ੍ਹਾ ਮਲੇਰਕੋਟਲਾ ਤੋਂ ਹਰਦੀਪ ਸਿੰਘ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਚਾਰਲਸ ਡਾਰਵਿਨ ਯੂਨੀਵਰਸਿਟੀ ਵੱਲੋਂ ਆਸਟ੍ਰੇਲੀਆ ਦੇ ਵੱਖੋ ਵੱਖ ਇਲਾਕਿਆਂ ਨਾਲ ਸਬੰਧਤ ਕਿਸਾਨਾਂ ਦੇ ਖੇਤਾਂ ਦੀ ਵਿਜਿਟ ਕਰਾਈ ਗਈ, ਜਿਸ ਤਹਿਤ ਪੰਜਾਬ ਦੇ ਕਿਸਾਨਾਂ ਨੇ ਵੱਖੋ-ਵੱਖਰੇ ਸਥਾਨਾਂ ਜਿਵੇਂ ਡਾਰਵਿਨ, ਕੈਥਰਿਨ, ਕੇਰਨਜ, ਮਾਰੀਬਾ ਜਾ ਕੇ ਕਿਸਾਨਾਂ ਨਾਲ ਗੱਲਬਾਤ ਕਰਕੇ ਖੇਤੀ ਦੀਆਂ ਤਕਨੀਕਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਡਾਰਵਿਨ ਵਿੱਚ ਅੰਬਾਂ ਦੀ ਕਾਸ਼ਤ ਸੰਬੰਧੀ ਖਾਦ ਪ੍ਰਬੰਧਨ, ਡਰਿਪ ਸਿਸਟਮ ਤੇ ਜੈਵਿਕ ਖੇਤੀ ਸਬੰਧੀ ਜਾਣਕਾਰੀ ਹਾਸਲ ਕੀਤੀ। ਦੌਰੇ ਦੇ ਆਖਰੀ ਦਿਨ ਚਾਰਲਸ ਡਾਰਵਿਨ ਯੂਨੀਵਰਸਿਟੀ ਵਿੱਚ ਮੀਟਿੰਗ ਕੀਤੀ ਗਈ, ਜਿਸ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਕਾਟ ਬੋਮੈਨ, ਡਿਪਾਰਟਮੈਂਟ ਆਫ ਫੌਰਨ ਅਫੇਅਰਜ਼ ਤੇ ਟਰੇਡ ਦੀ ਡਿਪਟੀ ਡਾਇਰੈਕਟਰ ਐਲੀਸਨ ਈਡੀ, ਡਾਇਰੈਕਟਰ ਰਿਸਰਚ ਕਲੇਅਰ ਪਾਮੇਟੀ ਸੀਨੀਅਰ ਰਿਸਰਚ ਫੈਲੋ ਡਾ ਕਮਲਜੀਤ ਸੰਘਾ ਤੇ ਨਾਰਦਨ ਟੈਰੀਟਰੀ ਫਾਰਮਰ ਐਸੋਸੀਏਸ਼ਨ ਦੇ ਗਰੈਗ ਸ਼ਾਮਲ ਹੋਏ, ਜਿਸ ਵਿੱਚ ਖੇਤੀ ਦੇ ਖੇਤਰ ਵਿਚ ਆਸਟ੍ਰੇਲੀਆ ਅਤੇ ਭਾਰਤ ਵਿਚਲੇ ਹੋਰ ਸੰਭਾਵਨਾਵਾਂ ਲੱਭਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਫ਼ੈਸਲਾ ਕੀਤਾ ਗਿਆ ਕਿ ਦੋਹਾਂ ਦੇਸ਼ਾਂ ਵਿਚਾਲੇ ਇਸ ਤਰ੍ਹਾਂ ਦੇ ਪ੍ਰੋਗਰਾਮ ਜਾਰੀ ਰਹਿਣਗੇ। ਇਸ ਦੌਰੇ ਸਬੰਧੀ ਕੀਤੇ ਗਏ ਉੱਚ ਕੋਟੀ ਦੇ ਪ੍ਰਬੰਧਾਂ ਲਈ ਪੰਜਾਬ ਦੇ ਕਿਸਾਨਾਂ ਦੇ ਵਫ਼ਦ ਵੱਲੋਂ ਆਸਟ੍ਰੇਲੀਆ ਸਰਕਾਰ, ਡਾਰਵਿਨ ਯੂਨੀਵਰਸਿਟੀ ਦੇ ਅਧਿਕਾਰੀਆਂ, ਨਾਰਦਰਨ ਟੈਰੀਟਰੀ ਫਾਰਮਰ ਐਸੋਸੀਏਸ਼ਨ ਤੇ ਗੁਰੀ ਸੰਘਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

# ਮੁੱਖ ਮੰਤਰੀ ਮਾਨ ਦੇ ਜਨਮ ਦਿਨ ਮੌਕੇ ਖ਼ੂਨਦਾਨ ਤੇ ਮੈਡੀਕਲ ਜਾਂਚ ਕੈਂਪ

## ■ ਆਸਰਾ ਫਾਊਂਡੇਸ਼ਨ ਵੱਲੋਂ ਲੋਕ ਸੇਵਾ 'ਚ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ : ਡਾ. ਗੁਰਪ੍ਰੀਤ ਕੌਰ



ਧੂਰੀ (ਬਿੰਨੀ ਗਰਗ)-ਧੂਰੀ ਹਲਕੇ ਦੀ ਉੱਘੀ ਸਮਾਜ ਸੇਵੀ ਸੰਸਥਾ ਆਸਰਾ ਫਾਊਂਡੇਸ਼ਨ ਧੂਰੀ ਵੱਲੋਂ ਹਲਕਾ ਧੂਰੀ ਤੋਂ ਵਿਧਾਇਕ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਨਮ ਦਿਨ ਮੌਕੇ ਧੂਰੀ ਦੇ ਸ੍ਰੀ ਸਨਾਤਨ ਧਰਮ ਆਸ਼ਰਮ ਵਿਖੇ ਆਸਰਾ ਫਾਊਂਡੇਸ਼ਨ ਦੇ ਚੇਅਰਮੈਨ ਡਾ. ਅਨਵਰ ਭਸੌੜ ਦੀ ਅਗਵਾਈ ਹੇਠ ਖ਼ੂਨਦਾਨ ਤੇ ਮੁਫਤ ਮੈਡੀਕਲ ਜਾਂਚ ਕੈਂਪ ਲਾਇਆ ਗਿਆ। ਇਸ ਕੈਂਪ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਤੇ ਓ.ਐੱਸ.ਡੀ. ਓਂਕਾਰ ਸਿੰਘ ਸਿੱਧੂ ਨੇ ਕੀਤਾ। ਇਸ ਮੌਕੇ ਬਲੱਡ ਬੈਂਕ ਸੰਗਰੂਰ ਦੀ ਟੀਮ ਵੱਲੋਂ ਵੱਡੀ ਗਿਣਤੀ 'ਚ ਖ਼ੂਨਦਾਨੀਆਂ ਦਾ ਖ਼ੂਨ ਇਕੱਤਰ ਕੀਤਾ ਗਿਆ ਤੇ ਰਾਜਿੰਦਰਾ ਹਸਪਤਾਲ ਦੇ ਡਾ. ਅਰਵਿੰਦਰ ਕੁਮਾਰ ਹੱਡੀਆਂ ਦੇ ਸਪੈਸ਼ਲਿਸਟ, ਡਾ. ਚਮਨ ਲਾਲ ਅੱਖਾਂ ਦੇ ਮਾਹਰ, ਡਾ. ਅਕਾਸ਼ ਛਾਬੜਾ ਅੱਖਾਂ ਦੇ ਮਾਹਰ ਤੇ ਡਾ. ਕਰਨਵੀਰ ਸਿੰਗਲਾ ਹੱਡੀਆਂ ਦੇ ਮਾਹਰ ਵੱਲੋਂ ਕੈਂਪ ਵਿੱਚ ਪੁੱਜੇ ਲੋਕਾਂ ਦਾ ਚੈੱਕਅਪ ਕੀਤਾ ਗਿਆ ਅਤੇ ਆਸਰਾ ਫਾਊਂਡੇਸ਼ਨ ਵੱਲੋਂ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਚੇਅਰਮੈਨ ਤੇ ਧੂਰੀ ਹਲਕੇ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਅਨਵਰ ਭਸੌੜ, ਪ੍ਰਧਾਨ ਸਿਕੰਦਰ ਘਨੌਰ, ਪੱਤਰਕਾਰ ਲਖਵੀਰ ਸਿੰਘ ਧਾਂਦਰਾ, ਮੀਤ ਪ੍ਰਧਾਨ ਅਨਵਰ ਬਾਗੜੀਆਂ, ਸੈਕਟਰੀ ਵਰਿੰਦਰ ਸੱਦੋਪੁਰ ਤੇ ਦੀਪਕ ਵਸ਼ਿਸ਼ਟ ਸਲਾਹਕਾਰ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਤੇ ਓ.ਐੱਸ.ਡੀ. ਓਂਕਾਰ ਸਿੰਘ ਸਿੱਧੂ ਅਤੇ ਡਾਕਟਰਾਂ ਦੀਆਂ ਟੀਮਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਗੁਰਪ੍ਰੀਤ ਕੌਰ ਨੇ ਆਸਰਾ ਫਾਊਂਡੇਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਆਸਰਾ ਫਾਊਂਡੇਸ਼ਨ ਵੱਲੋਂ ਲੋਕ ਸੇਵਾ 'ਚ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ। ਇਸ ਮੌਕੇ ਆਸਰਾ ਫਾਊਂਡੇਸ਼ਨ ਵੱਲੋਂ ਕੈਂਪ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਨਮ ਦਿਨ ਮੌਕੇ ਕੇਕ ਵੀ ਕੱਟਿਆ ਗਿਆ।

ਇਸ ਮੌਕੇ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਜਵੰਤ ਸਿੰਘ ਘੁੱਲੀ, ਸਤਿੰਦਰ ਸਿੰਘ ਚੱਠਾ, ਪੁੰਨੂੰ ਕਾਤਰੋਂ, ਉੱਘੇ ਸਮਾਜ ਸੇਵੀ ਗੁਰਦੀਪ ਸਿੰਘ ਕਲਕੱਤਾ, ਸਾਬਕਾ ਪ੍ਰਧਾਨ ਨਗਰ ਕੌਂਸਲ ਸੰਦੀਪ ਤਾਇਲ ਜੋਲੀ, ਅਮਰਦੀਪ ਧਾਂਦਰਾ, ਪ੍ਰੀਤ ਧੂਰੀ, ਹਰਪ੍ਰੀਤ ਸਿੰਘ ਗਿੱਲ ਸਮੇਤ ਵੱਡੀ ਗਿਣਤੀ 'ਚ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਕਮਿਊਨਿਟੀ ਹੈਲਥ ਸੈਂਟਰ ਹਰੀਕੇ ਦੀ ਮੈਡੀਕਲ ਲੈਬ ਅੱਜ ਤੋਂ ਬੰਦ




**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਕਸਬਾ ਹਰੀਕੇ ਦਾ ਸਰਕਾਰੀ ਹਸਪਤਾਲ ਦਵਾਈਆਂ ਤੇ ਸਟਾਫ ਤੋਂ ਬਗੈਰ ਚਿੱਟਾ ਹਾਥੀ ਸਾਬਤ ਹੋ ਰਿਹਾ। ਪੇਂਡੂ ਖੇਤਰ ਦੇ ਬਾਸ਼ਿੰਦਿਆਂ ਨੂੰ ਸਿਹਤ ਸਹੂਲਤਾਂ ਦੇਣ ਲਈ ਸਥਾਪਿਤ ਕੀਤੇ ਸਰਕਾਰੀ ਹਸਪਤਾਲ ਮਹਿਜ਼ ਚਿੱਟੇ ਹਾਥੀ ਸਾਬਤ ਹੋ ਰਹੇ ਹਨ। ਕਸਬਾ ਹਰੀਕੇ ਦਾ ਕਮਿਊਨਿਟੀ ਹੈਲਥ ਸੈਂਟਰ ਜਿਥੇ ਪਹਿਲਾ ਹੀ ਇਕ ਮਹਿਨੇ ਤੋਂ ਮੈਡੀਕਲ ਅਫਸਰ ਦੀ ਕੁਰਸੀ ਖਾਲੀ ਪਈ ਹੈ ਉਥੇ ਹੀ ਘਰੇਲੂ ਰੁਝੇਵੇਂ ਕਾਰਨ ਛੁੱਟੀ 'ਤੇ ਗਏ ਫਾਰਮੇਸੀ ਅਫਸਰ ਦੀ ਡਿਊਟੀ ਨੂੰ ਲੈ ਕੇ ਬਾਕੀ ਕਰਮਚਾਰੀਆਂ ਵੱਲੋਂ ਡੰਗ ਟਪਾਇਆ ਜਾ ਰਿਹਾ ਹੈ। ਇਥੇ ਹੀ ਬਸ ਨਹੀ ਜੂਨ ਮਹੀਨੇ ਹਸਪਤਾਲ ਚੋਂ ਚੋਰੀ ਹੋਏ ਕੰਪਿਊਟਰ ਦੀ ਮੁੜ ਖਰੀਦ ਨਾ ਹੋਣ ਕਰਕੇ ਰਿਕਾਰਡ ਆਨਲਾਇਨ ਨਹੀ ਹੋ ਰਿਹਾ ਜਿਸ ਕਾਰਨ ਪੰਜ ਮਹੀਨੇ 'ਚ ਕੇਵਲ ਇਕ ਵਾਰ ਦਵਾਈਆਂ ਦੀ ਸਪਲਾਈ ਹੋਈ ਪਰ ਅੱਜ ਉਕਤ ਹਸਪਤਾਲ ਦਵਾਈਆਂ ਦੀ ਵੱਡੀ ਘਾਟ ਨਾਲ ਜੂਝ ਰਿਹਾ ਹੈ ਜਿਸ ਕਾਰਨ ਲੋੜਵੰਦ ਮਰੀਜ਼ ਜੈਨਰਿਕ ਦਵਾਈ ਪੱਕਿਆਂ ਦੇ ਭਾਅ ਖਰੀਦਣ ਲਈ ਮਜਬੂਰ ਹਨ। ਇਲਾਕੇ ਦੀ ਬਦਕਿਸਮਤੀ ਵਾਲੇ ਟੋਕਰੇ 'ਚ ਇਕ ਸਮੱਸਿਆ ਇਹ ਜੁੜ ਗਈ ਕਿ ਲੈਬ ਟੈਕਨੀਸ਼ੀਅਨ ਦੀ ਬਦਲੀ ਹੋਣ ਕਰਕੇ ਅੱਜ ਤੋ ਹਸਪਤਾਲ ਦੀ ਲੈਬਾਰਟਰੀ ਨੂੰ ਵੀ ਤਾਲਾ ਜੜ ਦਿੱਤਾ ਗਿਆ। ਟੈਸਟ ਨਾ ਹੋਣ ਕਰਕੇ ਗਰੀਬ ਵਰਗ, ਗਰਭਵਤੀ ਮਹਿਲਾਵਾਂ ਅਤੇ ਸ਼ੂਗਰ ਦੇ ਮਰੀਜਾਂ ਲਈ ਸਿਹਤ ਵਿਭਾਗ ਦਾ ਇਹ ਵਰਤਾਰਾ ਵੱਡੀ ਪ੍ਰੇਸ਼ਾਨੀ ਦਾ ਸਬੱਬ ਬਣੇਗਾ ਜਾਂ ਖਾਲੀ ਅਸਾਮੀਆਂ ਨੂੰ ਭਰ ਕੇ ਵਿਭਾਗ ਲੋਕਾਂ ਨੂੰ ਮੁਸ਼ਕਿਲ ਤੋਂ ਨਿਜਾਤ ਦਿਵਾਉਣ ਵਿੱਚ ਸਫਲ ਹੋਵੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਸਬੰਧੀ ਐੱਸਐੱਮਓ ਅਰਿਆਲਾ ਡਾ. ਨੀਤੂ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਬਾਹਰੀ ਡਿਊਟੀਆਂ ਅਤੇ ਸਟਾਫ ਦੀ ਘਾਟ ਕਰਕੇ ਹਰੀਕੇ ਹਸਪਤਾਲ 'ਚ ਦਿੱਕਤਾਂ ਪੇਸ਼ ਆ ਰਹੀਆਂ ਹਨ। ਇਨ੍ਹਾਂ ਸਬੰਧੀ ਸਿਵਲ ਸਰਜਨ ਡਾ. ਸੀਮਾ ਦੇ ਧਿਆਨ ਵਿੱਚ ਲਿਆ ਦਿੱਤਾ ਹੈ ਅਤੇ ਜਲਦੀ ਸਟਾਫ ਤਾਇਨਾਤ ਕਰ ਦਿੱਤਾ ਜਾਵੇਗਾ।

# ਸੀਪੀਆਈ (ਐੱਮਐੱਲ) ਲਿਬਰੇਸ਼ਨ ਦਾ ਦੋ ਰੋਜ਼ਾ ਸੂਬਾ ਡੈਲੀਗੇਟ ਅਜਲਾਸ ਸੰਪੰਨ

**ਅੰਮ੍ਰਿਤਸਰ ਸਾਹਿਬ, (ਜਸਬੀਰ ਸਿੰਘ ਪੱਟੀ)**-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦਾ ਦੋ ਰੋਜ਼ਾ ਸੂਬਾ ਡੈਲੀਗੇਟ ਅਜਲਾਸ ਅੱਜ ਜ਼ਿਲਾ ਅੰਮ੍ਰਿਤਸਰ ਦੇ ਕਸਬਾ ਮੂਧਲ ਵਿਖੇ ਖਤਮ ਹੋਇਆ। ਅਜਲਾਸ ਦੌਰਾਨ ਪੰਜਾਬ ਦੇ ਕਈ ਗੰਭੀਰ ਸਮਾਜਿਕ ਸਿਆਸੀ ਮੁੱਦਿਆਂ ਬਾਰੇ ਮਤੇ ਪਾਸ ਕੀਤੇ ਗਏ। ਇਨ੍ਹਾਂ ਮਤਿਆਂ ਰਾਹੀਂ ਲਿਬਰੇਸ਼ਨ ਨੇ ਆਪਣੀਆਂ ਰਾਜਨੀਤਕ ਤਰਜੀਹਾਂ ਵੀ ਸਪਸ਼ਟ ਕੀਤੀਆਂ। ਕੇਂਦਰ ਵੱਲੋਂ ਸੂਬਿਆਂ ਦੇ ਅਧਿਕਾਰਾਂ ਤੇ ਹਮਲਾ, ਐੱਨਆਈਏ ਸੀਬੀਆਈ ਅਤੇ ਈਡੀ ਵਰਗੇ ਕੇਂਦਰੀ ਅਦਾਰਿਆਂ ਦਾ ਮੋਦੀ ਸਰਕਾਰ ਵੱਲੋਂ ਵਿਰੋਧੀਆਂ ਨੂੰ ਦਬਾਉਣ ਲਈ ਦੁਰਵਰਤੋਂ, ਘੱਟ ਗਿਣਤੀਆਂ ਉਤੇ ਹਮਲੇ ਆਦਿ ਵਿਸ਼ਿਆਂ 'ਤੇ ਮੋਦੀ ਸਰਕਾਰ ਦਾ ਵਿਰੋਧ ਕਰਨ ਦੇ ਮਤੇ ਵੀ ਪਾਸ ਕੀਤੇ ਗਏ। ਵਿਸ਼ੇਸ਼ ਮਤਿਆਂ ਰਾਹੀਂ ਦਰਿਆਈ ਪਾਣੀਆਂ ਦੀ ਗੈਰ-ਕਾਨੂੰਨੀ ਵੰਡ ਅਤੇ ਬਿਨਾਂ ਰਿਐਲਟੀ ਪਾਣੀ ਗਵਾਂਢੀ ਸੂਬਿਆਂ ਨੂੰ ਦੇਣ ਦਾ ਵਿਰੋਧ ਕੀਤਾ ਗਿਆ।

ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਨਿੱਜੀ ਕੰਪਨੀਆਂ ਨਾਲ ਕੀਤੇ ਬਿਜਲੀ ਸਮਝੌਤੇ ਰੱਦ ਕਰਨ, ਗੁਰੂ ਗ੍ਰੰਥ ਸਾਹਬ ਦੀ ਬੇਅਦਬੀ ਅਤੇ ਬਹਿਬਲ ਗੋਲੀ ਕਾਂਡ ਦੇ ਸਾਜਿਸ਼ੀਆਂ ਤੇ ਦੋਸ਼ੀਆਂ ਨੂੰ ਸਜਾਵਾਂ ਦੇਣ, ਬੇਰੋਜ਼ਗਾਰੀ ਭੱਤਾ ਲਾਗੂ ਕਰਨ, ਨਸ਼ਿਆਂ ਦਾ ਮੁਕੰਮਲ ਖਾਤਮੇ, ਭ੍ਰਿਸ਼ਟਾਚਾਰ ਅਤੇ ਵੀਆਈਪੀ ਕਲਚਰ ਦਾ ਖਾਤਮੇ ਦਾ ਵੀ ਮਤਾ ਪਾਸ ਕੀਤਾ। ਇਸੇ ਤਰ੍ਹਾਂ ਮਜ਼ਦੂਰਾਂ, ਕਿਸਾਨਾਂ ਸਿਰ ਚੜ੍ਹੇ ਸਮੁੱਚੇ ਕਰਜ਼ੇ ਦੀ ਮੁਆਫੀ, ਗਰੀਬ ਮਜ਼ਦੂਰਾਂ ਤੇ ਕਿਸਾਨਾਂ ਦੀ ਆਮਦਨ ਦੇ






ਵਸੀਲਿਆਂ ਨੂੰ ਵਧਾਉਣ ਅਤੇ ਪੰਜਾਬ ਅੰਦਰ ਵਧ ਰਹੇ ਅਪਰਾਧੀ ਤੇ ਗੈਂਗਸਟਰ ਕਲਚਰ ਨੂੰ ਅਤੇ ਵਿਗੜਦੀ ਜਾ ਰਹੀ ਅਮਨ-ਕਾਨੂੰਨ ਦੀ ਸਥਿਤੀ ਨੂੰ ਸੁਧਾਰਨ ਦੀ ਵੀ ਮੰਗ ਕੀਤੀ ਗਈ। ਇੱਕ ਵਿਸ਼ੇਸ਼ ਮਤੇ ਰਾਹੀਂ ਪੰਜਾਬ ਅਤੇ ਦੇਸ਼ ਭਰ ਦੀਆਂ ਜੇਲ੍ਹਾਂ ਵਿੱਚ ਬੰਦ, ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿਆਸੀ ਕੈਦੀਆਂ ਸਮੇਤ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦੀ ਮੰਗ ਵੀ ਕੀਤੀ ਗਈ। ਦੂਜੇ ਦਿਨ ਵੀ ਕਾਫੀ ਗਿਣਤੀ ਡੈਲੀਗੇਟਾਂ ਨੇ ਅਜਲਾਸ 'ਚ ਪੇਸ਼ ਕੀਤੇ ਰਾਜਨੀਤਕ ਵਿਚਾਰਧਾਰਕ ਦਸਤਾਵੇਜ਼ਾਂ ਦੇ ਖਰੜਿਆਂ ਤੇ ਚੱਲੀ ਭਰਵੀਂ ਬਹਿਸ ਵਿੱਚ ਭਾਗ ਲਿਆ। ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਲਿਬਰੇਸ਼ਨ ਦੇ ਜਰਨਲ ਸਕੱਤਰ ਕਾਮਰੇਡ ਦੀਪਾਂਕਰ ਭੱਟਾਚਾਰੀਆ ਨੇ ਪਾਰਟੀ ਸਫਾਂ ਨੂੰ ਮਜ਼ਦੂਰਾਂ ਕਿਸਾਨਾਂ ਵਿੱਚ ਡੂੰਘੀ ਪਹੁੰਚ ਬਣਾ ਕੇ ਸਮੇਂ ਦੇ ਚੈਲੇਂਜਾਂ ਦਾ ਮੁਕਾਬਲਾ ਕਰਨ ਲਾਇਕ ਇਕ ਮਜ਼ਬੂਤ ਕਮਿਊਨਿਸਟ ਪਾਰਟੀ ਉਸਾਰਨ ਦਾ ਸੱਦਾ ਦਿੱਤਾ।

ਅੱਜ ਦੀ ਵਿਚਾਰ ਚਰਚਾ ਵਿੱਚ ਹਿੱਸਾ ਲੈਣ ਵਾਲੇ ਪ੍ਰਮੁੱਖ ਡੈਲੀਗੇਟ ਸਨ ਬਲਕਰਨ ਮੋਗਾ, ਵਿੰਦਰ ਅਲਖ, ਜਸਬੀਰ ਕੌਰ ਨੱਤ, ਗੁਰਜੰਟ ਮਾਨਸਾ, ਸਤਨਾਮ ਸਿੰਘ ਪੱਖੀ, ਹਰਭਗਵਾਨ ਭੀਖੀ ਅਤੇ ਬਲਵੀਰ ਸਿੰਘ ਮੂਧਲ । ਕੇਂਦਰੀ ਕਮੇਟੀ ਮੈਂਬਰ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਅਤੇ ਕੰਵਲਜੀਤ ਸਿੰਘ ਚੰਡੀਗੜ੍ਹ ਨੇ ਰਾਜਨੀਤਕ ਰਿਪੋਰਟ ਬਾਰੇ ਵਿਸਤਾਰੀ ਨੁਕਤੇ ਡੈਲੀਗੇਟਾਂ ਨਾਲ ਸਾਂਝੇ ਕੀਤੇ। ਕਾਮਰੇਡ ਰਾਜਵਿੰਦਰ ਸਿੰਘ ਰਾਣਾ ਨੇ ਡੈਲੀਗੇਟਾਂ ਵੱਲੋਂ ਕੀਤੀ ਬਹਿਸ ਨੂੰ ਸਮੇਟਦਿਆਂ ਸੂਬਾਈ ਸਿਆਸੀ ਤੇ ਜਥੇਬੰਦਕ ਰਿਪੋਰਟ ਬਾਰੇ ਡੈਲੀਗੇਟਾਂ ਤੋਂ ਸਹਿਮਤੀ ਲਈ। ਅਜਲਾਸ ਨੇ ਆਉਣ ਵਾਲੇ ਸਮੇਂ ਲਈ ਪਾਰਟੀ ਦੀ 27 ਮੈਂਬਰੀ ਸੂਬਾ ਕਮੇਟੀ ਦੀ ਚੋਣ ਕੀਤੀ। ਅੱਗੋਂ ਸੂਬਾ ਕਮੇਟੀ ਵਲੋਂ ਸਰਬਸੰਮਤੀ ਨਾਲ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੂੰ ਸੂਬਾ ਸਕੱਤਰ ਅਤੇ ਕਾਮਰੇਡ ਨਛੱਤਰ ਸਿੰਘ ਖੀਵਾ ਨੂੰ ਸੂਬਾ ਵਿੱਤ ਸਕੱਤਰ ਚੁਣਿਆ ਗਿਆ।

ਅਜਲਾਸ ਦਾ ਸੁਚੱਜਾ ਪ੍ਰਬੰਧ ਕਰਨ ਲਈ ਸ੍ਰੀ ਅੰਮ੍ਰਿਤਸਰ-ਤਰਨਤਾਰਨ ਜ਼ਿਲਾ ਕਮੇਟੀ ਦੇ ਸਮੂਹ ਆਗੂਆਂ ਅਤੇ ਵਲੰਟੀਅਰਾਂ ਨੂੰ ਮੰਚ ਉਤੇ ਬੁਲਾ ਕੇ ਇਨਕਲਾਬੀ ਸਾਹਿਤ ਭੇਟ ਕਰਕੇ ਸਨਮਾਨਤ ਕੀਤਾ ਗਿਆ।

## ਹਿਮਾਚਲੀ ਲੋਕ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਹੋਏ ਉਤਾਵਲੇ : ਸੇਰੋਂ

**ਨੌਸ਼ਹਿਰਾ ਪੰਨੂੰਆਂ (ਗੁਰਪ੍ਰੀਤ ਸਿੰਘ ਭਗਤ)**-ਇਸ ਵਾਰ ਹਿਮਾਚਲ ਪ੍ਰਦੇਸ਼ ਵਿੱਚ 12 ਨਵੰਬਰ ਨੂੰ ਵੋਟਾਂ ਪੈਣ ਜਾ ਰਹੀਆਂ ਹਨ। ਚੋਣ ਜਿੱਤਣ ਲਈ ਆਮ ਆਦਮੀ ਪਾਰਟੀ ਨੇ ਸਾਰੀ ਸਿਆਸੀ ਤਾਕਤ ਹੁਣ ਝੋਕ ਦਿੱਤੀ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਸਰਕਾਰ ਬਣਾਉਣ ਮਗਰੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਹਿਮਾਚਲ ਪ੍ਰਦੇਸ਼ ਦੇ ਹਲਕਾ ਫਤਿਹਪੁਰ ਦੇ ਐੱਮਐੱਲਏ ਰਾਜਨ ਸੁਸ਼ਾਂਤ ਦੇ ਪੱਖ ਵਿਚ ਡੋਰ-ਟੂ-ਡੋਰ ਪ੍ਰਚਾਰ ਕੀਤਾ ਗਿਆ। ਇਸ ਸਬੰਧੀ ਸੀਨੀਅਰ ਆਗੂ ਸੰਦੀਪ ਸਿੰਘ ਸੇਰੋਂ ਬੀਸੀ ਬਲਾਕ ਪ੍ਰਧਾਨ, ਹਰਮਨ ਸਿੰਘ ਉਸਮਾ ਐੱਸਸੀ ਵਿੰਗ ਜ਼ਿਲ੍ਹਾ ਪ੍ਰਧਾਨ, ਬਿਕਰਮਜੀਤ ਸਿੰਘ ਬੂਹ ਜ਼ਿਲ੍ਹਾ ਯੂਥ ਵਿੰਗ ਵਾਈਸ ਪ੍ਰਧਾਨ, ਜਸਬੀਰ ਸਿੰਘ ਖੇਮਕਰਨ ਨੇ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਹਿਮਾਚਲ ਦੇ ਲੋਕ ਵੀ ਇਸ ਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਮਨ ਬਣਾਈ ਬੈਠੇ ਹਨ ਤੇ ਉਨ੍ਹਾਂ ਵਿਚ ਪਾਰਟੀ ਪ੍ਰਤੀ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੋਕਾਂ ਨਾਲ ਵਾਅਦੇ ਪੂਰੇ ਕੀਤੇ ਜਾ ਰਹੇ ਹਨ ਤੇ ਲੋਕ ਬਾਗੋਬਾਗ ਹਨ।

## ਆਪ ਦੇ ਆਗੂਆਂ ਵੱਲੋਂ ਖੇਡਾਂ ਸਰਪੰਚਾਂ ਨੂੰ ਡਰਾ-ਧਮਕਾ ਕੇ ਕੀਤਾ ਜਾ ਰਿਹਾ ਹੈ ਆਮ ਆਦਮੀ ਪਾਰਟੀ 'ਚ ਸ਼ਾਮਲ-ਅਸ਼ੋਕ ਚੌਧਰੀ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਹਲਕੇ 'ਚ ਪੰਚਾਂ ਤੇ ਸਰਪੰਚਾਂ ਨੂੰ ਇਨਕੁਆਰੀਆਂ ਦਾ ਡਰਾਵਾ ਦੇ ਕੇ ਆਪ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼ 'ਚ ਵੀ ਆਮ ਆਦਮੀ ਪਾਰਟੀ ਵਲੋਂ ਝੂਠੇ ਵਾਅਦਿਆਂ ਦੀ ਝੜੀ ਲਗਾਈ ਜਾ ਰਹੀ ਹੈ। ਪੰਜਾਬ ਵਿੱਚ ਇਹ ਪਾਰਟੀ ਪੂਰੀ ਤਰ੍ਹਾਂ ਨਾਲ ਫੇਲ ਹੋ ਚੁੱਕੀ ਹੈ। ਮੰਤਰੀ ਅਤੇ ਵਿਧਾਇਕ ਅਧਿਕਾਰੀਆਂ ਨੂੰ ਗਲਤ ਕੰਮ ਕਰਨ ਲਈ ਬੋਲ ਰਹੇ ਹਨ। ਜੇਕਰ ਕੋਈ ਅਧਿਕਾਰੀ ਗਲਤ ਕੰਮ ਕਰਨ ਤੋਂ ਮਨ੍ਹਾ ਕਰਦਾ ਹੈ ਤਾਂ ਉਸ ਦਾ ਤਬਾਦਲਾ ਕਰ ਦਿੱਤਾ ਜਾਂਦਾ ਹੈ। ਇਹ ਵਿਚਾਰ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਆਪਣੇ ਦਫਤਰ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਹੇ। ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੁਆਰਾ ਕਿਹਾ ਜਾ ਰਿਹਾ ਹੈ ਕਿ ਕਾਂਗਰਸ ਪਾਰਟੀ ਨੂੰ ਛੱਡ ਕੇ ਲੋਕ ਆਪ ਪਾਰਟੀ 'ਚ ਸ਼ਾਮਲ ਹੋਏ ਹਨ ਜਿਨ੍ਹਾਂ ਵਿਚ ਡੇਢ ਦਰਜਨ ਸਰਪੰਚ ਵੀ ਸ਼ਾਮਲ ਹਨ ਪਰ ਉਨ੍ਹਾਂ ਕਿਹਾ ਕਿ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 6 ਤੋਂ 7 ਸਰਪੰਚ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੀ ਮਦਦ ਕਰ ਚੁੱਕੇ ਹਨ ਅਤੇ ਬਾਕੀ ਸਰਪੰਚਾਂ ਨੂੰ ਵੀ ਡਰਾ ਧਮਕਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਨੇ ਪਾਰਟੀ ਦੇ ਵਰਕਰਾਂ ਨੂੰ ਕਿਹਾ ਕਿ ਉਹ ਵਿਰੋਧੀ ਪਾਰਟੀ ਤੋਂ ਨਾ ਡਰਨ ਅਤੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕਰਨ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਵਾਂਗ ਹੀ ਕਾਂਗਰਸ ਪਾਰਟੀ ਦੇ ਵਰਕਰਾਂ ਨਾਲ ਚੱਟਾਨ ਦੀ ਤਰ੍ਹਾਂ ਖੜ੍ਹੇ ਹਾਂ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਮਾਨ ਸਰਕਾਰ ਨੇ ਚੋਣਾਂ ਵਿੱਚ ਸਭ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਮਹਿਲਾ ਦੇ ਖਾਤੇ ਵਿੱਚ ਇੱਕ ਇੱਕ ਹਜ਼ਾਰ ਰੁਪਏ ਪਾਏ ਜਾਣਗੇ, ਪਰ ਅਜੇ ਤੱਕ ਔਰਤਾਂ ਨੂੰ ਇੱਕ ਰੁਪਿਆ ਤੱਕ ਨਹੀਂ ਮਿਲਿਆ। ਮੁੱਖ ਮੰਤਰੀ ਮਾਨ ਅਤੇ ਪਾਰਟੀ ਸੁਪ੍ਰੀਮੋ ਕੇਜਰੀਵਾਲ ਹਿਮਾਚਲ ਪ੍ਰਦੇਸ਼ ਵਿੱਚ ਵੀ ਇਹੋ ਝੂਠਾ ਵਾਅਦਾ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਦੇਸ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪੂਰੀ ਤਰ੍ਹਾਂ ਨਾਲ ਫੇਲ ਹੋ ਚੁੱਕੀ ਹੈ।

## ਪਤੀ ਦੀ ਲੰਬੀ ਉਮਰ ਲਈ ਕਰਵਾ ਚੌਥ ਦਾ ਵਰਤ ਵੱਡਾ ਵਹਿਮ : ਤਰਲੋਚਨ ਸਿੰਘ



**ਧਾਰੀਵਾਲ (ਮਨਦੀਪ ਵਿੱਕੀ)**-ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਇਕਾਈ ਗੁਰਦਾਸਪੁਰ ਦੀ ਮਾਸਿਕ ਮੀਟਿੰਗ ਇਕਾਈ ਦੇ ਪ੍ਰਧਾਨ ਤਰਲੋਚਨ ਸਿੰਘ ਅਗਵਾਈ ਵਿੱਚ ਅੰਬੇਡਕਰ ਭਵਨ ਵਿਖੇ ਹੋਈ। ਮੀਟਿੰਗ ਵਿੱਚ ਕਰਮਕਾਂਡਾਂ, ਫ਼ਜ਼ੂਲ ਖਰਚੀ ਅਤੇ ਗੈਰ-ਵਿਗਿਆਨਕ ਘਟਨਾਵਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਤਰਕਸ਼ੀਲ ਆਗੂਆਂ ਨੇ ਕਰਵਾ ਚੌਥ ਤਿਉਹਾਰ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਗੈਰ-ਵਿਗਿਆਨਕ ਤੇ ਵਹਿਮ ਭਰਪੂਰ ਤਿਉਹਾਰ ਹੈ। ਇਸ ਦਿਨ ਔਰਤਾਂ ਨੂੰ ਭੁੱਖੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ ਜੋ ਕਿ ਜੱਗ ਜਨਣੀ ਦਾ ਸ਼ੋਸ਼ਣ ਹੈ। ਇਹ ਇਕ ਵੱਡਾ ਵਹਿਮ ਹੈ ਕਿ ਔਰਤ ਦੇ ਕਰਵਾ ਚੌਥ ਵਰਤ ਰੱਖਣ ਨਾਲ ਉਸਦੇ ਪਤੀ/ਮਰਦ ਦੀ ਉਮਰ ਲੰਮੀ ਹੁੰਦੀ ਹੈ। ਸਾਨੂੰ ਅਜਿਹੇ ਫਜ਼ੂਲ ਤਿਉਹਾਰਾਂ ਦਾ ਤਿਆਗ ਕਰਕੇ ਵਿਗਿਆਨ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਤਰਕਸ਼ੀਲਾਂ ਨੇ ਕਿਹਾ ਕਿ ਉਹ ਸਮਾਜ ਵਿੱਚੋਂ ਨਸ਼ੇ, ਭਰੂਣ ਹੱਤਿਆ, ਫੋਕੇ ਵਹਿਮ ਭਰਮ ਤੇ ਅੰਧਵਿਸ਼ਵਾਸ ਨੂੰ ਖਤਮ ਕਰਨ ਅਤੇ ਲੋਕਾਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਲਈ ਯਤਨਸ਼ੀਲ ਰਹਿਣਗੇ। ਇਸ ਮੀਟਿੰਗ ਵਿੱਚ ਪ੍ਰਧਾਨ ਤਰਲੋਚਨ ਸਿੰਘ, ਪ੍ਰੇਮ ਕੁਮਾਰ ਥਾਪਾ, ਰਾਜੂ ਝਾਖੋਲਾੜੀ, ਅਰੁਨ ਕੁਮਾਰ, ਜੈ ਸਿੰਘ ਸੈਣੀ, ਅਜੇ ਪਾਲ, ਰਾਜ ਕੁਮਾਰ ਅਤੇ ਸੁੱਚਾ ਸਿੰਘ ਤੋਂ ਇਲਾਵਾ ਵੀ ਤਰਕਸ਼ੀਲ ਹਾਜ਼ਰ ਸਨ।

## ਕਮਾਂਡੈਂਟ ਪਰਦੀਪ ਨੇ ਸਾਈਕਲ ਰੈਲੀ ਨੂੰ ਦਿੱਤੀ ਹਰੀ ਝੰਡੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਦੇਸ ਦੀ ਆਜਾਦੀ ਨੂੰ ਮਨਾਉਣ ਲਈ ਮਨਾਏ ਜਾ ਰਹੇ 75ਵੇਂ ਅੰਮ੍ਰਿਤ ਮਹਾਉਤਸਵ ਨੂੰ ਸਮਰਪਿਤ ਜੰਮੂ ਤੋਂ ਗੁਜਰਾਤ ਤੱਕ ਦੀ ਸਾਈਕਲ ਰੈਲੀ ਦਾ ਬੀਐੱਸਐੱਫ ਦੀ 89ਵੀਂ ਬਟਾਲੀਅਨ ਦੇ ਹੈੱਡਕੁਆਰਟਰ ਸ਼ਿਕਾਰ ਮਾਛੀਆਂ ਨਜ਼ਦੀਕ ਡੇਰਾ



ਬਾਬਾ ਨਾਨਕ ਵਿਖੇ ਪਹੁੰਚਣ 'ਤੇ ਕਮਾਂਡੈਂਟ ਪ੍ਰਦੀਪ ਕੁਮਾਰ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਇਸ ਦੌਰਾਨ ਬੀਐੱਸਐੱਫ ਦੇ ਕੈਂਪਸ ਵਿੱਚ ਕੇਂਦਰੀ ਵਿਦਿਆਲਿਆ ਸ਼ਿਕਾਰ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਨਾਟਕ, ਕੋਰੀਓਗ੍ਰਾਫੀ ਅਤੇ ਵੱਖ-ਵੱਖ ਰਾਜਾਂ ਨਾਲ ਸਬੰਧਤ ਲੋਕ ਨਾਚ ਪੇਸ਼ ਕੀਤੇ ਗਏ। ਉਪਰੰਤ ਪ੍ਰੋਗਰਾਮ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਅੱਜ 17 ਅਕਤੂਬਰ 2022 ਨੂੰ ਸਵੇਰੇ 8.00 ਵਜੇ ਸਾਈਕਲ ਰੈਲੀ ਨੂੰ ਬੀਐੱਸਐੱਫ 89 ਬਟਾਲੀਅਨ ਦੇ ਕਮਾਂਡੈਂਟ ਪ੍ਰਦੀਪ ਕੁਮਾਰ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਅਤੇ ਦੱਸਿਆ ਕਿ ਇਹ ਰੈਲੀ ਅਜਨਾਲਾ-ਅਟਾਰੀ ਅੰਮ੍ਰਿਤਸਰ ਤੋਂ ਹੁੰਦੀ ਹੋਈ ਗੁਜਰਾਤ ਜਾਵੇਗੀ। ਇਸ ਮੌਕੇ ਕੋਰ ਦੇ ਸੈਕਿੰਡ ਕਮਾਂਡਿੰਗ ਅਫਸਰ ਰਾਜ ਕੁਮਾਰ ਯਾਦਵ, ਡਿਪਟੀ ਕਮਾਂਡੈਂਟ ਜਤਿੰਦਰ ਕੁਮਾਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

## ਰੇਲਵੇ ਓਵਰ ਬ੍ਰਿਜ ਬਣਾਉਣ ਦੀ ਚਿਰੋਕਣੀ ਮੰਗ ਜਲਦੀ ਹੋਵੇਗੀ ਪੂਰੀ : ਸੋਹਲ

**ਤਾਰਨ (ਪ੍ਰਿਤਪਾਲ ਸਿੰਘ)**-ਤਰਨਤਾਰਨ ਸ਼ਹਿਰ ਨੂੰ ਜਲਦੀ ਹੀ ਜੰਡਿਆਲਾ ਰੋਡ 'ਤੇ ਰੇਲਵੇ ਓਵਰਬ੍ਰਿਜ ਦੀ ਇੱਕ ਸੌਗਾਤ ਮਿਲੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਤਰਨਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਬੀਤੇ ਦਿਨ ਸਿਟੀਜ਼ਨ ਕੌਂਸਲ ਤਰਨਤਾਰਨ ਦੇ ਇਕ ਪ੍ਰਤੀਨਿਧ ਮੰਡਲ ਨਾਲ ਕੀਤਾ ਜਿਸ ਦੀ ਅਗਵਾਈ ਸੁਖਵੰਤ ਸਿੰਘ ਧਾਮੀ ਨੇ ਕੀਤੀ। ਸਿਟੀਜ਼ਨ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਰਾਈਸ ਮਿੱਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਤਨੇਜਾ ਵੱਲੋਂ ਸ਼ਹਿਰ ਦੀਆਂ ਟਰੈਫਿਕ ਸਬੰਧੀ ਸਮੱਸਿਆਵਾਂ ਵੱਲ ਡਾਕਟਰ ਸੋਹਲ ਦਾ ਧਿਆਨ ਦਿਵਾਉਂਦੇ ਹੋਏ ਕਿਹਾ ਕਿ ਇਸ ਸਮੇਂ ਸ਼ਹਿਰ ਨੂੰ ਜੰਡਿਆਲਾ ਰੋਡ 'ਤੇ ਰੇਲਵੇ ਪੁਲ ਦੀ ਸਖਤ ਲੋੜ ਹੈ। ਇਸ ਸਬੰਧ ਵਿੱਚ ਡਾਕਟਰ ਸੋਹਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਰੇਲਵੇ ਅਤੇ ਸਿਵਲ ਅਧਿਕਾਰੀਆਂ ਨਾਲ ਰਾਬਤਾ ਬਣਾਇਆ ਹੋਇਆ ਹੈ ਅਤੇ ਜ਼ਰੂਰੀ ਕਾਰਵਾਈ ਚੱਲ ਰਹੀ ਹੈ। ਡਾਕਟਰ ਸੋਹਲ ਨੇ ਕਿਹਾ ਕਿ ਸ਼ਹਿਰ ਵਿਚ ਟਰੈਫਿਕ ਦੇ ਸੁਚਾਰੂ ਪ੍ਰਬੰਧਾਂ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਸ਼ਹਿਰ ਵਿਚ ਨਿਰਧਾਰਤ ਗਤੀ ਸੀਮਾ ਦੀ ਪਾਲਣਾ ਕਰਨ ਅਤੇ ਡਰਾਈਵਿੰਗ ਸਮੇਂ ਮੁਬਾਇਲ ਫੋਨ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਰਜਵੰਤ ਸਿੰਘ ਢਿੱਲੋਂ ਦਫਤਰ ਇੰਚਾਰਜ, ਪ੍ਰਿੰਸੀਪਲ ਫੂਲਾ ਸਿੰਘ, ਜੋਤੀ, ਗੁਰਮਿੰਦਰ ਸਿੰਘ ਵਾਲੀਆ, ਲਵਪ੍ਰੀਤ ਕੌਰ, ਰਾਹੁਲ ਮਹਿਤਾ, ਕੁਲਦੀਪ ਸਿੰਘ ਰੰਧਾਵਾ, ਮਾਸਟਰ ਸ਼ਿੰਗਾਰਾ ਸਿੰਘ, ਮਾਸਟਰ ਤਸਵੀਰ ਸਿੰਘ, ਪ੍ਰਿੰ. ਸਵਿੰਦਰ ਸਿੰਘ, ਬਲਦੇਵ ਸਿੰਘ ਪੰਨੂ ਅਤੇ ਬਲਦੇਵ ਸਿੰਘ ਆਰਟੀਆਈ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਡੀਸੀ ਵੱਲੋਂ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਰੀਵਿਊ ਮੀਟਿੰਗ



**ਪਠਾਨਕੋਟ: (ਦਵਿੰਦਰ ਸਿੰਘ)**-ਡਿਪਟੀ ਕਮਿਸ਼ਨਰ ਪਠਾਨਕੋਟ ਨੇ ਵੱਖ-ਵੱਖ ਵਿਭਾਗਾਂ ਵੱਲੋਂ ਮਹੀਨਾਭਰ ਕੀਤੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਮੀਟਿੰਗ ਹਾਲ ਵਿੱਚ ਰੀਵਿਊ ਮੀਟਿੰਗਾਂ ਕੀਤੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ), ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ, ਹਰਜਿੰਦਰ ਸਿੰਘ ਐਸ.ਡੀ.ਐਮ. ਧਾਰਕਲ੍ਹਾਂ, ਅਰਵਿੰਦਰ ਪਾਲ ਸਿੰਘ ਡੀ.ਆਰ.ਓ. ਪਠਾਨਕੋਟ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਜ਼ਿਲ੍ਹਾ ਪਠਾਨਕੋਟ ਦੇ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜੋ ਕੇਸ ਪਿਛਲੇ ਲੰਮੇ ਸਮੇਂ ਤੋਂ ਪੈਂਡਿੰਗ ਪਏ ਹਨ ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇ ਅਤੇ ਨਿਰਧਾਰਤ ਸਮੇਂ ਅੰਦਰ ਕੰਮ ਮੁਕੰਮਲ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਵੀ ਸਮੇਂ ਸਿਰ ਮਿਲ ਸਕੇ। ਉਨ੍ਹਾਂ ਕਿਹਾ ਕਿ ਪੈਂਡਿੰਗ ਮਾਮਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਸ਼ਡਿਊਲ ਜਾਰੀ ਕੀਤਾ ਜਾਵੇ ਅਤੇ ਜਲਦੀ ਤੋਂ ਜਲਦੀ ਮਾਮਲਿਆਂ ਨੂੰ ਹੱਲ ਕੀਤਾ ਜਾਵੇ।

ਇਸੇ ਤਰ੍ਹਾਂ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰ ਵੱਲੋਂ ਹਰੇਕ ਯੋਜਨਾਂ ਲੋਕ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾਂਦੀ ਹੈ ਅਤੇ ਇਸ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਇਨ੍ਹਾਂ ਯੋਜਨਾਵਾਂ ਦਾ ਲਾਭ ਲੋਕਾਂ ਨੂੰ ਨਿਰਧਾਰਤ ਸਮੇਂ ਅੰਦਰ ਮਿਲਣਾ ਚਾਹੀਦਾ ਹੈ।

## ਮਜੀਠਾ 'ਚ ਪ੍ਰਦੂਸ਼ਣ ਰਹਿਤ ਦਿਵਾਲੀ ਨੂੰ ਯਕੀਨੀ ਬਣਾਇਆ ਜਾਵੇਗਾ : ਐੱਸਡੀਐੱਮ

**ਮਜੀਠਾ (ਸੋਇਮ ਆਨੰਦ)**-ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਵੱਲੋਂ ਜਾਰੀ ਹੋਈਆਂ ਹਦਾਇਤਾਂ ਕਿ ਇਸ ਦੀਵਾਲੀ ਮੌਕੇ ਪ੍ਰਦੂਸ਼ਣ ਰਹਿਤ ਗਰੀਨ ਪਟਾਖੇ ਹੀ ਵੇਚੇ ਜਾਣਗੇ ਅਤੇ ਚਲਾਏ ਜਾਣਗੇ, ਨੂੰ ਅਮਲੀ ਜਾਮਾ ਪਹਿਨਾਇਆ ਜਾਵੇਗਾ ਅਤੇ ਹਰ ਹਾਲਤ ਵਿੱਚ ਇਸ ਨੂੰ ਯਕੀਨੀ ਬਣਾਇਆ ਜਾਵੇਗਾ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਮਜੀਠਾ ਸਬ ਡਵੀਜ਼ਨ ਵਿਖੇ ਆਪਣੇ ਅਹੁਦੇ ਦਾ ਕਾਰਜਭਾਰ ਸੰਭਾਲਣ ਉਪਰੰਤ ਅੱਜ ਪਹਿਲੇ ਦਿਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਐੱਸਡੀਐੱਮ ਡਾ: ਹਰਨੂਰ ਕੌਰ ਢਿੱਲੋਂ ਨੇ ਕੀਤਾ। ਨਵ-ਨਿਯੁਕਤ ਐੱਸਡੀਐੱਮ ਨੇ ਕਿਹਾ ਕਿ ਉਹ ਜਲਦੀ ਹੀ ਸਥਾਨਕ ਪੁਲਸ ਅਧਿਕਾਰੀਆਂ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਤੌਰ 'ਤੇ ਮੀਟਿੰਗਾਂ ਕਰਕੇ ਤਿਉਹਾਰਾਂ ਦੇ ਦਿਨਾਂ ਵਿੱਚ ਅਮਨ ਤੇ ਕਾਨੂੰਨ ਦੀ ਵਿਵਸਥਾ ਅਤੇ ਸ਼ਹਿਰ ਦੀ ਸਾਫ-ਸਫਾਈ ਦੀ ਵਿਵਸਥਾ ਸਬੰਧੀ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦਾ ਸਖਤੀ ਨਾਲ ਪਾਲਣ ਕਰਨ ਦੀਆਂ ਹਦਾਇਤਾਂ ਜਾਰੀ ਕਰਨਗੇ। ਇਸ ਮੌਕੇ ਉਨ੍ਹਾਂ ਮਜੀਠਾ ਸ਼ਹਿਰ ਵਿੱਚ ਮੁੱਖ ਮਾਰਗ ਅਤੇ ਬਜ਼ਾਰਾਂ ਵਿੱਚ ਕੀਤੇ ਗਏ ਨਜਾਇਜ਼ ਕਬਜ਼ੇ ਹਟਾਉਣ ਲਈ ਵੀ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਨਾਲ ਅਵਾਜਾਈ ਵਿੱਚ ਵਿਘਨ ਪੈਂਦਾ ਹੈ ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਤਹਿਸੀਲਦਾਰ ਰਤਨਜੀਤ ਖੁੱਲਰ, ਰੀਡਰ ਐੱਸਡੀਐੱਮ ਵਰਿੰਦਰ ਭਾਟੀਆ, ਵਿਲੀਅਮ ਮਸੀਹ, ਦੀਪਕ ਮਸੀਹ, ਹਰਪ੍ਰੀਤ ਸਿੰਘ, ਪਟਵਾਰੀਆਂ ਵਿੱਚ ਪ੍ਰਧਾਨ ਪ੍ਰਿਥੀਪਾਲ ਸਿੰਘ, ਕਵਲ ਅਵਤਾਰ ਸਿੰਘ, ਜਸਵਿੰਦਰ ਸਿੰਘ ਬੇਦੀ, ਕਰਨ ਖੋਸਲਾ, ਸੰਦੀਪ ਸਿੰਘ, ਮਨਬੀਰ ਸਿੰਘ ਮੱਲ੍ਹੀ, ਰਣਜੀਤ ਸਿੰਘ, ਇੱਕਬਾਲ ਸਿੰਘ, ਜੋਬਨਜੀਤ ਸਿੰਘ, ਹਰਚੰਦ ਸਿੰਘ, ਮਹੇਸ਼ ਕੁਮਾਰ, ਇਕਬਾਲ ਸਿੰਘ ਬਾਬਾ ਆਦਿ ਹਾਜ਼ਰ ਸਨ।

## ਜਗਦੀਪ ਸਿੰਘ ਸੇਖੋਂ ਜ਼ਿਲ੍ਹਾ ਕਾਨੂੰਗੋ ਐਸੋਸੀਏਸ਼ਨ ਦੇ ਪ੍ਰਧਾਨ ਬਣੇ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੀਤੇ ਦਿਨੀਂ ਜ਼ਿਲ੍ਹਾ ਕਾਨੂੰਗੋ ਐਸੋਸੀਏਸ਼ਨ ਦੀ ਚੋਣ ਤਹਿਸੀਲ ਹੁਸ਼ਿਆਰਪੁਰ ਵਿਖੇ ਜੀਤ ਸਿੰਘ ਰਿਟਾਇਰਡ ਕਾਨੂੰਗੋ ਜਸਵੀਰ ਸੰਘ ਰਿਟਾਇਰਡ ਕਾਨੂੰਗੋ ਹਰਜਿੰਦਰ ਸਿੰਘ ਰਿਟਾਇਰਡ ਕਾਨੂੰਗੋ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਾਨੂੰਗੋ ਜਗਦੀਪ ਸਿੰਘ ਸੇਖੋਂ ਨੂੰ ਜਿਤਮਲ੍ਹਾ ਪ੍ਰਧਾਨ, ਵਰਿੰਦਰ ਕੁਮਾਰ ਰੱਤੀ ਨੂੰ ਨੁਮਾਇੰਦਾ ਪੰਜਾਬ ਬਾਡੀ, ਜਗੀਰ ਸਿੰਘ ਬੱਲ ਨੂੰ ਜਨਰਲ ਸਕੱਤਰ, ਸੁਖਦੇਵ ਕੁਮਾਰ ਨੂੰ ਖਜ਼ਾਨਚੀ, ਰਾਕੇਸ਼ ਕੁਮਾਰ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਪ੍ਰਧਾਨ ਬਣਨ ਉਪਰੰਤ ਜਗਦੀਪ ਸਿੰਘ ਸੇਖੋਂ ਨੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਉਹ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ, ਕਿਸੇ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਦਲਜੀਤ ਸਿੰਘ, ਤਜਿੰਦਰ ਸਿੰਘ ਗੋਲਡੀ, ਮਨਜਿੰਦਰ ਕੌਰ, ਸਾਹਿਲ ਅਰੋੜਾ, ਪ੍ਰਵਿੰਦਰ ਸਿੰਘ, ਬਲਵਿੰਦਰ ਕੁਮਾਰ, ਅਸ਼ੋਕ ਚੰਦਰ, ਜੀਵਨ ਲਾਲ, ਪਵਿੱਤਰ ਸਿੰਘ, ਪਰਮਜੀਤ ਬਿੱਟੂ (ਸਾਰੇ ਕਾਨੂੰਗੋ) ਹਾਜ਼ਰ ਸਨ।

## ਪੰਜਾਬ ਸਰਕਾਰ ਦੀ ਸੱਤ ਮਹੀਨਿਆਂ ਦੀ ਕਾਰਗੁਜ਼ਾਰੀ ਬੇਕਾਰ ਸਿੱਧ ਹੋਈ: ਕੱਕੜ

**ਮਜੀਠਾ (ਮਨਮੋਹਨ ਸਿੰਘ ਢਿੱਲੋਂ)**-ਪੰਜਾਬ ਦੀ ਮਾਨ ਸਰਕਾਰ 7 ਮਹੀਨਿਆਂ ਵਿੱਚ ਪੰਜਾਬ ਲਈ ਕੁੱਝ ਨਹੀਂ ਕਰ ਸਕੀ। ਪੰਜਾਬ ਦਾ ਪੈਸਾ ਇਸ਼ਤਿਹਾਰਬਾਜ਼ੀ ਵਿੱਚ ਬਰਬਾਦ ਕੀਤਾ ਹੈ। ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚ ਹੋਰ ਧੱਕ ਦਿੱਤਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਕੈਬਨਿਟ ਮੰਤਰੀ ਅਤੇ ਮੌਜੂਦਾ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਕੱਕੜ ਨੇ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਦਾਅਵੇ ਹਾਸੋਹੀਣੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਏਨਾ ਫਰਜ਼ੀ ਦਾਅਵਿਆਂ ਤੇ ਪੰਜਾਬ ਦਾ ਕਰੋੜਾਂ ਰੁਪਿਆ ਬਰਬਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੀਰੇ ਸਿੱਧੂ ਮੂਸੇਵਾਲ ਦੇ ਕਾਤਲਾਂ ਨੂੰ ਮਾਨ ਸਰਕਾਰ ਅਜੇ ਤੱਕ ਕੋਈ ਸਜ਼ਾ ਨਹੀਂ ਦੇ ਸਕੀ, ਉਲਟਾ ਗੈਂਗਸਟਰਾਂ ਨਾਲ ਵੀਆਈਪੀ ਵਾਂਗ ਪੇਸ਼ ਆਇਆ ਜਾ ਰਿਹਾ ਹੈ। ਰਾਜਾਸਾਂਸੀ ਹਲਕੇ ਵਿੱਚ ਵੀ ਹਰਦੀਪ ਸਿੰਘ ਲੋਧੀਗੁੱਜਰ ਨੂੰ ਸ਼ਰੇਆਮ ਗੋਲੀਆਂ ਮਾਰਕੇ ਮਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਸਰਕਾਰ ਪੂਰੀ ਤਰ੍ਹਾਂ ਫੇਲ ਹੋਈ ਹੈ। ਕਿਸਾਨਾਂ ਨੇ ਅਣਮਿਥੇ ਸਮੇਂ ਲਈ ਧਰਨਾ ਲਗਾਇਆ ਹੋਇਆ ਹੈ, ਅਧਿਆਪਕ ਵਰਗ ਪਾਣੀ ਵਾਲੀਆਂ ਟੈਂਕੀਆਂ 'ਤੇ ਹੈ। ਇਸ ਸਮੇਂ ਉਨ੍ਹਾਂ ਨਾਲ ਬੂਆ ਸਿੰਘ ਸੰਧੂ ਓਐਸਡੀ ਸਰਕਾਰੀਆ, ਰਵੀ ਕੁਮਾਰ ਪੀਏ ਸਰਕਾਰੀਆ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਚੇਅਰਮੈਨ ਗੁਰਬੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਸਰਪੰਚ ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ ਅੰਮ੍ਰਿਤਸਰ ਦਿਹਾਤੀ, ਸਰਪੰਚ ਰੇਸ਼ਮ ਸਿੰਘ ਬੱਚੀਵਿੰਡ, ਸਰਪੰਚ ਗੁਰਮੀਤ ਸਿੰਘ ਡਾਲਾ, ਰੇਸ਼ਮ ਸਿੰਘ ਬਹਿੜਵਾਲ, ਦਿਲਬਾਗ ਸਿੰਘ ਖਿਆਲਾ ਮੈਂਬਰ ਬਲਾਕ ਸੰਮਤੀ, ਸਰਪੰਚ ਨਿਸ਼ਾਨ ਸਿੰਘ ਮੰਝ, ਬਲਦੇਵ ਸਿੰਘ ਮੰਝ ਮੈਂਬਰ ਬਲਾਕ ਸੰਮਤੀ, ਸਰਪੰਚ ਨਿਰਵੈਲ ਸਿੰਘ ਚੋਗਾਵਾਂ, ਕੁਲਬੀਰ ਸਿੰਘ ਬਰਾੜ, ਡਾ. ਪ੍ਰਗਟ ਸਿੰਘ ਭੁੱਲਰ, ਗੁਰਪ੍ਰੀਤ ਸਿੰਘ ਪੰਜੂਰਾਏ, ਸੂਬਾ ਸਿੰਘ ਹੇਤਮਪੁਰਾ, ਸਰਪੰਚ ਲਖਵਿੰਦਰ ਸਿੰਘ ਭਿੱਟੇਵੱਡ, ਸਰਪੰਚ ਅਮਨ ਕੋਹਾਲਾ, ਸਰਪੰਚ ਸ਼ਮਸ਼ੇਰ ਸਿੰਘ ਬਰਾੜ, ਸਰਪੰਚ ਮਿੰਟੂ ਪੰਡੋਰੀ ਅਤੇ ਸਰਪੰਚ ਬੱਬੂ ਕਾਵੇਂ ਆਦਿ ਹਾਜ਼ਰ ਸਨ।

## ਮਨਿਸਟੀਰੀਅਲ ਕਾਮਿਆਂ ਦੀ ਕਲਮਛੋੜ ਹੜਤਾਲ ਨੌਵੇਂ ਦਿਨ 'ਚ ਦਾਖਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੰਜਾਬ ਸਟੇਟ ਮਨਿਸਟੀਰੀਅਲ ਸਰਵਸਿਜ਼ ਯੂਨੀਅਨ ਨੇ 19 ਅਕਤੂਬਰ ਤੱਕ ਕਲਮਛੋੜ ਹੜਤਾਲ ਕਰਨ ਦਾ ਫੈਸਲਾ ਲਿਆ ਸੀ। ਸੁਖਵਿੰਦਰ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਅਤੇ ਅੰਗਰੇਜ਼ ਸਿੰਘ ਰੰਧਾਵਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਦੀ ਅਗਵਾਈ ਹੇਠ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਵਿਭਾਗਾਂ ਦੇ ਮਨਿਸਟੀਰੀਅਲ ਕਾਮਿਆਂ ਵੱਲੋਂ ਲਗਾਤਾਰ ਅੱਠਵੇਂ ਦਿਨ ਤੱਕ ਮੁਕੰਮਲ ਕਲਮਛੋੜ ਹੜਤਾਲ ਕੀਤੀ ਗਈ ਜੋ 9ਵੇਂ ਦਿਨ 'ਚ ਦਾਖਲ ਹੋ ਗਈ ਹਐ। ਹੜਤਾਲ ਦੌਰਾਨ ਦਫਤਰ ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਬਾਹਰ ਗੇਟ ਰੈਲੀ ਕਰਕੇ ਪੰਜਾਬ ਸਰਕਾਰ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਕਲਮਛੋੜ ਹੜਤਾਲ ਦੌਰਾਨ ਮਨਜਿੰਦਰ ਸਿੰਘ ਲਾਲਪੁਰਾ ਹਲਕਾ ਐੱਮਐੱਲਏ ਖਡੂਰ ਸਾਹਿਬ ਦੀ ਰਿਹਾਇਸ਼ ਦਾ ਪਿੰਡ ਲਾਲਪੁਰਾ ਵਿਖੇ ਘਿਰਾਓ ਕਰਕੇ ਮੰਗ ਪੱਤਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਜੋ ਵੀ ਸੂਬਾ ਬਾਡੀ ਵੱਲੋਂ ਫੈਸਲਾ ਲਿਆ ਜਾਵੇਗਾ ਉਸਨੂੰ ਜ਼ਿਲ੍ਹਾ ਤਰਨ ਤਾਰਨ ਵਿੱਚ ਇਨ-ਬਿਨ ਲਾਗੂ ਕੀਤਾ ਜਾਵੇਗਾ। ਇਸ ਮੌਕੇ ਕਰਵਿੰਦਰ ਸਿੰਘ ਚੀਮਾਂ ਜ਼ਿਲ੍ਹਾ ਪ੍ਰਧਾਨ, ਸ਼ਿਵਕਰਨ ਸਿੰਘ ਚੀਮਾ, ਜਨਰਲ ਸਕੱਤਰ ਡੀ.ਸੀ. ਦਫਤਰ ਕਰਮਚਾਰੀ ਯੂਨੀਅਨ, ਗੁਰਪ੍ਰਕਾਸ਼ ਸਿੰਘ ਸਥਾਨਕ ਸਰਕਾਰਾਂ ਵਿਭਾਗ, ਨਿਸ਼ਾਨ ਸਿੰਘ ਜ਼ਿਲ੍ਹਾ ਪ੍ਰਧਾਨ, ਸਵਰਾਜ ਸਿੰਘ ਜਨਰਲ ਸਕੱਤਰ, ਤਰਸੇਮ ਸਿੰਘ, ਇਕਬਾਲ ਸਿੰਘ ਸਿੱਖਿਆ ਵਿਭਾਗ, ਰਾਜੇਸ਼ ਬਾਵਾ ਸੀਨੀਅਰ ਮੀਤ ਪ੍ਰਧਾਨ ਪੀ.ਐਸ.ਐਮ.ਐਸ.ਯੂ., ਲਲਿਤ ਕੁਮਾਰ ਵਾਟਰ ਸਪਲਾਈ ਵਿਭਾਗ, ਗੁਰਪ੍ਰੀਤ ਸਿੰਘ ਫੂਡ ਸਪਲਾਈ, ਅੰਗਰੇਜ਼ ਸਿੰਘ ਕੰਜ਼ਿਊਮਰ ਫੋਰਮ, ਸੁਖਪਾਲ ਸਿੰਘ ਖੇਤੀਬਾੜੀ ਵਿਭਾਗ, ਗੁਰਜੀਤ ਸਿੰਘ ਗਿੱਲ ਸੂਬਾ ਪ੍ਰਧਾਨ, ਪੰਜਾਬ ਰੋਡਵੇਜ, ਚਮਕੌਰ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ, ਪੰਜਾਬ ਰੋਡਵੇਜ਼, ਸੁਰੇਸ਼ ਕੁਮਾਰ, ਪਰਦੀਪ ਸਿੰਘ ਪਹਿਲਵਾਨ, ਰੋਜਗਾਰ ਵਿਭਾਗ, ਗੁਰਲਾਲਜੀਤ ਸਿੰਘ ਖਜਾਨਾ ਵਿਭਾਗ, ਜਸਵਿੰਦਰ ਸਿੰਘ ਭਲਾਈ ਵਿਭਾਗ, ਗੁਰਿੰਦਰਪਾਲ ਸਿੰਘ, ਜਪਜੀਤ ਸਿੰਘ ਬਾਗਬਾਨੀ ਵਿਭਾਗ, ਰਣਜੀਤ ਸਿੰਘ ਸਹਿਕਾਰਤਾ ਵਿਭਾਗ, ਚਰਨਜੀਤ ਕੌਰ ਸੁਪਰਡੈਂਟ ਗ੍ਰੇਡ-2, ਰਕੇਸ਼ ਕੁਮਾਰ, ਅਨਿਲ ਕੁਮਾਰ, ਰਤਿੰਦਰ ਸਿੰਘ ਲਾਡੀ, ਮਨਿੰਦਰ ਸਿੰਘ, ਸੀਨੀਅਰ ਸਹਾਇਕ, ਗੁਰਸੇਵਕ ਸਿੰਘ, ਜਸਪਾਲ ਸਿੰਘ ਸੰਧੂ, ਬਿਕਰਮਜੀਤ ਸਿੰਘ ਖਹਿਰਾ, ਗੁਰਬਾਜ ਸਿੰਘ, ਲਲਿਤ ਕੁਮਾਰ, ਨਿਸ਼ਾਨ ਸਿੰਘ, ਹਰਜੀਤ ਕੌਰ, ਕਸ਼ਮੀਰ ਕੌਰ, ਕਰਮਜੀਤ ਕੌਰ, ਜਸਬੀਰ ਕੌਰ, ਰਮਨਪ੍ਰੀਤ ਕੌਰ, ਗਗਨਦੀਪ ਕੌਰ, ਬਖਸ਼ਿੰਦਰ ਸਿੰਘ, ਜਰਨੈਲ ਸਿੰਘ ਡੀ. ਸੀ. ਦਫਤਰ ਆਦਿ ਤੋਂ ਇਲਾਵਾ ਸਮੂਹ ਵਿਭਾਗਾਂ ਦੇ ਮਨਿਸਟੀਰੀਅਲ ਕਾਮੇ ਹਾਜ਼ਰ ਸਨ।

## ਐੱਸ ਡੀ ਐੱਮ ਘੁੰਮਣ ਵੱਲੋਂ ਵੱਖ-ਵੱਖ ਦਾਣਾ ਮੰਡੀਆਂ 'ਚ ਖਰੀਦ ਪ੍ਰਬੰਧਾਂ ਦਾ ਜਾਇਜ਼ਾ



**ਧਾਰੀਵਾਲ, (ਮਨਦੀਪ ਵਿੱਕੀ)**- ਅੱਜ ਐੱਸ.ਡੀ.ਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ ਵਲੋਂ ਮੁੱਖ ਦਾਣਾ ਮੰਡੀ ਧਾਰੀਵਾਲ, ਨੌਸ਼ਹਿਰਾ ਮੱਝਾ ਸਿੰਘ ਅਤੇ ਬਾਂਗੋਵਾਨੀ ਆਦਿ ਦਾਣਾ ਮੰਡੀਆਂ ਦਾ ਦੌਰਾ ਕਰਕੇ ਝੋਨੇ ਦੀ ਫਸਲ ਦੇ ਚੱਲ ਰਹੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਕਿਸਾਨਾਂ ਤੇ ਆੜ੍ਹਤੀਆਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਵੱਖ ਮੰਡੀਆਂ 'ਚ ਤੋਲ ਵੀ ਚੈੱਕ ਕੀਤਾ। ਸ਼੍ਰੀਮਤੀ ਘੁੰਮਣ ਨੇ ਧਾਰੀਵਾਲ ਦਾਣਾ ਮੰਡੀ ਵਿੱਚ ਕਿਸਾਨਾਂ ਦੀ ਸਹੂਲਤ ਲਈ ਸਥਾਪਤ ਕੀਤੇ ਗਏ ਕਿਸਾਨ ਸੇਵਾ ਕੇਂਦਰ ਦਾ ਨਿਰੀਖਣ ਵੀ ਕੀਤਾ ਅਤੇ ਡਿਊਟੀ ਦੇ ਰਹੇ ਕਰਮਚਾਰੀਆਂ ਨੂੰ ਕਿਹਾ ਜੇ ਕਿਸੇ ਕਿਸਾਨ ਨੂੰ ਮੰਡੀ ਵਿੱਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਸ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਤਹਿਤ ਉਕਤ ਮੰਡੀਆਂ 'ਚ ਜਿਣਸ ਦੀ ਖਰੀਦ ਸਚਾਰੂ ਢੰਗ ਨਾਲ ਚੱਲ ਰਹੀ ਹੈ। ਲਿਫਟਿੰਗ ਸਮੇਂ ਸਿਰ ਹੋਣ ਦੇ ਨਾਲ ਨਾਲ ਆਦਾਇਗੀ ਵੀ ਕਿਸਾਨਾਂ ਦੇ ਖਾਤਿਆਂ ਵਿੱਚ ਆ ਰਹੀ ਹੈ। ਉਨ੍ਹਾਂ ਕਿਹਾ ਡਿਪਟੀ ਕਮਿਸ਼ਨਰ ਜਨਾਬ ਗੁਰਦਾਸਪੁਰ ਦੇ ਦਿਸ਼; ਨਿਰਦੇਸਾਂ ਹੇਠ ਜ਼ਿਲ੍ਹੇ ਦੀਆਂ ਦਾਣਾ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਬੇਹਤਰੀਨ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਦੱਸਿਆ ਜ਼ਿਲ੍ਹਾ ਗੁਰਦਾਸਪੁਰ ਦੀਆਂ 10 ਵੱਡੀਆਂ ਦਾਣਾ ਮੰਡੀਆਂ ਧਾਰੀਵਾਲ, ਬਟਾਲਾ, ਗੁਰਦਾਸਪੁਰ, ਕਲਾਨੌਰ, ਦੀਨਾਨਗਰ, ਡੇਰਾ ਬਾਬਾ ਨਾਨਕ, ਕਾਦੀਆਂ, ਫਤਿਹਗੜ੍ਹ ਚੂੜੀਆਂ, ਕਾਹਨੂੰਵਾਨ ਅਤੇ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਕਿਸਾਨ ਸੇਵਾ ਕੇਂਦਰ ਸਥਾਪਤ ਕੀਤੇ ਗਏ ਹਨ ਤਾਂ ਜੋ ਜਿਣਸ ਵੇਚਣ ਸਮੇਂ ਮੰਡੀਆਂ ਵਿੱਚ ਕਿਸਾਨ ਨੂੰ ਆਉਣ ਵਾਲੀ ਕਿਸੇ ਵੀ ਪ੍ਰੇਸ਼ਾਨੀ ਦਾ ਤੁਰੰਤ ਹੱਲ ਹੋ ਸਕੇ।

## ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਮਿਰਜ਼ਾਜਾਨ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਹਾੜਾ



**ਧਾਰੀਵਾਲ/ਕਾਦੀਆਂ, (ਮਨਦੀਪ ਵਿੱਕੀ)**-ਵਿਰਾਸਤੀ ਮੰਚ ਬਟਾਲਾ ਵੱਲੋਂ ਸਿੱਖ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਹਾੜਾ ਅੱਜ ਇਤਿਹਾਸਕ ਪਿੰਡ ਮਿਰਜ਼ਾਜਾਨ ਵਿਖੇ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ, ਡੀਪੀਆਰਓ ਇੰਦਰਜੀਤ ਸਿੰਘ ਹਰਪੁਰਾ, ਮਾਸਟਰ ਸੁਰਜੀਤ ਸਿੰਘ, ਪ੍ਰੋ. ਜਸਬੀਰ ਸਿੰਘ, ਕਿਸਾਨ ਆਗੂ ਸ਼ੇਰੇ ਪੰਜਾਬ ਸਿੰਘ ਕਾਹਲੋਂ, ਹਰਬਖਸ਼ ਸਿੰਘ, ਠੇਕੇਦਾਰ ਮਨਜਿੰਦਰ ਸਿੰਘ ਬਿਜਲੀਵਾਲ, ਠੇਕੇਦਾਰ ਪ੍ਰੀਤਮ ਸਿੰਘ, ਵੈਬੀਜੋਤ ਸਿੰਘ ਕਾਹਲੋਂ, ਸੁਖਦੇਵ ਸਿੰਘ, ਆਸਾ ਸਿੰਘ, ਲਾਡੀ ਜੱਸਲ, ਦਲਜੀਤ ਸਿੰਘ ਬਮਰਾਹ, ਵਰਿੰਦਰ ਸਿੰਘ ਅੰਮੋਨੰਗਲ, ਸ਼ਮਸ਼ੇਰ ਸਿੰਘ ਮੱਲੀ ਅਤੇ ਪਿੰਡ ਮਿਰਜ਼ਾਜਾਨ ਦੇ ਵਸਨੀਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਦਿਹਾੜੇ ਮੌਕੇ ਬਾਬਾ ਜੀ ਵੱਲੋਂ ਬਣਾਏ ਇਤਿਹਾਸਕ ਕਿਲ੍ਹੇ ਦੇ ਦਰਸ਼ਨ ਕੀਤੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕੀਤੀ। ਇਸ ਮੌਕੇ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਸਿੱਖ ਪੰਥ ਦੇ ਪਹਿਲੇ ਬਾਦਸ਼ਾਹ ਹੋਏ ਹਨ ਜਿਨ੍ਹਾਂ ਨੇ ਜ਼ਾਲਮ ਹਕੂਮਤ ਦੀ ਜੜ੍ਹ ਪੁੱਟ ਕੇ ਹਲੀਮੀ ਰਾਜ ਕਾਇਮ ਕੀਤਾ ਸੀ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਬਹਾਦਰੀਆਂ ਲਾਮਿਸਾਲ ਹਨ ਅਤੇ ਸਮੁੱਚੀ ਕੌਮ ਨੂੰ ਅਜਿਹੇ ਸੂਰਬੀਰਾਂ 'ਤੇ ਹਮੇਸ਼ਾ ਮਾਣ ਰਹੇਗਾ। ਡੀ.ਪੀ.ਆਰ.ਓ. ਇੰਦਰਜੀਤ ਸਿੰਘ ਹਰਪੁਰਾ ਨੇ ਕਿਹਾ ਕਿ ਪਿੰਡ ਮਿਰਜ਼ਾਜਾਨ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਪਾਵਨ ਚਰਨਛੋਹ ਪ੍ਰਾਪਤ ਧਰਤੀ ਹੈ। ਇਥੇ ਬਾਬਾ ਜੀ ਨੇ ਸੰਨ 1715 ਵਿੱਚ ਆਪਣੇ ਹੱਥੀਂ ਇੱਕ ਕਿਲ੍ਹਾ ਤਿਆਰ ਕਰਵਾਇਆ ਸੀ ਜਿਸ ਦੀਆਂ ਕੰਧਾਂ ਅੱਜ ਵੀ ਪਹਿਲੇ ਸਿੱਖ ਰਾਜ ਦੀ ਗਵਾਹੀ ਭਰਦੀਆਂ ਹਨ। ਉਨ੍ਹਾਂ ਦੱਸਿਆ ਕਿ ਅਪ੍ਰੈਲ 1715 ਵਿੱਚ ਪਿੰਡ ਮਿਰਜਾਜਾਨ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਮੁਗਲ ਫੌਜਾਂ ਵਿੱਚ ਭਾਰੀ ਜੰਗ ਵੀ ਹੋਈ ਸੀ ਅਤੇ ਇਥੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਗਏ ਸਨ ਜਿਥੇ ਕਈ ਮਹੀਨਿਆਂ ਦੇ ਘੇਰੇ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਦਿੱਲੀ ਲਿਜਾ ਕੇ ਸ਼ਹੀਦ ਕੀਤਾ ਗਿਆ ਸੀ। ਇੰਦਰਜੀਤ ਸਿੰਘ ਹਰਪੁਰਾ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਪਿੰਡ ਮਿਰਜ਼ਾਜਾਨ ਵਿਖੇ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਰੰਧਾਵਾ ਅਤੇ ਉਨ੍ਹਾਂ ਦੇ ਭਰਾਤਾ ਭਾਈ ਸੁਖਦੇਵ ਸਿੰਘ ਰੰਧਾਵਾ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਦ ਕੱਢ ਕੇ ਇੱਕ ਲਾਇਬ੍ਰੇਰੀ ਅਤੇ ਮਿਊਜ਼ੀਅਮ ਬਣਾਇਆ ਜਾ ਰਿਹਾ ਹੈ ਜੋ ਕਿ ਅਗਲੇ ਕੁਝ ਮਹੀਨਿਆਂ ਵਿੱਚ ਮੁਕੰਮਲ ਹੋ ਜਾਵੇਗਾ।

## ਦੁਸਹਿਰਾ ਗਰਾਊਂਡ ਪੱਟੀ ਵਿਖੇ ਖੇਤੀ ਮਸ਼ੀਨਰੀ ਮੇਲਾ ਲਗਾਇਆ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਪੱਟੀ ਵਲੋਂ ਦੁਸਹਿਰਾ ਗਰਾਊਂਡ ਪੱਟੀ ਵਿਖੇ ਖੇਤੀ ਮਸ਼ੀਨਰੀ ਮੇਲਾ ਲਗਾਇਆ ਗਿਆ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਸਰਕਲ ਅਧਿਕਾਰੀ ਸੰਦੀਪ ਸਿੰਘ ਏਈਓ, ਰਜਿੰਦਰ ਕੁਮਾਰ ਏਈਓ, ਸੰਦੀਪ ਸਿੰਘ ਏਈਓ, ਅਮਰਿੰਦਰ ਸਿੰਘ ਏਈਓ ਅਤੇ ਗੁਰਪ੍ਰੀਤ ਸਿੰਘ ਬੀਟੀਐੱਮ ਨੇ ਸੀਆਰਐੱਮ ਸਕੀਮ ਤਹਿਤ ਕਿਸਾਨਾਂ ਅਤੇ ਪੰਚਾਇਤਾਂ ਵਲੋਂ ਖਰੀਦੀਆਂ ਮਸ਼ੀਨਾਂ ਦੀ ਵੈਰੀਫਿਕੇਸ਼ਨ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਕੈਬਨਿਟ ਮੰਤਰੀ ਭੁੱਲਰ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਲਾਭਪਾਤਰੀ ਕਿਸਾਨਾਂ ਨੂੰ ਵਧਾਈ ਦਿੰਦਿਆਂ ਪ੍ਰੇਰਿਤ ਕੀਤਾ ਕਿ ਉਹ ਦੂਜੇ ਸਾਥੀ ਕਿਸਾਨਾਂ ਦੇ ਨਾਲ ਵੀ ਵੱਧ ਤੋਂ ਵੱਧ ਸਹਿਯੋਗ ਕਰਨ ਤਾਂ ਜੋ ਪਰਾਲੀ ਪ੍ਰਬੰਧਨ ਤਹਿਤ ਵੱਧ ਤੋਂ ਵੱਧ ਏਰੀਆ ਕਵਰ ਕੀਤਾ ਜਾ ਸਕੇ। ਉਨ੍ਹਾਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਏ ਬਗੈਰ ਖੇਤਾਂ ਵਿੱਚ ਗਾਲਣ ਨਾਲ ਖ਼ੁਰਾਕੀ ਤੱਤ ਜ਼ਮੀਨ ਵਿੱਚ ਰਹਿੰਦੇ ਹਨ ਜਿਸ ਨਾਲ ਰਸਾਇਣਕ ਖਾਦਾਂ ਤੇ ਨਿਰਭਰਤਾ ਅਤੇ ਖਰਚਾ ਘਟਦਾ ਹੈ। ਉਨ੍ਹਾਂ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਵਾਤਾਵਰਣ ਪ੍ਰਦੂਸ਼ਤ ਹੁੰਦਾ ਹੈ, ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ ਜੋ ਮਨੁੱਖ ਦੀ ਸਿਹਤ ਤੇ ਮਾੜੀਆਂ ਹਨ ਪਰੰਤੂ ਹੋਰ ਜੀਵ-ਜੰਤੂਆਂ ਲਈ ਵੀ ਨੁਕਸਾਨਦੇਹ ਹਨ। ਇਸ ਮੌਕੇ ਉਨ੍ਹਾਂ ਨੇ ਕਿਸਾਨਾਂ ਨਾਲ ਪਰਾਲੀ ਪ੍ਰਬੰਧਨ ਦੇ ਮੁੱਦੇ 'ਤੇ ਗੱਲਬਾਤ ਕੀਤੀ। ਇਸ ਦੌਰਾਨ ਕਿਸਾਨਾਂ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਪਰਾਲੀ ਪ੍ਰਬੰਧਨ ਕਰਨ ਨਾਲ ਉਨ੍ਹਾਂ ਦੇ ਫਸਲਾਂ ਦੇ ਝਾੜ ਵਿੱਚ ਵੀ ਵਾਧਾ ਹੋਇਆ ਹੈ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਡਾ. ਭੁਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਪਰ ਸੀਡਰ, ਜ਼ੀਰੋ ਟਿੱਲ ਡਰਿੱਲ, ਸ਼ਰੱਬ ਮਾਸਟਰ, ਰੇਕਰ ਮਸ਼ੀਨਾਂ ਲਈ ਵੈਰੀਫਿਕੇਸ਼ਨ ਕੀਤੀ ਗਈ ਹੈ। ਇਸ ਮੌਕੇ ਸੰਦੀਪ ਸਿੰਘ ਪੂਰੀ ਓਸਡੀ ਟੂ ਮੰਤਰੀ, ਦਿਲਬਾਗ ਸਿੰਘ ਪੀਏ ਨਿਸ਼ਾਨ ਸਿੰਘ ਖੇਤੀਬਾੜੀ ਉਪ ਨਿਰੀਖਕ, ਗੁਰਦੇਵ ਸਿੰਘ ਮਾਣਕਪੁਰਾ, ਗੁਰਦੇਵ ਸਿੰਘ ਸਰਹਾਲੀ, ਏਟੀਐੱਮ, ਸਲਵਿੰਦਰ ਸਿੰਘ, ਦਿਲਬਾਗ ਸਿੰਘ ਫੀਲਡ ਵਰਕਰ ਹਾਜ਼ਰ ਸਨ ਅਤੇ ਵੱਡੀ ਗਿਣਤੀ 'ਚ ਕਿਸਾਨ ਹਾਜ਼ਰ ਸਨ।

## ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਦਾ ਪਿੱਟ ਸਿਆਪਾ, ਬਰਾਬਰ ਕੰਮ ਬਰਾਬਰ ਤਨਖਾਹ ਦੀ ਉਠਾਈ ਮੰਗ




**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਪੰਜਾਬ ਸੁਬਾਰਡੀਨੇਟ ਸਰਵਸਿਜ਼ ਫੈਡਰੇਸ਼ਨ 1680-22 ਬੀ ਦੇ ਸੱਦੇ ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਮੁਲਾਜ਼ਮਾਂ ਵਲੋਂ ਇੱਕ ਰੋਸ ਮੁਜ਼ਾਹਰਾ ਡੀਸੀ ਦਫਤਰ ਸਾਹਮਣੇ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮਾਂ 'ਤੇ ਬਰਾਬਰ ਕੰਮ ਬਰਾਬਰ ਤਨਖਾਹ ਦਾ ਫਾਰਮੂਲਾ ਲਾਗੂ ਕੀਤਾ ਜਾਵੇ , ਆਸ਼ਾ ਵਰਕਰਜ਼ ਤੇ ਆਂਗਨਵਾੜੀ ਵਰਕਰਜ਼ ਦਾ ਭੱਤਾ ਦੁੱਗਣਾ ਕਰਕੇ ਵਾਅਦਾ ਨਿਭਾਇਆ ਜਾਵੇ, ਮੁਲਾਜਮਾਂ ਦਾ ਬਣਦਾ 10% ਡੀਏ, ਬੰਦ ਕੀਤਾ ਬਾਰਡਰ ਏਰੀਆ ਭੱਤਾ ਤੇ ਰਹਿੰਦੇ ਪੇਂਡੂ ਭੱਤੇ ਸਮੇਤ ਬੰਦ ਕੀਤੇ ਸਭ ਭੱਤੇ ਚਾਲੂ ਕਰਕੇ ਅਤੇ ਪੇ ਕਮਿਸ਼ਨ ਨੂੰ ਸਹੀ ਗੁਣਾਂਕ ਨਾਲ ਲਾਗੂ ਕਰਨ, ਤੇ ਪੇ-ਕਮਿਸ਼ਨ ਦੇ ਬਣਦੇ ਬਣਾਏ ਦੇਣ ਦਾ ਐਲਾਨ ਦਿਵਾਲੀ ਤੋਂ ਪਹਿਲਾਂ ਕੀਤਾ ਜਾਵੇ। ਇਸ ਰੋਸ ਪਰਦਰਸ਼ਨ ਦੀ ਅਗਵਾਈ ਕਰਦਿਆਂ ਮੁਲਾਜਮ ਤੇ ਪੈਨਸ਼ਨਰਾਂ ਦੇ ਆਗੂ ਪ੍ਰਭਜੀਤ ਸਿੰਘ ਉੱਪਲ, ਦਰਸ਼ਨ ਸਿੰਘ ਛੀਨਾ,ਅਜੇ ਸਨੋਤਰਾ, ਜਸਵੰਤ ਰਾਏ, ਤਰਲੋਕ ਸਿੰਘ, ਬਲਕਾਰ ਸਿੰਘ ਵਲਟੋਹਾ, ਮਨਜੀਤ ਸਿੰਘ ਬਾਸਰਕੇ, ਬਲਰਾਜ ਸਿੰਘ ਭੰਗੂ, ਬਲਜਿੰਦਰ ਸਿੰਘ ਵਡਾਲੀ ਨੇ ਕਿਹਾ ਕਿ ਸਰਕਾਰ ਬਣਾਉਣ ਵੇਲੇ ਆਮ ਆਦਮੀ ਪਾਰਟੀ ਨੇ ਮੁਲਾਜ਼ਮਾਂ ਨਾਲ ਬਹੁਤ ਸਾਰੇ ਵਾਅਦੇ ਕੀਤੇ ਸਨ ਕਿ ਸਰਕਾਰ ਬਣਦਿਆਂ ਪੂਰੇ ਕਰਾਂਗੇ ਪਰ ਹੁਣ ਸੱਤ ਮਹੀਨੇ ਬੀਤ ਜਾਣ ਤੇ ਵੀ ਮੁਲਾਜ਼ਮਾਂ ਨੂੰ ਟਰਕਾਇਆ ਜਾ ਰਿਹਾ ਹੈ। ਇਸੇ ਕਰਕੇ ਮੁਲਾਜ਼ਮਾਂ ਦੀ ਪ੍ਰਮੁੱਖ ਫੈਡਰੇਸ਼ਨ ਵਲੋਂ ਅੱਜ ਤੋਂ ਇੱਕੀ ਅਕਤੂਬਰ ਤੱਕ ਸਾਰੇ ਜਿਲਿਆਂ ਚ ਪੰਜਾਬ ਸਰਕਾਰ ਵਿਰੁੱਧ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ।

ਯਾਦ ਰਹੇ ਕਿ ਤਿੰਨ ਲੱਖ ਦੇ ਲੱਗਭੱਗ ਆਊਟਸੋਰਸ ਤੇ ਸਕੀਮ ਵਰਕਰਜ਼ ਮੁਲਾਜ਼ਮ ਕਿਰਤ ਕਾਨੂੰਨ ਤੋਂ ਵੀ ਕਿਤੇ ਘੱਟ ਮਿਹਨਤਾਨਾ ਲੈ ਰਹੇ ਹਨ ਪਰ ਸਰਕਾਰ ਕੁੰਭਕਰਨ ਦੀ ਨੀਂਦ ਸੁੱਤੀ ਹੈ। ਇਸ ਕਰਕੇ ਮੁਲਾਜ਼ਮ ਜ਼ਿਲ੍ਹਾ ਰੋਸ ਵਿਖਾਵਿਆਂ ਤੋਂ ਅੱਗੇ ਇੱਕੀ ਅਕਤੂਬਰ ਨੂੰ ਮੁਲਾਜ਼ਮ ਆਗੂ ਸ਼ਹੀਦ ਨਛੱਤਰ ਧਾਲੀਵਾਲ ਦੀ ਬਰਸੀ ਤੇ ਮੋਗਾ ਵਿਖੇ ਇੱਕਠ ਕਰਕੇ ਸਰਕਾਰ ਨੂੰ ਚਿਤਾਵਨੀ ਦੇਣਗੇ ਅਤੇ ਸਤਾਰਾਂ ਦਸੰਬਰ ਨੂੰ ਸੰਗਰੂਰ ਵਿਖੇ ਵਿਸ਼ਾਲ ਰੈਲੀ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਬਲਦੇਵ ਰਾਜ ,ਗੁਰਮੀਤ ਕੌਰ, ਕੁਲਵਿੰਦਰ ਕੌਰ, ਹਰਦੇਵ ਭਕਨਾ, ਸਾਹਿਬ ਸੋਨੂੰ, ਭਵਾਨੀ ਫੇਰ, ਗਗਨਦੀਪ ਸਿੰਘ ਖਾਲਸਾ, ਰਕੇਸ਼ ਕੁਮਾਰ, ਕੁਲਵਿੰਦਰ ਸਿੰਘ, ਅਮਰਜੀਤ ਸਿੰਘ, ਬਿਕਰਮਜੀਤ ਸਿੰਘ ਛੀਨਾ ਅਤੇ ਕੁਲਦੀਪ ਕੁਮਾਰ ਨੇ ਵੀ ਸੰਬੋਧਨ ਕੀਤਾ।

## ਜੀਐੱਨਡੀਯੂ ਦੇ ਭੌਤਿਕ ਵਿਗਿਆਨ ਵਿਭਾਗ ਦਾ ਫੁੱਟਬਾਲ ਚੈਂਪੀਅਨਸ਼ਿਪ 'ਤੇ ਕਬਜ਼ਾ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਨੇ ਆਪਣਾ ਲੋਹਾ ਮਨਵਾਉਂਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਲੜਕੀਆਂ ਤੇ ਲੜਕਿਆਂ ਦੀਆਂ ਅੰਤਰਵਿਭਾਗੀ ਫੁੱਟਬਾਲ ਦੋਵਾਂ ਚੈਂਪੀਅਨਸ਼ਿਪਸ 'ਤੇ ਕਬਜ਼ਾ ਜਮਾਇਆ ਹੈ। 12 ਅਕਤੂਬਰ ਤੋਂ ਸ਼ੁਰੂ ਹੋਈਆਂ ਇਨ੍ਹਾਂ ਚੈਂਪੀਅਨਸ਼ਿਪ ਵਿਚ ਵੱਖ-ਵੱਖ ਵਿਭਾਗਾਂ ਦੇ ਫਸਵੇਂ ਮੁਕਾਬਲੇ ਹੋਏ ਜਿਨ੍ਹਾਂ ਵਿਚ 31 ਲੜਕਿਆਂ ਅਤੇ 15 ਲੜਕੀਆਂ ਦੀਆਂ ਟੀਮਾਂ ਸ਼ਾਮਿਲ ਸਨ। ਲੜਕੀਆਂ ਦੇ ਵਰਗ ਵਿਚ ਯੂਨੀਵਰਸਿਟੀ ਸਕੂਲ ਆਫ ਫਾਈਨੈਂਸ਼ੀਅਲ ਸਟੱਡੀਜ਼ ਨੇ ਦੂਜਾ ਅਤੇ ਕਾਨੂੰਨ ਵਿਭਾਗ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਜਦੋਂਕਿ ਲੜਕਿਆਂ ਦੇ ਵਰਗ ਵਿਚ ਇਲੈਕਟ੍ਰੌਨਿਕਸ ਵਿਭਾਗ ਨੇ ਦੂਜਾ ਅਤੇ ਕੰਪਿਊਟਰ ਇੰਜੀਨਿਅਰਿੰਗ ਅਤੇ ਟੈਕਨਾਲੋਜੀ ਵਿਭਾਗ ਨੇ ਤੀਜਾ ਸਥਾਨ ਹਾਸਲ ਕੀਤਾ।

ਜੇਤੂ ਟੀਮਾਂ ਨੂੰ ਟਰਾਫ਼ੀਆਂ ਤਕਸੀਮ ਕਰਦਿਆਂ ਡਾ. ਕੰਵਰ ਮਨਦੀਪ ਸਿੰਘ, ਇੰਚਾਰਜ ਸਰੀਰਕ ਸਿੱਖਿਆ ਵਿਭਾਗ (ਏ.ਟੀ.) ਤੇ ਦਫਤਰ ਡਾਇਰੈਕਟਰ ਖੇਡਾਂ ਨੇ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਨੂੰ ਨਿਖਾਰਦੀਆਂ ਹਨ ਇਸ ਲਈ ਪੜ੍ਹਾਈ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਉਸਾਰੀ ਗਤੀਵਿਧੀਆਂ ਖਾਸ ਕਰਕੇ ਖੇਡਾਂ ਵਿਚ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅੰਤਰ ਵਿਭਾਗੀ ਮੁਕਾਬਲਿਆਂ ਵਿਚ ਖਿਡਾਰੀਆਂ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਭਵਿੱਖ ਵਿਚ ਇਹ ਜਾਰੀ ਰਹਿਣਾ ਚਾਹੀਦਾ ਹੈ। ਡਾ. ਅਮਨਦੀਪ ਸਿੰਘ, ਟੀਚਰ ਇੰਚਾਰਜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਸਪੋਰਟਸ ਐਂਡ ਨੋਡਲ ਅਫਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਫਿਟ ਇੰਡੀਆ ਪ੍ਰੋਗਰਾਮ ਆਫ ਇੰਡੀਆ ਨੇ ਕਿਹਾ ਕਿ ਇਹ ਮੁਕਾਬਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਸਪੋਰਟਸ ਵੱਲੋਂ ਫਿਟ ਇੰਡੀਆ ਪ੍ਰੋਗਰਾਮ (ਭਾਰਤ ਸਰਕਾਰ) ਦੇ ਤਹਿਤ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਅਤੇ ਯੂਨੀਵਰਸਿਟੀ ਦੇ ਡੀਨ ਵਿਦਿਆਰਥੀ ਭਲਾਈ ਪ੍ਰੋ. ਅਨੀਸ਼ ਦੁਆ ਦੀ ਯੋਗ ਅਗਵਾਈ ਹੇਠ ਕਰਵਾਏ ਗਏ ਹਨ।

